ਪ੍ਰਕਾਸ਼ਨ ਨੰ: 150

ਸੁਖਮਨੀ ਸਾਹਿਬ ਸਟੀਕ

ਪ੍ਰਕਾਸ਼ਕ:
ਸਿੱਖ ਮਿਸ਼ਨਰੀ ਕਾਲਜ (ਰਜਿ.)
ਲੁਧਿਆਣਾ।

30 ਰੁਪਏ

ਪ੍ਰਕਾਸ਼ਨ ਨੰ:
150

ਸੁਖਮਨੀ ਸਾਹਿਬ
ਸਟੀਕ

ਪ੍ਰਕਾਸ਼ਕ
ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ।

ਸੁਖਮਨੀ ਸਾਹਿਬ ਸਟੀਕ

Sukhmani Sahib Steek

@ ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

ਪ੍ਰਕਾਸ਼ਕ : ਸਿੱਖ ਮਿਸ਼ਨਰੀ ਕਾਲਜ (ਰਜਿ:), ਲੁਧਿਆਣਾ।
ਛਾਪਕ : ਬਰਾਈਟ ਪ੍ਰਿੰਟਰਜ਼, ਜਲੰਧਰ।
ਟਾਈਪਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ। ਫੋਨ : 94637-64811

ਮਿਲਣ ਦੇ ਪਤੇ :

ਸਿੱਖ ਮਿਸ਼ਨਰੀ ਕਾਲਜ (ਰਜਿ:)

1051/14, ਫੀਲਡ ਗੰਜ, ਲੁਧਿਆਣਾ-141 074 ਫੋਨ : 0161-5021815
Website : www.sikhmissionarycollege.org
E-mail : query@smcludhiana.com

ਸਬ-ਆਫਿਸ :
C-135, ਮਾਨਸਰੋਵਰ ਗਾਰਡਨ, ਨਵੀਂ ਦਿੱਲੀ-110015 ਫੋਨ : 011-65330502

ਅਤੇ ਸਿੱਖ ਮਿਸ਼ਨਰੀ ਕਾਲਜ ਦੇ ਸਭ ਸਰਕਲਾਂ ਪਾਸੋਂ

ਸੁਖਮਨੀ ਦਾ ਕੇਂਦਰੀ ਭਾਵ

ਸੁਖਮਨੀ ਸਾਹਿਬ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ। ਇਸ ਬਾਣੀ ਦੀਆਂ 24 ਅਸ਼ਟਪਦੀਆਂ ਹਨ। ਪਹਿਲੀ ਅਸ਼ਟਪਦੀ ਦੀ ਪਹਿਲੀ ਪਉੜੀ ਤੋਂ ਪਿਛੋਂ ਆਈਆਂ 'ਰਹਾਉ' ਦੀਆਂ ਤੁਕਾਂ ਹਨ। ਇਨ੍ਹਾਂ ਤੋਂ ਪਤਾ ਲਗਦਾ ਹੈ ਕਿ ਇਸ ਸਾਰੀ ਬਾਣੀ ਦਾ ਮੁਖ ਭਾਵ 'ਰਹਾਉ' ਦੀਆਂ ਤੁਕਾਂ ਵਿਚ ਹੈ ਅਤੇ ਸਾਰੀਆਂ 24 ਅਸ਼ਟਪਦੀਆਂ ਇਸ 'ਮੁਖ ਭਾਵ' ਦੀ ਵਿਆਖਿਆ ਹਨ। ਸੋ 'ਸੁਖਮਨੀ' ਦਾ 'ਮੁਖ ਭਾਵ' ਹੇਠ ਲਿਖੀਆਂ ਤੁਕਾਂ ਹਨ :

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥
ਭਗਤ ਜਨਾ ਕੈ ਮਨਿ ਬਿਸ੍ਰਾਮ ॥

ਪ੍ਰਭੂ ਦਾ ਅਮਰ ਕਰਨ ਵਾਲਾ ਤੇ ਸੁਖਦਾਈ ਨਾਮ ਸਭ ਸੁਖਾਂ ਦੀ ਮਣੀ ਹੈ, ਇਸ ਦਾ ਟਿਕਾਣਾ ਭਗਤਾਂ ਦੇ ਹਿਰਦੇ ਵਿਚ ਹੈ।

ਸਾਰੀ ਸੁਖਮਨੀ ਇਸੇ ਖਿਆਲ ਦੀ ਵਿਆਖਿਆ ਹੈ।

(1) ਅਕਾਲ-ਪੁਰਖ ਦੇ ਨਾਮ ਦਾ ਸਿਮਰਨ ਹੋਰ ਸਾਰੇ ਧਾਰਮਿਕ ਕੰਮਾਂ ਨਾਲੋਂ ਸ੍ਰੇਸ਼ਟ ਹੈ। (ਅਸ਼ਟਪਦੀ ਨੰ: ੧, ੨, ੩)

(2) ਮਾਇਆ ਵਿਚ ਫਸੇ ਜੀਵ ਉੱਤੇ ਰੱਬ ਵਲੋਂ ਹੀ ਮਿਹਰ ਹੋਵੇ ਤਾਂ ਹੀ ਇਸ ਨੂੰ ਨਾਮ ਦੀ ਦਾਤਿ ਮਿਲਦੀ ਹੈ, ਕਿਉਂਕਿ ਮਾਇਆ ਦੇ ਕਈ ਕੌਤਕ ਇਸ ਨੂੰ ਮੋਂਹਦੇ ਰਹਿੰਦੇ ਹਨ। (ਅ: ੪, ੫, ੬)

(3) ਜਦੋਂ ਪ੍ਰਭੂ ਦੀ ਮਿਹਰ ਹੁੰਦੀ ਹੈ ਤਾਂ ਮਨੁੱਖ ਗੁਰਮੁਖਾਂ ਦੀ ਸੰਗਤ ਵਿਚ ਰਹਿ ਕੇ 'ਨਾਮ' ਦੀ ਬਰਕਤਿ ਹਾਸਲ ਕਰਦਾ ਹੈ। ਉਹ ਗੁਰਮੁਖ ਉੱਚੀ ਕਰਣੀ ਵਾਲੇ ਹੁੰਦੇ ਹਨ, ਉਹਨਾਂ ਨੂੰ ਸਾਧੂ ਕਹੋ, ਚਾਹੇ ਬ੍ਰਹਮਗਿਆਨੀ, ਚਾਹੇ ਕੋਈ ਹੋਰ ਨਾਮ ਰੱਖ ਲਵੋ, ਪਰ ਉਹਨਾਂ ਦੀ ਆਤਮਾ ਸਦਾ ਪਰਮਾਤਮਾ ਦੇ ਨਾਲ ਇਕ ਰੂਪ ਹੈ। (ਅ: ੭, ੮, ੯)

(4) ਉਸ ਅਕਾਲ ਪੁਰਖ ਦੀ ਉਸਤਤਿ ਜਗਤ ਦੇ ਸਾਰੇ ਹੀ ਜੀਵ ਕਰ ਰਹੇ ਹਨ, ਉਹ ਹਰ ਥਾਂ ਵਿਆਪਕ ਹੈ, ਹਰੇਕ ਜੀਵ ਨੂੰ ਉਸ ਪਾਸੋਂ ਸੱਤਿਆ (ਤਾਕਤ) ਮਿਲਦੀ ਹੈ। (ਅ: ੧੦, ੧੧)

(5) ਪ੍ਰਭੂ ਦੀ ਸਿਫਤਿ-ਸਲਾਹ ਕਰਨ ਵਾਲੇ ਵਡਭਾਗੀ ਨੇ ਆਪਣੇ ਜੀਵਨ ਵਿਚ ਹੋਰ ਵੀ ਖਿਆਲ ਰੱਖਣਾ ਹੈ ਕਿ (ੳ) ਸੁਭਾਉ ਗਰੀਬੀ ਵਾਲਾ ਰਹੇ, (ਅ: ੧੨), (ਅ) ਨਿੰਦਿਆ ਕਰਨ ਤੋਂ ਬਚਿਆ ਰਹੇ, (ਅ: ੧੩), (ੲ) ਇਕ ਅਕਾਲ-ਪੁਰਖ ਤੇ ਟੇਕ ਰਖੇ, ਹਰੇਕ ਜੀਵ ਦੀਆਂ ਲੋੜਾਂ ਜਾਣਨ ਤੇ ਪੂਰਨ ਕਰਨ ਵਾਲਾ ਇਕ ਪ੍ਰਭੂ ਹੀ ਹੈ। (ਅ: ੧੪, ੧੫)

(6) ਉਹ ਅਕਾਲ ਪੁਰਖ ਕੈਸਾ ਹੈ? ਸਭ ਵਿਚ ਵੱਸਦਾ ਹੋਇਆ ਵੀ ਮਾਇਆ ਤੋਂ ਨਿਰਲੇਪ ਹੈ, (ਅ: ੧੬)। ਸਦਾ ਕਾਇਮ ਰਹਿਣ ਵਾਲਾ ਹੈ (ਅ: ੧੭)। ਸਤਿਗੁਰੂ ਦੀ ਸ਼ਰਣ ਪਿਆਂ ਉਸ ਪ੍ਰਭੂ ਦਾ ਪ੍ਰਕਾਸ਼ ਹਿਰਦੇ ਵਿਚ ਹੁੰਦਾ ਹੈ। (ਅ: ੧੮)

(7) ਪ੍ਰਭੂ ਦਾ ਨਾਮ ਹੀ ਇਕ ਐਸਾ ਧਨ ਹੈ ਜੋ ਸਦਾ ਮਨੁੱਖ ਦੇ ਨਾਲ ਨਿਭਦਾ ਹੈ, (ਅ: ੧੯), ਪ੍ਰਭੂ ਦੇ ਦਰ ਉੱਤੇ ਅਰਜੋਈ ਕੀਤਿਆਂ ਇਸ ਧਨ ਦੀ ਪ੍ਰਾਪਤੀ ਹੁੰਦੀ (ਅ: ੨੦)।

(8) ਨਿਰਗੁਣ-ਰੂਪ ਪ੍ਰਭੂ ਨੇ ਆਪ ਹੀ ਜਗਤ-ਰੂਪ ਆਪਣਾ ਸਰਗੁਣ ਸਰੂਪ ਬਣਾਇਆ ਹੈ ਤੇ ਹਰ ਥਾਂ ਉਹ ਆਪ ਹੀ ਵਿਆਪਕ ਹੈ, ਹੋਰ ਕੋਈ ਨਹੀਂ, (ਅ: ੨੧, ੨੨)। ਜਦੋਂ ਮਨੁੱਖ ਨੂੰ ਸਤਿਗੁਰੂ ਦਾ ਗਿਆਨ- ਰੂਪ ਸੁਰਮਾ ਮਿਲਦਾ ਹੈ, ਤਦੋਂ ਹੀ ਇਸ ਦੀਆਂ ਮਨ ਰੂਪੀ ਅੱਖਾਂ ਵਿਚ ਇਹ ਚਾਨਣ ਹੁੰਦਾ ਹੈ ਕਿ ਪ੍ਰਭੂ ਹਰ ਥਾਂ ਹੈ (ਅ: ੨੩)।

(9) ਪ੍ਰਭੂ ਸਾਰੇ ਗੁਣਾਂ ਦਾ ਖਜ਼ਾਨਾ ਹੈ, ਉਸ ਦਾ ਨਾਮ ਸਿਮਰਿਆਂ ਬੇਅੰਤ ਗੁਣ ਹਾਸਲ ਹੋ ਜਾਂਦੇ ਹਨ, ਇਸੇ ਵਾਸਤੇ 'ਨਾਮ' ਸੁਖਾਂ ਦੀ ਮਣੀ (ਸੁਖਮਨੀ) ਹੈ।

ਗਉੜੀ ਸੁਖਮਨੀ ਮ: ੫

॥ ਸਲੋਕੁ ॥ ੧ਓ ਸਤਿਗੁਰ ਪ੍ਰਸਾਦਿ ॥

ਆਦਿ ਗੁਰਏ ਨਮਹ ॥ ਜੁਗਾਦਿ ਗੁਰਏ ਨਮਹ ॥

ਸਤਿਗੁਰਏ ਨਮਹ ॥ ਸ੍ਰੀ ਗੁਰਦੇਵਏ ਨਮਹ ॥ ੧ ॥

ਪਦ ਅਰਥ : **ਗੁਰਏ**—ਸਭ ਤੋਂ ਵੱਡੇ ਨੂੰ। **ਨਮਹ**—ਨਮਸਕਾਰ। **ਜੁਗਾਦਿ**—ਜੋ ਜੁਗਾਂ ਦੇ ਮੁੱਢ ਤੋਂ ਹੈ। **ਸਤਿਗੁਰਏ**—ਸਤਿਗੁਰੂ ਨੂੰ। **ਸ੍ਰੀ ਗੁਰਦੇਵਏ**—ਸ੍ਰੀ ਗੁਰੂ ਜੀ ਨੂੰ।

ਅਰਥ : ਮੇਰੀ ਉਸ ਸਭ ਤੋਂ ਵੱਡੇ ਅਕਾਲ ਪੁਰਖ ਨੂੰ ਨਮਸਕਾਰ ਹੈ ਜੋ ਸਭ ਦਾ ਮੁੱਢ ਹੈ ਅਤੇ ਜੁਗਾਂ ਦੇ ਮੁੱਢ ਤੋਂ ਹੈ। ਸਤਿਗੁਰੂ ਨੂੰ ਮੇਰੀ ਨਮਸਕਾਰ ਹੈ, ਸ੍ਰੀ ਗੁਰੂ ਜੀ ਨੂੰ ਮੇਰੀ ਨਮਸਕਾਰ ਹੈ॥ ੧॥

ਅਸਟਪਦੀ ॥

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥ ਕਲਿ ਕਲੇਸ ਤਨ ਮਾਹਿ ਮਿਟਾਵਉ ॥
ਸਿਮਰਉ ਜਾਸੁ ਬਿਸੁੰਭਰ ਏਕੈ ॥ ਨਾਮੁ ਜਪਤ ਅਗਨਤ ਅਨੇਕੈ ॥
ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯਰ ॥ ਕੀਨੇ ਰਾਮ ਨਾਮ ਇਕ ਆਖ੍ਯਰ ॥
ਕਿਨਕਾ ਏਕ ਜਿਸੁ ਜੀਅ ਬਸਾਵੈ ॥ ਤਾ ਕੀ ਮਹਿਮਾ ਗਨੀ ਨ ਆਵੈ ॥
ਕਾਂਖੀ ਏਕੈ ਦਰਸ ਤੁਹਾਰੋ ॥ ਨਾਨਕ ਉਨ ਸੰਗਿ ਮੋਹਿ ਉਧਾਰੋ ॥ ੧ ॥

ਪਦ ਅਰਥ : **ਅਸਟਪਦੀ**—ਅੱਠ ਪਦਾਂ (ਬੰਦਾਂ) ਵਾਲੀ। **ਸਿਮਰਉ**—ਮੈਂ ਸਿਮਰਾਂ। **ਕਲਿ**—ਝਗੜੇ। **ਮਾਹਿ**—ਵਿਚ। **ਮਿਟਾਵਉ**—ਮਿਟਾ ਲਵਾਂ। **ਜਾਸ**—ਜਿਸ। **ਬਿਸੁੰਭਰ**—ਜਗਤ ਪਾਲਕ। **ਸੁਧਾਖ੍ਯਰ**—ਸ਼ੁੱਧ ਅੱਖਰ। **ਇਕ ਆਖ੍ਯਰ**—ਇਕ ਨਾਸ਼-ਰਹਿਤ (ਅਕਾਲ ਪੁਰਖ)। **ਕਾਂਖੀ**—ਚਾਹਵਾਨ। **ਉਧਾਰੋ**—ਬਚਾ ਲਵੋ।

ਅਰਥ : ਮੈਂ ਅਕਾਲ ਪੁਰਖ ਦਾ ਨਾਮ ਸਿਮਰਾਂ ਅਤੇ ਸਿਮਰ-ਸਿਮਰ ਕੇ ਸੁਖ ਪ੍ਰਾਪਤ ਕਰਾਂ। ਇਸ ਤਰ੍ਹਾਂ ਸਰੀਰ ਦੇ ਕਲੇਸ਼ ਅਤੇ ਦੁੱਖ ਮਿਟਾ ਲਵਾਂ।

ਜਿਸ ਜਗਤ ਪਾਲਕ ਪ੍ਰਭੂ ਦਾ ਨਾਮ ਅਨੇਕਾਂ ਅਤੇ ਅਣਗਿਣਤ ਜੀਵ ਜਪਦੇ ਹਨ, ਮੈਂ ਵੀ ਉਸ ਨੂੰ ਸਿਮਰਾਂ।

ਵੇਦਾਂ, ਪੁਰਾਣਾਂ ਤੇ ਸਿਮ੍ਰਿਤੀਆਂ (ਹਿੰਦੂਆਂ ਦੀਆਂ ਧਾਰਮਕ ਪੁਸਤਕਾਂ) ਨੇ ਇਕ ਅਕਾਲ ਪੁਰਖ ਦੇ ਨਾਮ ਨੂੰ ਹੀ ਸਭ ਤੋਂ ਪਵਿੱਤਰ ਨਾਮ ਮੰਨਿਆ ਹੈ।

ਜਿਸ ਮਨੁੱਖ ਦੇ ਮਨ ਵਿਚ, ਅਕਾਲ ਪੁਰਖ ਆਪਣਾ ਨਾਮ ਥੋਹੜਾ ਜਿੰਨਾ ਵੀ ਵਸਾਉਂਦਾ ਹੈ, ਉਸ ਦੀ ਵਡਿਆਈ ਬਿਆਨ ਨਹੀਂ ਕੀਤੀ ਜਾ ਸਕਦੀ।

ਹੇ ਪ੍ਰਭੂ! ਜੋ ਮਨੁੱਖ ਤੇਰੇ ਦਰਸ਼ਨ ਦੇ ਚਾਹਵਾਨ ਹਨ, ਉਨ੍ਹਾਂ ਦੀ ਸੰਗਤ ਵਿਚ ਰੱਖ ਕੇ ਮੈਨੂੰ ਨਾਨਕ ਨੂੰ ਸੰਸਾਰ ਸਾਗਰ ਵਿਚ ਡੁੱਬਣੋਂ ਬਚਾ ਲਵੋ॥ ੧॥

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥
ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥

ਪਦ-ਅਰਥ : ਸੁਖਮਨੀ—ਸੁਖਾਂ ਦੀ ਮਣੀ, ਸਭ ਤੋਂ ਉੱਤਮ ਸੁਖ। ਬਿਸ੍ਰਾਮ—ਟਿਕਾਣਾ।

ਅਰਥ : ਪ੍ਰਭੂ ਦਾ ਅਮਰ ਕਰਨ ਵਾਲਾ ਅਤੇ ਸੁਖ ਦੇਣ ਵਾਲਾ ਨਾਮ ਸੁਖਾਂ ਦੀ ਮਣੀ ਹੈ। ਇਸ ਦਾ ਟਿਕਾਣਾ ਭਗਤਾਂ ਦੇ ਹਿਰਦੇ ਵਿਚ ਹੈ।

ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥ ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥
ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥ ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥
ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥ ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥
ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥ ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥
ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥ ਸਰਬ ਨਿਧਾਨ ਨਾਨਕ ਹਰਿ ਰੰਗਿ ॥ ੨ ॥

ਪਦ ਅਰਥ : ਪ੍ਰਭ ਕੈ ਸਿਮਰਨਿ—ਪ੍ਰਭੂ ਦਾ ਸਿਮਰਨ ਕਰਨ ਨਾਲ। ਗਰਭਿ—ਗਰਭ ਅਥਵਾ ਮਾਂ ਦੇ ਪੇਟ ਵਿਚ (ਜੂਨ ਵਿਚ)। ਪਰਹਰੈ—ਪਰੇ ਹਟ (ਟਲ) ਜਾਂਦਾ ਹੈ। ਸਿਮਰਤ—ਸਿਮਰਦਿਆਂ। ਬਿਘਨੁ—ਰੁਕਾਵਟ। ਅਨਦਿਨੁ—ਹਰ ਰੋਜ਼। ਜਾਗੈ—ਸੁਚੇਤ ਰਹਿੰਦਾ ਹੈ। ਸੰਤਾਪੈ—ਤੰਗ ਕਰਨਾ। ਬਿਆਪੈ—ਜ਼ੋਰ ਪਾਉਣਾ। ਨਿਧਾਨ—ਖਜ਼ਾਨੇ। ਰੰਗਿ—ਪਿਆਰ ਵਿਚ।

ਅਰਥ : ਪ੍ਰਭੂ ਦਾ ਸਿਮਰਨ ਕਰਨ ਨਾਲ ਜੀਵ ਜਨਮ ਵਿਚ ਨਹੀਂ ਆਉਂਦਾ, ਜੀਵ ਦਾ ਦੁੱਖ ਤੇ ਜਮ ਦਾ ਡਰ ਦੂਰ ਹੋ ਜਾਂਦਾ ਹੈ।

ਪ੍ਰਭੂ ਦਾ ਸਿਮਰਨ ਕਰਨ ਨਾਲ ਮੌਤ ਦਾ ਡਰ ਪਰੇ ਹਟ ਜਾਂਦਾ ਹੈ ਅਤੇ ਵਿਕਾਰ ਰੂਪੀ ਦੁਸ਼ਮਣ ਟਲ ਜਾਂਦਾ ਹੈ।

ਪ੍ਰਭੂ ਨੂੰ ਸਿਮਰਿਆਂ ਜੀਵਨ ਦੇ ਰਸਤੇ ਵਿਚ ਕੋਈ ਰੁਕਾਵਟ ਨਹੀਂ ਪੈਂਦੀ ਕਿਉਂਕਿ ਸਿਮਰਨ ਕਰਨ ਨਾਲ ਮਨੁੱਖ ਹਰ ਵੇਲੇ ਵਿਕਾਰਾਂ ਵਲੋਂ ਸੁਚੇਤ ਰਹਿੰਦਾ ਹੈ।

ਪ੍ਰਭੂ ਦਾ ਸਿਮਰਨ ਕਰਨ ਨਾਲ ਕੋਈ ਡਰ ਜੀਵ ਉੱਤੇ ਦਬਾ ਨਹੀਂ ਪਾ ਸਕਦਾ ਅਤੇ ਕੋਈ ਦੁੱਖ ਤੰਗ ਨਹੀਂ ਕਰ ਸਕਦਾ।

ਪ੍ਰਭੂ ਦਾ ਸਿਮਰਨ ਗੁਰਮੁਖ ਦੀ ਸੰਗਤ ਵਿਚ ਮਿਲਦਾ ਹੈ। ਹੇ ਨਾਨਕ! ਜੋ ਮਨੁੱਖ ਸਿਮਰਨ ਕਰਦਾ ਹੈ ਉਸ ਨੂੰ ਪ੍ਰਭੂ ਦੇ ਪਿਆਰ ਵਿਚ ਹੀ ਦੁਨੀਆਂ ਦੇ ਸਾਰੇ ਖਜ਼ਾਨੇ ਪ੍ਰਤੀਤ ਹੁੰਦੇ ਹਨ॥ ੨॥

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥ ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥
ਪ੍ਰਭ ਕੈ ਸਿਮਰਨਿ ਜਪ ਤਪ ਪੂਜਾ ॥ ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥
ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥ ਪ੍ਰਭ ਕੈ ਸਿਮਰਨਿ ਦਰਗਹ ਮਾਨੀ ॥
ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ॥ ਪ੍ਰਭ ਕੈ ਸਿਮਰਨਿ ਸੁਫਲ ਫਲਾ ॥

ਸੇ ਸਿਮਰਹਿ ਜਿਨ ਆਪਿ ਸਿਮਰਾਏ॥ ਨਾਨਕ ਤਾ ਕੈ ਲਾਗਉ ਪਾਏ॥ ੩॥

ਪਦ ਅਰਥ : **ਰਿਧਿ ਸਿਧਿ**—ਮਾਨਸਿਕ ਤਾਕਤਾਂ। **ਨਉ ਨਿਧਿ**—ਨੌਂ ਖ਼ਜ਼ਾਨੇ, ਭਾਵ ਜਗਤ ਦਾ ਸਾਰਾ ਧਨ ਪਦਾਰਥ। **ਬੁਧਿ**—ਅਕਲ। **ਬਿਨਸੈ**—ਨਾਸ ਹੋ ਜਾਂਦਾ ਹੈ। **ਮਾਨੀ**—ਮਾਨ ਅਥਵਾ ਇੱਜ਼ਤ ਵਾਲਾ। **ਸੁਫਲ ਫਲਾ**—ਚੰਗੇ ਫਲ ਨਾਲ ਫਲਿਆ ਹੋਇਆ।

ਅਰਥ : ਪ੍ਰਭੂ ਦੇ ਸਿਮਰਨ ਵਿਚ ਹੀ ਸਾਰੀਆਂ ਰਿੱਧੀਆਂ ਸਿੱਧੀਆਂ ਅਤੇ ਨੌਂ ਖਜ਼ਾਨੇ ਹਨ। ਪ੍ਰਭੂ ਸਿਮਰਨ ਵਿਚ ਹੀ ਗਿਆਨ, ਸੁਰਤ ਦਾ ਟਿਕਾਉ ਅਤੇ ਉੱਚੀ ਸਮਝ ਵਾਲੀ ਬੁੱਧੀ ਹੈ।

ਪ੍ਰਭੂ ਦੇ ਸਿਮਰਨ ਵਿਚ ਹੀ ਸਾਰੇ ਜਪ ਤਪ ਤੇ ਦੇਵ ਪੂਜਾ ਹਨ ਕਿਉਂ ਜੋ ਸਿਮਰਨ ਕਰਨ ਨਾਲ ਪ੍ਰਭੂ ਤੋਂ ਬਿਨਾਂ ਉਸ ਵਰਗੀ ਕਿਸੇ ਹੋਰ ਹਸਤੀ ਦੀ ਹੋਂਦ ਦਾ ਖਿਆਲ ਹੀ ਦੂਰ ਹੋ ਜਾਂਦਾ ਹੈ।

ਸਿਮਰਨ ਕਰਨ ਨਾਲ ਆਤਮ-ਤੀਰਥ ਦਾ ਇਸ਼ਨਾਨ ਕਰਨ ਵਾਲਾ ਬਣ ਜਾਂਦਾ ਹੈ ਅਤੇ ਦਰਗਾਹ ਵਿਚ ਇੱਜ਼ਤ ਮਿਲਦੀ ਹੈ। ਜਗਤ ਵਿਚ ਜੋ ਹੋ ਰਿਹਾ ਹੈ, ਭਲਾ ਪ੍ਰਤੀਤ ਹੁੰਦਾ ਹੈ ਅਤੇ ਮਨੁੱਖਾ ਜਨਮ ਦਾ ਉੱਚਾ ਮਨੋਰਥ ਸਿੱਧ ਹੋ ਜਾਂਦਾ ਹੈ।

ਉਹੀ ਨਾਮ ਸਿਮਰਦੇ ਹਨ ਜਿਨ੍ਹਾਂ ਨੂੰ ਪ੍ਰਭੂ ਆਪ ਪ੍ਰੇਰਦਾ ਹੈ। ਹੇ ਨਾਨਕ! ਮੈਂ ਉਨ੍ਹਾਂ ਸਿਮਰਨ ਕਰਨ ਵਾਲਿਆਂ ਦੇ ਚਰਨੀ ਲੱਗਾਂ॥ ੩॥

ਪ੍ਰਭ ਕਾ ਸਿਮਰਨੁ ਸਭ ਤੇ ਊਚਾ॥ ਪ੍ਰਭ ਕੈ ਸਿਮਰਨਿ ਉਧਰੇ ਮੂਚਾ॥
ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ॥ ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ॥
ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ॥ ਪ੍ਰਭ ਕੈ ਸਿਮਰਨਿ ਪੂਰਨ ਆਸਾ॥
ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥ ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥
ਪ੍ਰਭ ਜੀ ਬਸਹਿ ਸਾਧ ਕੀ ਰਸਨਾ॥ ਨਾਨਕ ਜਨ ਕਾ ਦਾਸਨਿ ਦਸਨਾ॥ ੪॥

ਪਦ ਅਰਥ : **ਉਧਰੇ**—ਵਿਕਾਰਾਂ ਤੋਂ ਬਚ ਜਾਂਦੇ ਹਨ। **ਮੂਚਾ**—ਬਹੁਤ ਸਾਰੇ। **ਤ੍ਰਿਸਨਾ**—ਪਿਆਸ। **ਤ੍ਰਾਸਾ**—ਡਰ। **ਰਿਦ ਮਾਹਿ**—ਹਿਰਦੇ ਵਿਚ। **ਰਸਨਾ**—ਜੀਭ। **ਸਾਧ**—ਗੁਰਮੁਖ। **ਦਾਸਨਿ ਦਸਨਾ**—ਦਾਸਾਂ ਦਾ ਦਾਸ।

ਅਰਥ : ਪ੍ਰਭੂ ਦਾ ਸਿਮਰਨ ਕਰਨਾ ਹੋਰ ਸਾਰੇ ਕੰਮਾਂ ਨਾਲੋਂ ਚੰਗਾ ਹੈ। ਸਿਮਰਨ ਕਰਨ ਨਾਲ ਬਹੁਤ ਸਾਰੇ ਜੀਵ ਵਿਕਾਰਾਂ ਤੋਂ ਬਚ ਜਾਂਦੇ ਹਨ।

ਪ੍ਰਭੂ ਦਾ ਸਿਮਰਨ ਕਰਨ ਨਾਲ ਮਾਇਆ ਦੀ ਪਿਆਸ ਮਿਟ ਜਾਂਦੀ ਹੈ ਕਿਉਂ ਜੋ ਮਾਇਆ ਦੇ ਹਰੇਕ ਛਲ ਦੀ ਸਮਝ ਪੈ ਜਾਂਦੀ ਹੈ।

ਪ੍ਰਭੂ ਦਾ ਸਿਮਰਨ ਕਰਨ ਨਾਲ ਜਮਾਂ ਦਾ ਡਰ ਖ਼ਤਮ ਹੋ ਜਾਂਦਾ ਹੈ ਅਤੇ ਜੀਵ ਦੀ ਆਸ ਪੂਰਨ ਹੋ ਜਾਂਦੀ ਹੈ।

ਬਸਹਿ—ਵਸਦੇ ਹਨ। ਨੇਰੇ—ਨੇੜੇ। ਅਨਦਿਨੁ—ਹਰ ਰੋਜ਼।

ਅਰਥ : ਜੋ ਮਨੁੱਖ ਪ੍ਰਭੂ ਨੂੰ ਸਿਮਰਦੇ ਹਨ ਉਹ ਪਰਉਪਕਾਰੀ ਬਣ ਜਾਂਦੇ ਹਨ। ਮੈਂ ਉਨ੍ਹਾਂ ਤੋਂ ਸਦਾ ਕੁਰਬਾਨ ਜਾਂਦਾ ਹਾਂ।

ਜੋ ਮਨੁੱਖ ਪ੍ਰਭੂ ਨੂੰ ਸਿਮਰਦੇ ਹਨ ਉਨ੍ਹਾਂ ਦੇ ਮੁਖ (ਮੂੰਹ) ਸੋਹਣੇ ਲਗਦੇ ਹਨ। ਉਨ੍ਹਾਂ ਦੀ ਜ਼ਿੰਦਗੀ ਅਨੰਦ ਵਿਚ ਗੁਜ਼ਰਦੀ ਹੈ।

ਜੋ ਮਨੁੱਖ ਪ੍ਰਭੂ ਨੂੰ ਸਿਮਰਦੇ ਹਨ ਉਹ ਆਪਣੇ ਆਪ ਨੂੰ ਜਿੱਤ ਲੈਂਦੇ ਹਨ ਅਤੇ ਉਨ੍ਹਾਂ ਦਾ ਜ਼ਿੰਦਗੀ ਬਿਤਾਉਣ ਦਾ ਢੰਗ ਪਵਿੱਤਰ ਹੋ ਜਾਂਦਾ ਹੈ।

ਜੋ ਮਨੁੱਖ ਪ੍ਰਭੂ ਨੂੰ ਸਿਮਰਦੇ ਹਨ ਉਨ੍ਹਾਂ ਨੂੰ ਅਨੰਦ ਹੀ ਅਨੰਦ (ਖੁਸ਼ੀਆਂ) ਹੈ ਕਿਉਂਕਿ ਉਹ ਪ੍ਰਭੂ ਦੀ ਹਜ਼ੂਰੀ ਵਿਚ ਰਹਿੰਦੇ ਹਨ।

ਗੁਰੂ ਦੀ ਕਿਰਪਾ ਨਾਲ ਹੀ ਹਰ ਵੇਲੇ ਸਿਮਰਨ ਦੀ ਜਾਗ ਆ ਸਕਦੀ ਹੈ। ਹੇ ਨਾਨਕ! ਸਿਮਰਨ ਦੀ ਦਾਤ ਵੱਡੇ ਭਾਗਾਂ ਨਾਲ ਮਿਲਦੀ ਹੈ॥ ੬॥

ਪ੍ਰਭ ਕੈ ਸਿਮਰਨਿ ਕਾਰਜ ਪੂਰੇ॥ ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ॥
ਪ੍ਰਭ ਕੈ ਸਿਮਰਨਿ ਹਰਿ ਗੁਨ ਬਾਨੀ॥ ਪ੍ਰਭ ਕੈ ਸਿਮਰਨਿ ਸਹਜਿ ਸਮਾਨੀ॥
ਪ੍ਰਭ ਕੈ ਸਿਮਰਨਿ ਨਿਹਚਲ ਆਸਨੁ॥ ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ॥
ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ॥ ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ॥
ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ॥ ਨਾਨਕ ਤਿਨ ਜਨ ਸਰਨੀ ਪਇਆ॥ ੭॥

ਪਦ ਅਰਥ : ਝੂਰੇ—ਝੂਰਦਾ (ਚਿੰਤਾ ਕਰਦਾ)। ਸਹਜਿ—ਸਹਿਜ ਵਿਚ, ਅਡੋਲ ਅਵੱਸਥਾ ਵਿਚ। ਨਿਹਚਲ—ਟਿਕਵਾਂ। ਬਿਗਾਸਨੁ—ਖਿੜਾਉ। ਅਨਹਦ—ਇਕ ਰਸ, ਲਗਾਤਾਰ। ਝੁਨਕਾਰ—ਰਸੀਲੀ ਮਿੱਠੀ ਆਵਾਜ਼। ਮਇਆ—ਦਇਆ।

ਅਰਥ : ਪ੍ਰਭੂ ਦਾ ਸਿਮਰਨ ਕਰਨ ਨਾਲ ਮਨੁੱਖ ਦੇ ਸਾਰੇ ਕੰਮ ਪੂਰੇ ਹੋ ਜਾਂਦੇ ਹਨ ਅਤੇ ਕਦੇ ਝੂਰਦਾ ਨਹੀਂ।

ਪ੍ਰਭੂ ਦਾ ਸਿਮਰਨ ਕਰਨ ਨਾਲ ਮਨੁੱਖ ਰੱਬ ਦੇ ਗੁਣ ਗਾਉਂਦਾ ਹੈ ਅਤੇ ਸਹਿਜ ਅਵਸਥਾ ਵਿਚ ਟਿਕਿਆ ਰਹਿੰਦਾ ਹੈ।

ਪ੍ਰਭੂ ਦਾ ਸਿਮਰਨ ਕਰਨ ਨਾਲ ਮਨੁੱਖ ਦਾ ਮਨ ਰੂਪੀ ਆਸਣ ਡੋਲਦਾ ਨਹੀਂ ਅਤੇ ਉਸਦੇ ਹਿਰਦੇ ਦਾ ਕਉਲ ਫੁੱਲ ਖਿੜਿਆ ਰਹਿੰਦਾ ਹੈ।

ਪ੍ਰਭੂ ਦਾ ਸਿਮਰਨ ਕਰਨ ਨਾਲ ਮਨੁੱਖ ਦੇ ਅੰਦਰ ਲਗਾਤਾਰ-ਸੰਗੀਤ ਦਾ ਭਾਵ ਉਪਜਦਾ ਹੈ; ਭਾਵ, ਸਿਮਰਨ ਕਰਨ ਨਾਲ ਅਨੰਦ (ਸੁਖ) ਉਪਜਦਾ ਹੈ ਜੋ ਕਦੇ ਖ਼ਤਮ ਨਹੀਂ ਹੁੰਦਾ।

ਜਿਨ੍ਹਾਂ ਉੱਤੇ ਪ੍ਰਭੂ ਦੀ ਕਿਰਪਾ ਹੁੰਦੀ ਹੈ ਉਹ ਮਨੁੱਖ ਪ੍ਰਭੂ ਨੂੰ ਸਿਮਰਦੇ ਹਨ। ਹੇ ਨਾਨਕ! ਕੋਈ ਵੱਡੇ ਭਾਗਾਂ ਵਾਲਾ ਹੀ ਐਸੇ ਗੁਰਮੁਖਾਂ ਦੀ ਸੰਗਤ ਵਿਚ ਆਉਂਦਾ

ਪ੍ਰਭੂ ਸਿਮਰਨ ਕਾਰਨ ਮਨ ਤੋਂ ਵਿਕਾਰਾਂ ਦੀ ਮੈਲ ਦੂਰ ਹੋ ਜਾਂਦੀ ਹੈ ਅਤੇ ਮਨੁੱਖ ਦੇ ਹਿਰਦੇ ਵਿਚ ਅਮਰ ਕਰਨ ਵਾਲਾ ਪ੍ਰਭੂ ਦਾ ਨਾਮ ਟਿਕ ਜਾਂਦਾ ਹੈ।

ਪ੍ਰਭੂ ਜੀ ਗੁਰਮੁਖਾਂ ਦੀ ਜੀਭ 'ਤੇ ਵਸਦੇ ਹਨ। ਹੇ ਨਾਨਕ! ਮੈਂ ਗੁਰਮੁਖਾਂ ਦੇ ਸੇਵਕਾਂ ਦਾ ਸੇਵਕ ਬਣ ਜਾਵਾਂ॥ ੪॥

ਪ੍ਰਭ ਕਉ ਸਿਮਰਹਿ ਸੇ ਧਨਵੰਤੇ॥ ਪ੍ਰਭ ਕਉ ਸਿਮਰਹਿ ਸੇ ਪਤਿਵੰਤੇ॥
ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ॥ ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ॥
ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ॥ ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ॥
ਪ੍ਰਭ ਕਉ ਸਿਮਰਹਿ ਸੇ ਸੁਖਵਾਸੀ॥ ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ॥
ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ॥ ਨਾਨਕ ਜਨ ਕੀ ਮੰਗੈ ਰਵਾਲਾ॥ ੫॥

ਪਦ ਅਰਥ : **ਸਿਮਰਹਿ**—ਜੋ ਸਿਮਰਦੇ ਹਨ। **ਧਨਵੰਤੇ**—ਧਨ ਵਾਲੇ। **ਪਤਵੰਤੇ**—ਇੱਜ਼ਤ ਵਾਲੇ। **ਪਰਵਾਨ**—ਕਬੂਲ। **ਅਬਿਨਾਸੀ**—ਨਾਸ ਰਹਿਤ। **ਜਨ**—ਸੇਵਕ। **ਰਵਾਲਾ**—ਚਰਨਾਂ ਦੀ ਧੂੜ।

ਅਰਥ : ਜੋ ਮਨੁੱਖ ਪ੍ਰਭੂ ਨੂੰ ਸਿਮਰਦੇ ਹਨ ਉਹ ਧਨਾਢ ਹਨ ਅਤੇ ਉਹ ਇੱਜ਼ਤ ਵਾਲੇ ਹਨ।

ਜੋ ਮਨੁੱਖ ਪ੍ਰਭੂ ਨੂੰ ਸਿਮਰਦੇ ਹਨ ਉਹ ਪ੍ਰਭੂ ਦਰ 'ਤੇ ਕਬੂਲ ਪੈਂਦੇ ਹਨ। ਅਤੇ ਉਹ ਸਾਰੇ ਮਨੁੱਖਾਂ ਤੋਂ ਚੰਗੇ ਹਨ।

ਜੋ ਮਨੁੱਖ ਪ੍ਰਭੂ ਨੂੰ ਸਿਮਰਦੇ ਹਨ ਉਹ ਕਿਸੇ ਦੇ ਮੁਥਾਜ ਨਹੀਂ ਹਨ, ਉਹ ਤਾਂ ਸਗੋਂ ਸਾਰਿਆਂ ਦੇ ਰਾਜੇ ਹਨ।

ਜੋ ਪ੍ਰਭੂ ਨੂੰ ਸਿਮਰਦੇ ਹਨ ਉਹ ਸੁਖੀ ਵਸਦੇ ਹਨ ਅਤੇ ਸਦਾ ਲਈ ਜਨਮ ਮਰਨ ਤੋਂ ਰਹਿਤ ਹੋ ਜਾਂਦੇ ਹਨ।

ਪਰ ਪ੍ਰਭੂ ਸਿਮਰਨ ਵਿਚ ਉਹੀ ਮਨੁੱਖ ਲਗਦੇ ਹਨ ਜਿਨ੍ਹਾਂ ਉੱਤੇ ਪ੍ਰਭੂ ਆਪ ਦਇਆਲ ਹੁੰਦਾ ਹੈ। ਹੇ ਨਾਨਕ! ਕੋਈ ਵਡ-ਭਾਗੀ ਹੀ ਇਨ੍ਹਾਂ ਗੁਰਮੁਖਾਂ (ਸੇਵਕਾਂ) ਦੀ ਚਰਨ ਧੂੜ ਮੰਗਦਾ ਹੈ॥ ੫॥

ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ॥ ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ॥
ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ॥ ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ॥
ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ॥ ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ॥
ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ॥ ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ॥
ਸੰਤ ਕ੍ਰਿਪਾ ਤੇ ਅਨਦਿਨੁ ਜਾਗਿ॥ ਨਾਨਕ ਸਿਮਰਨੁ ਪੂਰੈ ਭਾਗਿ॥ ੬॥

ਪਦ ਅਰਥ : **ਪਰਉਪਕਾਰੀ**—ਦੂਜਿਆਂ ਦਾ ਭਲਾ ਕਰਨ ਵਾਲਾ। **ਬਲਿਹਾਰੀ**—ਕੁਰਬਾਨ। **ਸੁਹਾਵੇ**—ਸੋਹਣੇ। **ਆਤਮੁ**—ਆਪਣੇ ਆਪ ਨੂੰ। **ਘਨੇਰੇ**—ਬਹੁਤ।

ਹੈ॥ ੭॥

ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ॥ ਹਰਿ ਸਿਮਰਨਿ ਲਗਿ ਬੇਦ ਉਪਾਏ॥
ਹਰਿ ਸਿਮਰਨਿ ਭਏ ਸਿਧ ਜਤੀ ਦਾਤੇ॥ ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ॥
ਹਰਿ ਸਿਮਰਨਿ ਧਾਰੀ ਸਭ ਧਰਨਾ॥ ਸਿਮਰਿ ਸਿਮਰਿ ਹਰਿ ਕਾਰਨ ਕਰਨਾ॥
ਹਰਿ ਸਿਮਰਨਿ ਕੀਓ ਸਗਲ ਅਕਾਰਾ॥ ਹਰਿ ਸਿਮਰਨ ਮਹਿ ਆਪਿ ਨਿਰੰਕਾਰਾ॥
ਕਰਿ ਕਿਰਪਾ ਜਿਸੁ ਆਪਿ ਬੁਝਾਇਆ॥
ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ॥ ੮॥ ੧॥

ਪਦ ਅਰਥ : ਪ੍ਰਗਟਾਏ—ਮਸ਼ਹੂਰ ਹੋਏ। ਸਿਧ—ਉਹ ਮਨੁੱਖ ਜੋ ਸਾਧਨਾ ਵਿਚ ਪ੍ਰਬੀਨ ਹੈ, ਉਹ ਯੋਗੀ ਜਿਸ ਨੇ ਸਫ਼ਲਤਾ ਪ੍ਰਾਪਤ ਕਰ ਲਈ ਹੈ। ਜਤੀ—ਆਪਣੇ ਸਰੀਰਕ ਇੰਦ੍ਰਿਆਂ ਨੂੰ ਵੱਸ ਵਿਚ ਰੱਖਣ ਵਾਲਾ। ਚਹੁ ਕੁੰਟ—ਚਹੁੰ ਪਾਸੀਂ, ਸਾਰੇ ਜਗਤ ਵਿਚ। ਜਾਤੇ—ਮਸ਼ਹੂਰ। ਧਾਰੀ—ਟਿਕਾਈ। ਧਰਨਾ—ਧਰਤੀ। ਕਾਰਨ ਕਰਨਾ—ਜਗਤ ਦਾ ਕਾਰਨ, ਜਗਤ ਦਾ ਮੂਲ, ਪ੍ਰਭੂ। ਅਕਾਰਾ—ਦਿਸਦਾ ਸੰਸਾਰ। ਗੁਰਮੁਖਿ—ਗੁਰੂ ਦੀ ਰਾਹੀਂ।

ਅਰਥ : ਪ੍ਰਭੂ ਦਾ ਸਿਮਰਨ ਕਰ ਕੇ ਭਗਤ ਸੰਸਾਰ ਵਿਚ ਮਸ਼ਹੂਰ ਹੁੰਦੇ ਹਨ। ਸਿਮਰਨ ਵਿਚ ਹੀ ਜੁੜ ਕੇ ਰਿਸ਼ੀਆਂ ਨੇ ਵੇਦ ਰਚੇ।

ਪ੍ਰਭੂ ਸਿਮਰਨ ਦੁਆਰਾ ਹੀ ਮਨੁੱਖ ਸਿੱਧ, ਜਤੀ ਅਤੇ ਦਾਤੇ ਬਣ ਗਏ। ਸਿਮਰਨ ਕਰਨ ਨਾਲ ਹੀ ਨੀਚ ਮਨੁੱਖ ਸਾਰੇ ਜਗਤ ਵਿਚ ਮਸ਼ਹੂਰ ਹੋ ਗਏ।

ਪ੍ਰਭੂ ਦੇ ਸਿਮਰਨ ਨੇ ਸਾਰੀ ਧਰਤੀ ਨੂੰ ਆਸਰਾ ਦਿੱਤਾ ਹੋਇਆ ਹੈ। ਤਾਂ ਤੇ ਹੇ ਭਾਈ! ਸੰਸਾਰ ਦੇ ਕਰਤਾ ਪ੍ਰਭੂ ਨੂੰ ਹਮੇਸ਼ਾ ਸਿਮਰ।

ਪ੍ਰਭੂ ਨੇ ਸਿਮਰਨ ਵਾਸਤੇ ਸਾਰਾ ਸੰਸਾਰ ਬਣਾਇਆ ਹੈ। ਜਿੱਥੇ ਸਿਮਰਨ ਹੈ ਉੱਥੇ ਨਿਰੰਕਾਰ ਆਪ ਵੱਸਦਾ ਹੈ।

ਪਰਮਾਤਮਾ ਜਿਸ ਮਨੁੱਖ 'ਤੇ ਮਿਹਰ ਕਰਕੇ ਸਿਮਰਨ ਕਰਨ ਦੀ ਸੋਝੀ ਦਿੰਦਾ ਹੈ, ਹੇ ਨਾਨਕ! ਉਸ ਮਨੁੱਖ ਨੇ ਗੁਰੂ ਰਾਹੀਂ ਸਿਮਰਨ ਦੀ ਦਾਤ ਪ੍ਰਾਪਤ ਕਰ ਲਈ ਹੈ॥ ੮॥ ੧॥

ਸ਼ਬਦ ਉਚਾਰਨ : ਸਿਮਰਉਂ, ਪਾਵਉਂ, ਮਾਹਿੰ, ਮਿਟਾਵਉਂ, ਸਿਮਰਹਿੰ, ਲਾਗਉਂ, ਪਾਇੰ, ਨਾਹੀਂ, ਮਹਿੰ ਬਸਹਿੰ, ਚਹੁੰ, ਮਹਿੰ ਬਿੰਦੀ ਸਹਿਤ ਉਚਾਰਨੇ ਹਨ।

॥ ਸਲੋਕੁ॥

ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ॥
ਸਰਣਿ ਤੁਮ੍ਾਰੀ ਆਇਓ ਨਾਨਕ ਕੇ ਪ੍ਰਭ ਸਾਥ॥ ੧॥

ਪਦ ਅਰਥ : ਦੀਨ—ਗਰੀਬ। ਭੰਜਨਾ—ਭੰਨਣ ਵਾਲਾ, ਨਾਸ ਕਰਨ ਵਾਲਾ। ਘਟਿ—ਸਰੀਰ ਵਿਚ। ਨਾਥ—ਮਾਲਕ। ਅਨਾਥ—ਨਿਖਸਮੇ, ਯਤੀਮ।

ਅਰਥ : ਗਰੀਬਾਂ ਦੇ ਦਰਦ ਤੇ ਦੁੱਖ ਨਾਸ ਕਰਨ ਵਾਲੇ ਹੇ ਪ੍ਰਭੂ! ਹੇ ਹਰੇਕ ਸਰੀਰ ਵਿਚ ਵਿਆਪਕ ਹਰੀ! ਹੇ ਅਨਾਥਾਂ ਦੇ ਨਾਥ! ਗੁਰੂ ਨਾਨਕ ਦਾ ਪੱਲਾ ਫੜ ਕੇ ਮੈਂ ਤੇਰੀ ਸ਼ਰਨ ਆਇਆ ਹਾਂ॥ ੧॥

ਅਸਟਪਦੀ॥

ਜਹ ਮਾਤ ਪਿਤਾ ਸੁਤ ਮੀਤ ਨ ਭਾਈ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥
ਜਹ ਮਹਾ ਭਇਆਨ ਦੂਤ ਜਮ ਦਲੈ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥
ਜਹ ਮੁਸਕਲ ਹੋਵੈ ਅਤਿ ਭਾਰੀ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥
ਅਨਿਕ ਪੁਨਹਚਰਨ ਕਰਤ ਨਹੀ ਤਰੈ॥ ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥
ਗੁਰਮੁਖਿ ਨਾਮੁ ਜਪਹੁ ਮਨ ਮੇਰੇ॥ ਨਾਨਕ ਪਾਵਹੁ ਸੂਖ ਘਨੇਰੇ॥ ੧॥

ਪਦ ਅਰਥ : ਜਹ—ਜਿਥੇ। ਸੁਤ—ਪੁੱਤਰ। ਊਹਾ—ਉੱਥੇ। ਭਇਆਨ—ਭਿਆਨਕ। **ਦੂਤ ਜਮ ਦਲੈ**—ਜਮਦੂਤਾਂ ਦਾ ਦਲ। ਤਹ—ਉੱਥੇ। ਕੇਵਲ—ਸਿਰਫ। ਖਿਨ ਮਾਹਿ—ਅੱਖ ਦੇ ਫੋਰ ਵਿਚ। ਉਧਾਰੀ—ਬਚਾਉਂਦਾ ਹੈ। ਪੁਨਹਚਰਨ—ਮੁੜ ਮੁੜ ਕੋਈ ਧਾਰਮਿਕ ਰਸਮਾਂ ਕਰਨੀਆਂ। ਕੋਟਿ—ਕਰੋੜ। ਪਰਹਰੈ—ਦੂਰ ਕਰ ਦਿੰਦਾ ਹੈ। ਗੁਰਮੁਖਿ—ਗੁਰੂ ਦੇ ਸਨਮੁਖ ਹੋ ਕੇ।

ਅਰਥ : ਜਿੱਥੇ ਮਾਂ, ਪਿਓ, ਪੁੱਤਰ, ਮਿੱਤਰ, ਭਰਾ ਕੋਈ ਸਾਥੀ ਨਹੀਂ ਬਣਦਾ, ਹੇ ਮਨ! ਉਥੇ ਪ੍ਰਭੂ ਦਾ ਨਾਮ ਤੇਰੇ ਨਾਲ ਸਹਾਇਤਾ ਕਰਨ ਵਾਲਾ ਹੈ।

ਜਿੱਥੇ ਮਹਾਂ ਭਿਆਨਕ (ਡਰਾਉਣੇ) ਜਮਦੂਤਾਂ ਦਾ ਦਲ ਹੈ, ਉੱਥੇ ਤੇਰੇ ਨਾਲ ਸਿਰਫ ਪ੍ਰਭੂ ਦਾ ਨਾਮ ਹੀ ਜਾਂਦਾ ਹੈ।

ਜਿੱਥੇ ਵੱਡੀ ਭਾਰੀ ਮੁਸ਼ਕਲ ਹੁੰਦੀ ਹੈ ਉੱਥੇ ਪ੍ਰਭੂ ਦਾ ਨਾਮ ਅੱਖ ਦੇ ਫੋਰ ਵਿਚ ਬਚਾ ਲੈਂਦਾ ਹੈ।

ਅਨੇਕਾਂ ਧਾਰਮਿਕ ਰਸਮਾਂ ਕਰਕੇ ਵੀ ਮਨੁੱਖ ਪਾਪਾਂ ਤੋਂ ਨਹੀਂ ਬਚਦਾ, ਪਰ ਪ੍ਰਭੂ ਦਾ ਨਾਮ ਕਰੋੜਾਂ ਪਾਪਾਂ ਦਾ ਨਾਸ ਕਰ ਦਿੰਦਾ ਹੈ।

ਤਾਂ ਤੇ ਹੇ ਮੇਰੇ ਮਨ! ਗੁਰੂ ਦੀ ਸ਼ਰਨ ਪੈ ਕੇ ਪ੍ਰਭੂ ਦਾ ਨਾਮ ਜਪ, ਹੇ ਨਾਨਕ! ਇਸ ਤਰ੍ਹਾਂ ਬੜੇ ਸੁਖ ਪਾਵੇਂਗਾ॥ ੧॥

ਸਗਲ ਸ੍ਰਿਸਟਿ ਕੋ ਰਾਜਾ ਦੁਖੀਆ॥ ਹਰਿ ਕਾ ਨਾਮੁ ਜਪਤ ਹੋਇ ਸੁਖੀਆ॥
ਲਾਖ ਕਰੋਰੀ ਬੰਧੁ ਨ ਪਰੈ॥ ਹਰਿ ਕਾ ਨਾਮੁ ਜਪਤ ਨਿਸਤਰੈ॥
ਅਨਿਕ ਮਾਇਆ ਰੰਗ ਤਿਖ ਨ ਬੁਝਾਵੈ॥ ਹਰਿ ਕਾ ਨਾਮੁ ਜਪਤ ਆਘਾਵੈ॥
ਜਿਹ ਮਾਰਗਿ ਇਹੁ ਜਾਤ ਇਕੇਲਾ॥ ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ॥
ਐਸਾ ਨਾਮੁ ਮਨ ਸਦਾ ਧਿਆਈਐ॥ ਨਾਨਕ ਗੁਰਮੁਖਿ ਪਰਮ ਗਤਿ ਪਾਈਐ॥ ੨॥

ਪਦ ਅਰਥ : ਸਗਲ—ਸਾਰੀ। ਸ੍ਰਿਸਟਿ—ਦੁਨੀਆਂ। ਬੰਧੁ—ਰੋਕ। ਨਿਸਤਰੈ—ਪਾਰ

ਲੰਘ ਜਾਂਦਾ ਹੈ। ਤ੍ਰਿਖ—ਤ੍ਰੇਹ, ਪਿਆਸ। ਆਘਾਵੈ—ਰੱਜ ਜਾਂਦਾ ਹੈ। ਸੁਹੇਲਾ—ਸੁਖ ਦੇਣ ਵਾਲਾ। ਗਤਿ—ਦਰਜਾ।

ਅਰਥ : ਮਨੁੱਖ ਸਾਰੀ ਦੁਨੀਆਂ ਦਾ ਰਾਜਾ ਹੋ ਕੇ ਵੀ ਦੁਖੀ ਰਹਿੰਦਾ ਹੈ ਪਰ ਪ੍ਰਭੂ ਦਾ ਨਾਮ ਜਪਿਆਂ ਸੁਖੀ ਹੋ ਜਾਂਦਾ ਹੈ।

ਲੱਖਾਂ ਕਰੋੜਾਂ ਰੁਪਏ ਕਮਾ ਕੇ ਵੀ ਮਾਇਆ ਦੇ ਪ੍ਰਭਾਵ ਨੂੰ ਰੋਕਿਆ ਨਹੀਂ ਜਾ ਸਕਦਾ। ਇਸ ਮਾਇਆ ਦੀ ਲਹਿਰ ਤੋਂ ਪ੍ਰਭੂ ਦਾ ਨਾਮ ਜਪ ਕੇ ਮਨੁੱਖ ਪਾਰ ਲੰਘ ਜਾਂਦਾ ਹੈ।

ਮਾਇਆ ਦੀਆਂ ਬੇਅੰਤ ਮੌਜਾਂ ਹੁੰਦਿਆਂ ਹੋਇਆਂ ਵੀ ਮਾਇਆ ਦੀ ਤ੍ਰੇਹ ਨਹੀਂ ਬੁਝਦੀ ਪਰ ਪ੍ਰਭੂ ਦਾ ਨਾਮ ਜਪਣ ਨਾਲ ਮਨੁੱਖ ਦੀ ਮਾਇਆ ਵਲੋਂ ਤ੍ਰਿਪਤੀ ਹੋ ਜਾਂਦੀ ਹੈ।

ਜਿਸ ਰਾਹ 'ਤੇ ਇਹ ਜੀਵ ਇਕੱਲਾ ਜਾਂਦਾ ਹੈ ਉਥੇ ਪ੍ਰਭੂ ਦਾ ਨਾਮ ਇਸ ਦੇ ਨਾਲ ਸੁਖ ਦੇਣ ਵਾਲਾ ਹੁੰਦਾ ਹੈ।

ਹੇ ਮਨ! ਅਜਿਹਾ (ਸੁਖ ਦੇਣ ਵਾਲਾ) ਨਾਮ ਹਮੇਸ਼ਾ ਸਿਮਰਦਾ ਰਹੁ। ਹੇ ਨਾਨਕ! ਗੁਰੂ ਦੀ ਰਾਹੀਂ (ਨਾਮ ਜਪਦਿਆਂ) ਉੱਚੀ ਆਤਮਕ ਅਵਸਥਾ ਪ੍ਰਾਪਤ ਹੁੰਦੀ ਹੈ॥ ੨॥

ਛੂਟਤ ਨਹੀ ਕੋਟਿ ਲਖ ਬਾਹੀ॥ ਨਾਮੁ ਜਪਤ ਤਹ ਪਾਰਿ ਪਰਾਹੀ॥
ਅਨਿਕ ਬਿਘਨ ਜਹ ਆਇ ਸੰਘਾਰੈ॥ ਹਰਿ ਕਾ ਨਾਮੁ ਤਤਕਾਲ ਉਧਾਰੈ॥
ਅਨਿਕ ਜੋਨਿ ਜਨਮੈ ਮਰਿ ਜਾਮ॥ ਨਾਮੁ ਜਪਤ ਪਾਵੈ ਬਿਸ੍ਰਾਮ॥
ਹਉ ਮੈਲਾ ਮਲੁ ਕਬਹੁ ਨ ਧੋਵੈ॥ ਹਰਿ ਕਾ ਨਾਮੁ ਕੋਟਿ ਪਾਪ ਖੋਵੈ॥
ਐਸਾ ਨਾਮੁ ਜਪਹੁ ਮਨ ਰੰਗਿ॥ ਨਾਨਕ ਪਾਈਐ ਸਾਧ ਕੈ ਸੰਗਿ॥ ੩॥

ਪਦ ਅਰਥ : ਬਾਹੀ—ਬਾਹਵਾਂ ਨਾਲ, ਭਰਾਵਾਂ ਦੇ ਹੁੰਦਿਆਂ। ਪਾਰਿ ਪਰਾਹੀ—ਪਾਰ ਲੰਘ ਜਾਂਦੇ ਹਨ। ਸੰਘਾਰੈ—ਨਾਸ ਕਰਦੇ ਹਨ। ਤਤਕਾਲ—ਤੁਰੰਤ। ਬਿਸ੍ਰਾਮ—ਟਿਕਾਉ।

ਅਰਥ : ਲੱਖਾਂ ਕਰੋੜਾਂ ਭਰਾਵਾਂ ਦੇ ਹੁੰਦਿਆਂ ਮਨੁੱਖ ਜਿਸ ਅੜਚਨ ਵਿਚੋਂ ਪਾਰ ਨਹੀਂ ਲੰਘ ਸਕਦੇ, ਉਥੇ ਪ੍ਰਭੂ ਦਾ ਨਾਮ ਜਪਿਆਂ ਪਾਰ ਲੰਘ ਜਾਂਦੇ ਹਨ। ਜਿਥੇ ਅਨੇਕਾਂ ਔਕੜਾਂ ਆ ਘੇਰਦੀਆਂ ਹਨ, ਉਥੇ ਪ੍ਰਭੂ ਦਾ ਨਾਮ ਤੁਰੰਤ ਬਚਾ ਲੈਂਦਾ ਹੈ।

ਜੀਵ ਅਨੇਕਾਂ ਜੂਨਾਂ ਵਿਚ ਜੰਮਦਾ ਤੇ ਮਰਦਾ ਹੈ ਅਤੇ ਜਨਮ ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਨਾਮ ਜਪਣ ਨਾਲ ਪ੍ਰਭੂ ਚਰਨਾਂ ਵਿਚ ਟਿਕ ਜਾਂਦਾ ਹੈ।

ਹਉਮੈਂ ਕਾਰਨ ਗੰਦਾ ਹੋਇਆ ਜੀਵ ਕਦੇ ਵੀ ਇਹ ਮੈਲ ਧੋਂਦਾ ਨਹੀਂ, ਪਰ ਪ੍ਰਭੂ ਦਾ ਨਾਮ ਕਰੋੜਾਂ ਪਾਪ ਨਾਸ ਕਰ ਦਿੰਦਾ ਹੈ।

ਹੇ ਮਨ! ਪਿਆਰ ਨਾਲ ਅਜੇਹਾ ਨਾਮ ਜਪ। ਹੇ ਨਾਨਕ! ਪ੍ਰਭੂ ਦਾ ਨਾਮ ਗੁਰਮੁਖਾਂ

ਦੀ ਸੰਗਤ ਵਿਚ ਮਿਲਦਾ ਹੈ॥ ੩॥

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥ ਹਰਿ ਕਾ ਨਾਮੁ ਊਹਾ ਸੰਗਿ ਤੋਸਾ॥
ਜਿਹ ਪੈਡੈ ਮਹਾ ਅੰਧ ਗੁਬਾਰਾ॥ ਹਰਿ ਕਾ ਨਾਮੁ ਸੰਗਿ ਉਜੀਆਰਾ॥
ਜਹਾ ਪੰਥਿ ਤੇਰਾ ਕੋ ਨ ਸਿਞਾਨੂ॥ ਹਰਿ ਕਾ ਨਾਮੁ ਤਹ ਨਾਲਿ ਪਛਾਨੂ॥
ਜਹ ਮਹਾ ਭਇਆਨ ਤਪਤਿ ਬਹੁ ਘਾਮ॥ ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥
ਜਹਾ ਤ੍ਰਿਖਾ ਮਨ ਤੁਝੁ ਆਕਰਖੈ॥ ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥ ੪॥

ਪਦ ਅਰਥ : ਤੋਸਾ—ਖਰਚ, ਪੂੰਜੀ। ਗੁਬਾਰਾ—ਹਨੇਰਾ। ਉਜੀਆਰਾ—ਚਾਨਣ। ਪੰਥਿ—ਰਾਹ ਵਿਚ। ਭਇਆਨ—ਭਿਆਨਕ। ਘਾਮ—ਗਰਮੀ। ਛਾਮ—ਛਾਂ। ਆਕਰਖੈ—ਖਿੱਚਦੀ ਹੈ। ਬਰਖੈ—ਵਰਸਦਾ ਹੈ।

ਅਰਥ : ਜਿਸ ਜੀਵਨ ਰੂਪ ਰਸਤੇ ਦੇ ਕੋਹ (ਮੀਲ/ਕਿਲੋਮੀਟਰ ਆਦਿ) ਗਿਣੇ ਨਹੀਂ ਜਾ ਸਕਦੇ ਉਸ ਲੰਮੇ ਸਫਰ ਵਿਚ ਪ੍ਰਭੂ ਦਾ ਨਾਮ ਜੀਵ ਦੇ ਨਾਲ ਰਾਹ ਦੀ ਰਾਸ-ਪੂੰਜੀ ਹੈ।

ਜਿਸ ਜੀਵਨ ਰੂਪ ਰਸਤੇ ਵਿਚ ਵਿਕਾਰਾਂ ਦਾ ਬੜਾ ਘੁੱਪ ਹਨੇਰਾ ਹੈ ਉੱਥੇ ਪ੍ਰਭੂ ਦਾ ਨਾਮ ਜੀਵ ਦੇ ਨਾਲ ਚਾਨਣ ਹੈ।

ਹੇ ਜੀਵ! ਜਿਸ ਰਸਤੇ ਵਿਚ ਤੈਨੂੰ ਕੋਈ ਵੀ ਜਾਣਨ ਵਾਲਾ ਨਹੀਂ ਉੱਥੇ ਪ੍ਰਭੂ ਦਾ ਨਾਮ ਤੇਰੇ ਨਾਲ ਸੱਚਾ ਸਾਥੀ ਹੈ।

ਜਿਥੇ ਜੀਵਨ ਦੇ ਸਫਰ ਵਿਚ ਵਿਕਾਰਾਂ ਦੀ ਬੜੀ ਭਿਆਨਕ ਤਪਸ਼ ਤੇ ਗਰਮੀ ਹੈ, ਉੱਥੇ ਹੇ ਜੀਵ! ਪ੍ਰਭੂ ਦਾ ਨਾਮ ਤੇਰੇ ਉੱਤੇ (ਠੰਢ ਦੇਣ ਵਾਲੀ) ਛਾਂ ਹੈ।

ਹੇ ਜੀਵ! ਜਿਥੇ ਮਾਇਆ ਦੀ ਤ੍ਰੇਹ ਤੈਨੂੰ ਸਦਾ ਖਿੱਚ ਪਾਉਂਦੀ ਹੈ, ਉੱਥੇ ਹੇ ਨਾਨਕ! ਪ੍ਰਭੂ ਦੇ ਨਾਮ ਦੀ ਵਰਖਾ ਹੁੰਦੀ ਹੈ ਜਿਹੜੀ ਤਪਸ਼ ਨੂੰ ਖ਼ਤਮ ਕਰ ਦਿੰਦੀ ਹੈ॥ ੪॥

ਭਗਤ ਜਨਾ ਕੀ ਬਰਤਨਿ ਨਾਮੁ॥ ਸੰਤ ਜਨਾ ਕੈ ਮਨਿ ਬਿਸ੍ਰਾਮੁ॥
ਹਰਿ ਕਾ ਨਾਮੁ ਦਾਸ ਕੀ ਓਟ॥ ਹਰਿ ਕੈ ਨਾਮਿ ਉਧਰੇ ਜਨ ਕੋਟਿ॥
ਹਰਿ ਜਸੁ ਕਰਤ ਸੰਤ ਦਿਨੁ ਰਾਤਿ॥ ਹਰਿ ਹਰਿ ਅਉਖਧੁ ਸਾਧ ਕਮਾਤਿ॥
ਹਰਿ ਜਨ ਕੈ ਹਰਿ ਨਾਮੁ ਨਿਧਾਨੁ॥ ਪਾਰਬ੍ਰਹਮਿ ਜਨ ਕੀਨੋ ਦਾਨ॥
ਮਨ ਤਨ ਰੰਗਿ ਰਤੇ ਰੰਗ ਏਕੈ॥ ਨਾਨਕ ਜਨ ਕੈ ਬਿਰਤਿ ਬਿਬੇਕੈ॥ ੫॥

ਪਦ ਅਰਥ : ਬਰਤਨਿ—ਵਰਤੋਂ। ਅਉਖਧੁ—ਦਵਾਈ। ਕਮਾਤਿ—ਕਮਾਉਂਦੇ ਹਨ। ਨਿਧਾਨੁ—ਖਜ਼ਾਨਾ। ਬਿਰਤਿ—ਸੁਭਾਉ, ਰੁਚੀ। ਬਿਬੇਕੈ—ਪਰਖ, ਵਿਚਾਰ।

ਅਰਥ : ਪ੍ਰਭੂ ਦਾ ਨਾਮ ਭਗਤਾਂ ਦੇ ਵਰਤਣ ਦੀ ਵਸਤੂ ਹੈ। ਭਗਤਾਂ ਦੇ ਹੀ ਮਨ ਵਿਚ ਇਹ ਟਿਕਿਆ ਰਹਿੰਦਾ ਹੈ।

ਪ੍ਰਭੂ ਦਾ ਨਾਮ ਭਗਤਾਂ ਦਾ ਆਸਰਾ ਹੈ। ਪ੍ਰਭੂ ਦੇ ਨਾਮ ਦੁਆਰਾ ਕਰੋੜਾਂ ਮਨੁੱਖ

ਵਿਕਾਰਾਂ ਤੋਂ ਬਚ ਜਾਂਦੇ ਹਨ।

ਭਗਤ ਜਨ ਦਿਨ ਰਾਤ ਪ੍ਰਭੂ ਦੀ ਸਿਫਤ ਸਲਾਹ ਕਰਦੇ ਹਨ ਅਤੇ ਪ੍ਰਭੂ-ਨਾਮ ਰੂਪੀ ਦਵਾਈ ਇਕੱਠੀ ਕਰਦੇ ਹਨ।

ਭਗਤਾਂ ਦੇ ਕੋਲ ਪ੍ਰਭੂ ਦਾ ਨਾਮ ਹੀ ਖਜ਼ਾਨਾ ਹੈ। ਪਰਮਾਤਮਾ ਨੇ ਨਾਮ ਦੀ ਬਖਸ਼ਸ਼ ਆਪਣੇ ਸੇਵਕਾਂ 'ਤੇ ਆਪ ਕੀਤੀ ਹੈ।

ਭਗਤ ਜਨ ਮਨੋਂ ਤਨੋਂ ਇਕ ਪਰਮਾਤਮਾ ਦੇ ਪਿਆਰ ਵਿਚ ਰੰਗੇ ਰਹਿੰਦੇ ਹਨ। ਹੇ ਨਾਨਕ! ਭਗਤਾਂ ਦੇ ਅੰਦਰ ਚੰਗੇ ਮੰਦੇ ਦੀ ਪਰਖ ਕਰਨ ਵਾਲਾ ਸੁਭਾਉ ਬਣ ਜਾਂਦਾ ਹੈ॥ ੫॥

ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ॥ ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ॥
ਹਰਿ ਕਾ ਨਾਮੁ ਜਨ ਕਾ ਰੂਪ ਰੰਗੁ॥ ਹਰਿ ਨਾਮੁ ਜਪਤ ਕਬ ਪਰੈ ਨ ਭੰਗੁ॥
ਹਰਿ ਕਾ ਨਾਮੁ ਜਨ ਕੀ ਵਡਿਆਈ॥ ਹਰਿ ਕੈ ਨਾਮਿ ਜਨ ਸੋਭਾ ਪਾਈ॥
ਹਰਿ ਕਾ ਨਾਮੁ ਜਨ ਕਉ ਭੋਗ ਜੋਗ॥ ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ॥
ਜਨੁ ਰਾਤਾ ਹਰਿ ਨਾਮ ਕੀ ਸੇਵਾ॥ ਨਾਨਕ ਪੂਜੈ ਹਰਿ ਹਰਿ ਦੇਵਾ॥ ੬॥

ਪਦ ਅਰਥ : ਮੁਕਤਿ—ਛੁਟਕਾਰਾ। ਜੁਗਤਿ—ਤਰੀਕਾ। ਤ੍ਰਿਪਤਿ—ਰਜੇਵਾਂ, ਤਸੱਲੀ। ਭੁਗਤਿ—ਮਾਇਕ ਭੋਗ। ਭੰਗੁ—ਵਿਘਨ। ਬਿਓਗੁ—ਵਿਛੋੜਾ। ਰਾਤਾ—ਰੱਤਿਆ ਹੋਇਆ, ਭਿੱਜਿਆ ਹੋਇਆ। ਦੇਵਾ—ਦੇਵ, ਚਾਨਣ ਰੂਪ ਪ੍ਰਭੂ।

ਅਰਥ : ਪ੍ਰਭੂ ਦੇ ਪਿਆਰਿਆਂ ਵਾਸਤੇ ਪ੍ਰਭੂ ਦਾ ਨਾਮ ਹੀ ਮਾਇਆ ਦੇ ਬੰਧਨਾਂ ਤੋਂ ਛੁਟਕਾਰੇ ਦਾ ਵਸੀਲਾ ਹੈ ਕਿਉਂਕਿ ਪ੍ਰਭੂ ਦੇ ਨਾਮ ਦੇ ਰਾਹੀਂ ਭਗਤ ਜਨ ਮਾਇਆ ਦੇ ਭੋਗਾਂ ਵਲੋਂ ਰੱਜ ਜਾਂਦਾ ਹੈ।

ਪ੍ਰਭੂ ਦਾ ਨਾਮ ਭਗਤ-ਜਨ ਦਾ ਸੁਹਜ-ਸੁਹੱਪਣ ਹੈ। ਪ੍ਰਭੂ ਦਾ ਨਾਮ ਜਪਦਿਆਂ ਭਗਤ-ਜਨ ਦੇ ਰਾਹ ਵਿਚ ਕਦੇ ਕੋਈ ਅੜਚਨ ਨਹੀਂ ਪੈਂਦੀ।

ਪ੍ਰਭੂ ਦਾ ਨਾਮ ਹੀ ਭਗਤ-ਜਨ ਦੀ ਇੱਜ਼ਤ-ਆਬਰੂ ਹੈ ਕਿਉਂਕਿ ਪ੍ਰਭੂ ਦੇ ਨਾਮ ਰਾਹੀਂ ਹੀ ਭਗਤਾਂ ਨੇ ਸੰਸਾਰ ਵਿਚ ਨਾਮਣਾ (ਜੱਸ) ਖੱਟਿਆ ਹੈ।

ਤਿਆਗੀ ਦਾ ਜੋਗ ਸਾਧਨ ਅਤੇ ਗ੍ਰਿਹਸਥੀ ਦਾ ਮਾਇਆ ਦਾ ਭੋਗ, ਭਗਤ-ਜਨ ਵਾਸਤੇ ਪ੍ਰਭੂ ਦਾ ਨਾਮ ਹੀ ਹੈ। ਪ੍ਰਭੂ ਦਾ ਨਾਮ ਜਪਦਿਆਂ ਉਸ ਨੂੰ ਕੋਈ ਦੁੱਖ ਕਲੇਸ਼ ਨਹੀਂ ਪੋਂਹਦਾ।

ਭਗਤ-ਜਨ ਸਦਾ ਪ੍ਰਭੂ ਦੇ ਨਾਮ ਦੀ ਸੇਵਾ ਅਥਵਾ ਸਿਮਰਨ ਵਿਚ ਮਸਤ ਰਹਿੰਦਾ ਹੈ। ਹੇ ਨਾਨਕ! ਭਗਤ-ਜਨ ਹਮੇਸ਼ਾ ਪ੍ਰਭੂ ਦੇਵ ਨੂੰ ਪੂਜਦਾ ਹੈ॥ ੬॥

ਹਰਿ ਹਰਿ ਜਨ ਕੈ ਮਾਲੁ ਖਜੀਨਾ॥ ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ॥
ਹਰਿ ਹਰਿ ਜਨ ਕੈ ਓਟ ਸਤਾਣੀ॥ ਹਰਿ ਪ੍ਰਤਾਪਿ ਜਨ ਅਵਰ ਨ ਜਾਣੀ॥

ਓਤਿ ਪੋਤਿ ਜਨ ਹਰਿ ਰਸਿ ਰਾਤੇ॥ ਸੁੰਨ ਸਮਾਧਿ ਨਾਮ ਰਸ ਮਾਤੇ॥
ਆਠ ਪਹਰ ਜਨੁ ਹਰਿ ਹਰਿ ਜਪੈ॥ ਹਰਿ ਕਾ ਭਗਤੁ ਪ੍ਰਗਟ ਨਹੀ ਛਪੈ॥
ਹਰਿ ਕੀ ਭਗਤਿ ਮੁਕਤਿ ਬਹੁ ਕਰੇ॥ ਨਾਨਕ ਜਨ ਸੰਗਿ ਕੇਤੇ ਤਰੇ॥੭॥

ਪਦ ਅਰਥ : ਖਜੀਨਾ—ਖਜ਼ਾਨਾ। ਸਤਾਣੀ—ਤਾਣ ਵਾਲੀ, ਤਕੜੀ। ਓਤਿ ਪੋਤਿ—ਤਾਣੇ ਪੇਟੇ ਵਾਂਗ। ਰਾਤੇ—ਰੰਗੇ ਹੋਏ। ਸੁੰਨ ਸਮਾਧਿ—ਮਨ ਦਾ ਉਹ ਟਿਕਾਉ ਜਿਸ ਵਿਚ ਕੋਈ ਵੀ ਫੁਰਨਾ ਨਾ ਹੋਵੇ। ਮਾਤੇ—ਮੱਤੇ ਹੋਏ, ਮਸਤ। ਬਹੁ—ਬਹੁਤਿਆਂ ਨੂੰ।

ਅਰਥ : ਪ੍ਰਭੂ ਦਾ ਨਾਮ ਭਗਤ-ਜਨ ਵਾਸਤੇ ਮਾਲ ਧਨ ਹੈ। ਇਹ ਨਾਮ ਰੂਪੀ ਧਨ ਪ੍ਰਭੂ ਨੇ ਆਪ ਆਪਣੇ ਭਗਤ ਨੂੰ ਦਿੱਤਾ ਹੈ।

ਭਗਤ ਵਾਸਤੇ ਪ੍ਰਭੂ ਦਾ ਨਾਮ ਹੀ ਵੱਡਾ ਆਸਰਾ ਹੈ। ਭਗਤਾਂ ਨੇ ਪ੍ਰਭੂ ਦੇ ਪ੍ਰਤਾਪ ਕਾਰਨ ਕਿਸੇ ਹੋਰ ਆਸਰੇ ਨੂੰ ਨਹੀਂ ਤੱਕਿਆ।

ਭਗਤ-ਜਨ ਪ੍ਰਭੂ ਨਾਮ-ਰਸ ਵਿਚ ਪੂਰਨ ਤੌਰ 'ਤੇ ਭਿੱਜੇ (ਰੰਗੇ) ਰਹਿੰਦੇ ਹਨ। ਉਹ ਸੁੰਨ-ਸਮਾਧ ਦੀ ਅਵਸਥਾ ਵਿਚ ਨਾਮ ਦੇ ਰਸ ਵਿਚ ਮਸਤ ਰਹਿੰਦੇ ਹਨ।

ਹਰੀ ਦਾ ਭਗਤ ਅੱਠੇ ਪਹਿਰ ਹਰੀ ਨੂੰ ਜਪਦਾ ਹੈ। ਉਹ ਜਗਤ ਵਿਚ ਉੱਘਾ ਹੋ ਜਾਂਦਾ ਹੈ, ਲੁਕਿਆ ਨਹੀਂ ਰਹਿੰਦਾ।

ਹਰੀ ਦੀ ਭਗਤੀ ਬੇਅੰਤ ਜੀਵਾਂ ਨੂੰ ਵਿਕਾਰਾਂ ਤੋਂ ਖਲਾਸੀ ਦਿਵਾਉਂਦੀ ਹੈ। ਹੇ ਨਾਨਕ! ਭਗਤ ਜਨ ਦੀ ਸੰਗਤ ਵਿਚ ਕਈ ਹੋਰ ਵੀ ਤਰ ਜਾਂਦੇ ਹਨ॥ ੭॥

ਪਾਰਜਾਤੁ ਇਹੁ ਹਰਿ ਕੋ ਨਾਮ॥ ਕਾਮਧੇਨ ਹਰਿ ਹਰਿ ਗੁਣ ਗਾਮ॥
ਸਭ ਤੇ ਊਤਮ ਹਰਿ ਕੀ ਕਥਾ॥ ਨਾਮੁ ਸੁਨਤ ਦਰਦ ਦੁਖ ਲਥਾ॥
ਨਾਮ ਕੀ ਮਹਿਮਾ ਸੰਤ ਰਿਦ ਵਸੈ॥ ਸੰਤ ਪ੍ਰਤਾਪਿ ਦੁਰਤੁ ਸਭੁ ਨਸੈ॥
ਸੰਤ ਕਾ ਸੰਗੁ ਵਡਭਾਗੀ ਪਾਈਐ॥ ਸੰਤ ਕੀ ਸੇਵਾ ਨਾਮੁ ਧਿਆਈਐ॥
ਨਾਮ ਤੁਲਿ ਕਛੁ ਅਵਰੁ ਨ ਹੋਇ॥
ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥੮॥੨॥

ਪਦ ਅਰਥ : ਪਾਰਜਾਤੁ—ਸੁਰਗ ਦੇ ਪੰਜ ਕਲਪਿਤ ਰੁਖਾਂ ਵਿਚੋਂ ਇਕ ਦਾ ਨਾਮ 'ਪਾਰਜਾਤ' ਹੈ, (ਜੋ ਹਰੇਕ ਮਨੋ-ਕਾਮਨਾ ਪੂਰੀ ਕਰਨ ਵਾਲਾ ਮੰਨਿਆ ਗਿਆ ਹੈ)। ਕਾਮਧੇਨ—ਸੁਰਗ ਦੀ ਗਾਂ ਜੋ ਹਰੇਕ ਮਨੋ-ਕਾਮਨਾ ਪੂਰੀ ਕਰਦੀ ਹੈ। ਗਾਮ—ਗਾਉਣੇ। ਦੁਰਤੁ—ਪਾਪ। ਗੁਰਮੁਖਿ—ਗੁਰੂ ਦੀ ਰਾਹੀਂ।

ਅਰਥ : ਹਰੀ ਦਾ ਇਹ ਨਾਮ ਹੀ ਪਾਰਜਾਤ ਰੁੱਖ ਹੈ। ਹਰੀ ਦੇ ਗੁਣ ਗਾਉਣੇ ਹੀ ਇੱਛਾ-ਪੂਰਕ ਕਾਮਧੇਨ (ਗਾਂ) ਹੈ।

ਹਰੀ ਦੀਆਂ ਸਿਫਤ-ਸਲਾਹ ਦੀਆਂ ਗੱਲਾਂ ਹੋਰ ਸਭ ਗੱਲਾਂ ਤੋਂ ਚੰਗੀਆਂ ਹਨ

ਕਿਉਂਕਿ ਹਰੀ ਦਾ ਨਾਮ ਸੁਣਿਆਂ ਸਭ ਦੁੱਖ ਦਰਦ ਲਹਿ ਜਾਂਦੇ ਹਨ।

ਹਰੀ ਦੇ ਨਾਮ ਦੀ ਵਡਿਆਈ ਸੰਤਾਂ ਦੇ ਹਿਰਦੇ ਵਿਚ ਵਸਦੀ ਹੈ ਅਤੇ ਸੰਤਾਂ (ਗੁਰਮੁਖਾਂ) ਦੇ ਪਰਤਾਪ ਨਾਲ ਸਾਰਾ ਪਾਪ ਦੂਰ ਹੋ ਜਾਂਦਾ ਹੈ।

ਵੱਡੇ ਭਾਗਾਂ ਨਾਲ ਸੰਤਾਂ ਦੀ ਸੰਗਤ ਮਿਲਦੀ ਹੈ ਅਤੇ ਸੰਤਾਂ ਦੀ ਸੇਵਾ ਕੀਤਿਆਂ ਪ੍ਰਭੂ ਦਾ ਨਾਮ ਸਿਮਰੀਦਾ ਹੈ।

ਪ੍ਰਭੂ ਦੇ ਨਾਮ ਬਰਾਬਰ ਹੋਰ ਕੋਈ ਪਦਾਰਥ ਨਹੀਂ। ਹੇ ਨਾਨਕ! ਗੁਰੂ ਦੇ ਸਨਮੁਖ ਹੋ ਕੇ ਕੋਈ ਵਿਰਲਾ ਮਨੁੱਖ ਨਾਮ ਦੀ ਦਾਤ ਲੱਭਦਾ ਹੈ॥ ੮॥ ੨॥

ਸ਼ਬਦ ਉਚਾਰਨ : (ੳ) ਜਹਂ, ਉਹਾਂ, ਮਹਾਂ, ਤਹਾਂ, ਮਾਹਿਂ, ਕਰੋਰੀਂ, ਜਿਹਂ, ਤਾਂ, ਨਹੀਂ , ਬਾਹੀਂ, ਤਹਂ, ਪਰਾਹੀਂ, ਜਾਂ, ਹਉਂ, ਜਾਹਿਂ, ਪੈਂਡੇ, ਮਹਾਂ, ਜਹਾਂ, ਗਾਂਮ, ਵਡਭਾਗੀਂ ਬਿੰਦੀ ਸਹਿਤ ਉਚਾਰਨੇ ਹਨ।

(ਅ) ਬੰਧੁ ਨ, ਨੂੰ, ਬੰਧਨੁ ਇਕੱਠਾ ਪੜ੍ਹਨਾ ਗਲਤ ਹੈ।

॥ ਸਲੋਕੁ ॥

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥ ੧॥

ਪਦ ਅਰਥ : ਸਾਸਤ੍ਰ—ਧਾਰਮਿਕ ਤੇ ਪਦਾਰਥਕ ਵਿੱਦਿਆ ਦੀਆਂ ਪੁਸਤਕਾਂ। ਸਿਮ੍ਰਿਤੀ—ਹਿੰਦੂਆਂ ਵਾਸਤੇ ਧਾਰਮਿਕ ਤੇ ਭਾਈਚਾਰਕ ਕਾਨੂੰਨ ਦੀਆਂ ਪੁਸਤਕਾਂ। ਢਢੋਲਿ—ਢੂੰਡ ਕੇ। ਪੂਜਸਿ ਨਾਹੀ—ਨਹੀਂ ਅੱਪੜਦੇ। ਅਮੋਲ—ਜਿਸ ਦਾ ਮੁੱਲ ਨਹੀਂ ਪਾਇਆ ਜਾ ਸਕਦਾ।

ਅਰਥ : ਬਹੁਤ ਸ਼ਾਸਤ੍ਰ ਅਤੇ ਬਹੁਤ ਸਿਮ੍ਰਿਤੀਆਂ, ਸਾਰੇ ਅਸਾਂ ਖੋਜ ਕੇ ਦੇਖੇ ਹਨ ਪਰ ਇਹ ਪ੍ਰਭੂ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ। ਹੇ ਨਾਨਕ! ਪ੍ਰਭੂ ਦੇ ਨਾਮ ਦਾ ਮੁੱਲ ਨਹੀਂ ਪਾਇਆ ਜਾ ਸਕਦਾ॥ ੧॥

ਅਸਟਪਦੀ॥

ਜਾਪ ਤਾਪ ਗਿਆਨ ਸਭਿ ਧਿਆਨ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ॥ ਸਗਲ ਤਿਆਗਿ ਬਨ ਮਧੇ ਫਿਰਿਆ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ॥ ਪੁੰਨ ਦਾਨ ਹੋਮੇ ਬਹੁ ਰਤਨਾ॥
ਸਰੀਰੁ ਕਟਾਇ ਹੋਮੈ ਕਰਿ ਰਾਤੀ॥ ਵਰਤ ਨੇਮ ਕਰੈ ਬਹੁ ਭਾਤੀ॥
ਨਹੀ ਤੁਲਿ ਰਾਮ ਨਾਮ ਬੀਚਾਰ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥ ੧॥

ਪਦ ਅਰਥ : ਜਾਪ—ਵੇਦ ਆਦਿਕਾਂ ਦੇ ਮੰਤਰ ਸਹਿਜੇ ਸਹਿਜੇ ਉਚਾਰਨੇ। ਤਾਪ—ਸਰੀਰ ਨੂੰ ਧੂਣੀਆਂ ਆਦਿਕ ਨਾਲ ਕਸ਼ਟ ਦੇਣੇ ਤਾਂ ਜੋ ਸਰੀਰਕ ਇੰਦਰੇ ਮਨ ਅਤੇ ਆਤਮਾ ਉੱਤੇ ਜ਼ੋਰ ਨਾ ਪਾ ਸਕਣ। ਧਿਆਨ—ਕਿਸੇ ਦੇਵਤਾ ਆਦਿਕ ਦੇ ਗੁਣਾਂ

ਨੂੰ ਮਨ ਦੇ ਸਾਹਮਣੇ ਰੱਖਣਾ। **ਖਟ ਸਾਸਤ੍ਰ**—ਛੇ ਸ਼ਾਸਤ੍ਰ, ਛੇ ਦਰਸ਼ਨ (ਸਾਂਖ, ਯੋਗ, ਨਿਆਇ, ਵੈਸ਼ੇਸ਼ਿਕ, ਮੀਮਾਂਸਾ, ਵੇਦਾਂਤ)। **ਵਖਿਆਨ**—ਉਪਦੇਸ਼। **ਕਰਮ ਧ੍ਰਮ ਕਿਰਿਆ**—ਕਰਮ ਕਾਂਡ ਤੇ ਧਰਮ ਦੇ ਕੰਮ। **ਹੋਮੇ**—ਹਵਨ ਕਰੇ। **ਰਤਨਾ**—ਘਿਉ। **ਕਰਿ ਰਾਤੀ**—ਰਤੀ ਰਤੀ ਕਰਕੇ। **ਨੇਮ**—ਬੰਧੇਜ।

ਅਰਥ : ਜੇ ਕੋਈ ਵੇਦਾਂ-ਮੰਤ੍ਰਾਂ ਦੇ ਜਾਪ ਕਰੇ, ਸਰੀਰ ਨੂੰ ਧੂਣੀਆਂ ਨਾਲ ਤਪਾਏ, ਹੋਰ ਕਈ ਗਿਆਨ ਦੀਆਂ ਗੱਲਾਂ ਕਰੇ ਅਤੇ ਦੇਵਤਿਆਂ ਦੇ ਧਿਆਨ ਧਰੇ, ਛੇ ਸ਼ਾਸਤ੍ਰਾਂ ਤੇ ਸਿਮ੍ਰਿਤੀਆਂ ਦਾ ਉਪਦੇਸ਼ ਕਰੇ;

ਯੋਗ ਦੇ ਸਾਧਨ ਕਰੇ, ਕਰਮ-ਕਾਂਡੀ ਧਰਮ ਦੀ ਕ੍ਰਿਆ ਕਰੇ, ਜਾਂ ਸਾਰੇ ਕੰਮ ਛੱਡ ਕੇ ਜੰਗਲਾਂ ਵਿਚ ਭਉਂਦਾ ਫਿਰੇ;

ਅਨੇਕ ਕਿਸਮ ਦੇ ਬੜੇ ਜਤਨ ਕਰੇ, ਪੁੰਨ ਦਾਨ ਕਰੇ ਅਤੇ ਬਹੁਤ ਸਾਰਾ ਘਿਉ ਹਵਨ ਕਰੇ, ਆਪਣੇ ਸਰੀਰ ਨੂੰ ਰਤੀ ਰਤੀ ਕਰ ਕੇ ਕਟਾਵੇ ਅਤੇ ਅੰਤ ਵਿਚ ਸਾੜ ਦੇਵੇ, ਕਈ ਕਿਸਮਾਂ ਦੇ ਵਰਤਾਂ ਦੇ ਬੰਧੇਜ ਕਰੇ;

ਪਰ ਇਹ ਸਾਰੇ ਹੀ ਪ੍ਰਭੂ ਦੇ ਨਾਮ ਦੀ ਵਿਚਾਰ ਦੇ ਬਰਾਬਰ ਨਹੀਂ ਹਨ। ਹੇ ਨਾਨਕ! ਇਹ ਨਾਮ ਭਾਵੇਂ ਇਕ ਵਾਰੀ ਵੀ ਗੁਰੂ ਦੇ ਸਨਮੁਖ ਹੋ ਕੇ ਜਪਿਆ ਜਾਏ॥ ੧॥

ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ॥ ਮਹਾ ਉਦਾਸੁ ਤਪੀਸਰੁ ਥੀਵੈ॥
ਅਗਨਿ ਮਾਹਿ ਹੋਮਤ ਪਰਾਨ॥ ਕਨਿਕ ਅਸ੍ਵ ਹੈਵਰ ਭੂਮਿ ਦਾਨ॥
ਨਿਉਲੀ ਕਰਮ ਕਰੈ ਬਹੁ ਆਸਨ॥ ਜੈਨ ਮਾਰਗ ਸੰਜਮ ਅਤਿ ਸਾਧਨ॥
ਨਿਮਖ ਨਿਮਖ ਕਰਿ ਸਰੀਰੁ ਕਟਾਵੈ॥ ਤਉ ਭੀ ਹਉਮੈ ਮੈਲੁ ਨ ਜਾਵੈ॥
ਹਰਿ ਕੇ ਨਾਮ ਸਮਸਰਿ ਕਛੁ ਨਾਹਿ॥ ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ॥ ੨॥

ਪਦ ਅਰਥ : **ਨਉ ਖੰਡ**—ਨੌਂ ਹਿੱਸੇ। **ਪ੍ਰਿਥਮੀ**—ਧਰਤੀ। **ਤਪੀਸਰੁ**—ਵੱਡਾ ਤਪੀ। **ਥੀਵੈ**—ਹੋ ਜਾਏ। **ਪਰਾਨ**—ਜਿੰਦ। **ਕਨਿਕ**—ਸੋਨਾ। **ਅਸ੍ਵ**—ਘੋੜੇ। **ਹੈਵਰ**—ਵਧੀਆ ਘੋੜੇ। **ਭੂਮਿ**—ਜ਼ਮੀਨ। **ਨਿਉਲੀ ਕਰਮ**—ਯੋਗ ਦਾ ਇਕ ਸਾਧਨ ਜਿਸ ਨਾਲ ਆਂਦਰਾਂ ਸਾਫ ਕਰੀਦੀਆਂ ਹਨ (ਖਾਲੀ ਪੇਟ ਸਾਹ ਬਾਹਰ ਕੱਢ ਕੇ ਪੇਟ ਨੂੰ ਅੰਦਰਵਾਰ ਖਿੱਚਣਾ ਅਤੇ ਫੇਰ ਆਂਦਰਾਂ ਨੂੰ ਇਕੱਠਿਆਂ ਕਰਕੇ ਘੁਮਾਉਣਾ। **ਨਿਮਖ ਨਿਮਖ**—ਥੋਹੜਾ ਥੋਹੜਾ। **ਸਮਸਰਿ**—ਬਰਾਬਰ। **ਗੁਰਮੁਖਿ**—ਗੁਰੂ ਦੇ ਸਨਮੁਖ ਹੋ ਕੇ (ਉਹ ਮਨੁੱਖ ਜੋ ਗੁਰੂ ਦੇ ਸਨਮੁਖ ਹਨ)।

ਅਰਥ : ਜੇ ਕੋਈ ਮਨੁੱਖ ਸਾਰੀ ਧਰਤੀ 'ਤੇ ਫਿਰੇ, ਲੰਮੀ ਉਮਰ ਤੱਕ ਜਿਊਂਦਾ ਰਹੇ, ਦੁਨੀਆਂ ਵਲੋਂ ਬਹੁਤ ਉਦਾਸ ਹੋ ਕੇ ਵੱਡਾ ਤਪੀ ਬਣ ਜਾਏ;

ਅੱਗ ਵਿਚ ਆਪਣੀ ਜਿੰਦ ਹਵਨ ਕਰ ਦੇਵੇ; ਸੋਨਾ, ਘੋੜੇ, ਵਧੀਆ ਘੋੜੇ ਤੇ ਜ਼ਮੀਨ ਦਾਨ ਕਰੇ;

ਨਿਉਲੀ ਕਰਮ ਤੇ ਹੋਰ ਬਹੁਤ ਸਾਰੇ ਯੋਗ-ਆਸਣ ਕਰੇ, ਜੈਨੀਆਂ ਦੇ ਰਸਤੇ ਚੱਲ

ਕੇ ਬੜੇ ਕਠਨ ਸਾਧਨ ਤੇ ਸੰਜਮ ਕਰੇ;

ਸਰੀਰ ਨੂੰ ਰਤੀ ਰਤੀ ਕਰਕੇ ਕਟਾ ਦੇਵੇ, ਤਾਂ ਵੀ ਮਨ ਦੀ ਹਉਮੈ ਦੀ ਮੈਲ ਦੂਰ ਨਹੀਂ ਹੁੰਦੀ।

ਅਜਿਹਾ ਕੋਈ ਉੱਦਮ ਪ੍ਰਭੂ ਦੇ ਨਾਮ ਦੇ ਬਰਾਬਰ ਨਹੀਂ ਹੈ। ਹੇ ਨਾਨਕ! ਜੋ ਮਨੁੱਖ ਗੁਰੂ ਦੇ ਸਨਮੁਖ ਹੋ ਕੇ ਨਾਮ ਜਪਦੇ ਹਨ ਉਹ ਮੁਕਤੀ ਪਾਉਂਦੇ ਹਨ॥ ੨॥

ਮਨ ਕਾਮਨਾ ਤੀਰਥ ਦੇਹ ਛੁਟੈ॥ ਗਰਬੁ ਗੁਮਾਨੁ ਨ ਮਨ ਤੇ ਹੁਟੈ॥
ਸੋਚ ਕਰੈ ਦਿਨਸੁ ਅਰੁ ਰਾਤਿ॥ ਮਨ ਕੀ ਮੈਲੁ ਨ ਤਨ ਤੇ ਜਾਤਿ॥
ਇਸੁ ਦੇਹੀ ਕਉ ਬਹੁ ਸਾਧਨਾ ਕਰੈ॥ ਮਨ ਤੇ ਕਬਹੂ ਨ ਬਿਖਿਆ ਟਰੈ॥
ਜਲਿ ਧੋਵੈ ਬਹੁ ਦੇਹ ਅਨੀਤਿ॥ ਸੁਧ ਕਹਾ ਹੋਇ ਕਾਚੀ ਭੀਤਿ॥
ਮਨ ਹਰਿ ਕੇ ਨਾਮ ਕੀ ਮਹਿਮਾ ਊਚ॥ ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ॥ ੩॥

ਪਦ ਅਰਥ : ਕਾਮਨਾ—ਇੱਛਾ। ਛੁਟੈ—ਵਿਛੁੜੇ, ਜੀਵਾਤਮਾ ਨਾਲੋਂ ਵੱਖ ਹੋਵੇ। ਗਰਬੁ—ਅਹੰਕਾਰ। ਗੁਮਾਨੁ—ਅਹੰਕਾਰ। ਹੁਟੈ—ਘਟਦਾ। ਸੋਚ—ਸ਼ੌਚ, ਇਸ਼ਨਾਨ। ਸਾਧਨਾ—ਉੱਦਮ। ਬਿਖਿਆ—ਮਾਇਆ। ਨ ਟਰੇ—ਨਹੀਂ ਟਲਦੀ। ਅਨੀਤਿ ਨਿੱਤ ਨਾ ਰਹਿਣ ਵਾਲੀ, ਨਾਸਵੰਤ। ਭੀਤਿ—ਕੰਧ। ਪਤਿਤ—ਡਿਗੇ ਹੋਏ, ਮੰਦ ਕਰਮੀ। ਬਹੁ ਮੂਚ—ਬਹੁਤ, ਅਣਗਿਣਤ।

ਅਰਥ : ਕਈ ਮਨੁੱਖਾਂ ਦੇ ਮਨ ਦੀ ਇੱਛਾ ਹੁੰਦੀ ਹੈ ਕਿ ਤੀਰਥਾਂ 'ਤੇ ਜਾ ਕੇ ਸਰੀਰਕ ਚੋਲਾ ਛੱਡਿਆ ਜਾਏ ਪਰ ਇਸ ਤਰ੍ਹਾਂ ਵੀ ਹਉਮੈ ਅਹੰਕਾਰ ਮਨ ਵਿਚੋਂ ਘਟਦਾ ਨਹੀਂ।

ਮਨੁੱਖ ਦਿਨ ਤੇ ਰਾਤ ਤੀਰਥਾਂ ਤੇ ਇਸ਼ਨਾਨ ਕਰੇ, ਫੇਰ ਵੀ ਮਨ ਦੀ ਮੈਲ ਸਰੀਰ ਧੋਤਿਆਂ ਨਹੀਂ ਜਾਂਦੀ।

ਜੇ ਇਸ ਸਰੀਰ ਨੂੰ ਸਾਧਣ ਦੀ ਖਾਤਰ ਕਈ ਯਤਨ ਵੀ ਕਰੇ ਤਾਂ ਵੀ ਕਦੇ ਮਨ ਤੋਂ ਮਾਇਆ ਦਾ ਪ੍ਰਭਾਵ ਨਹੀਂ ਦੂਰ ਹੁੰਦਾ।

ਜੇ ਇਸ ਨਾਸ਼ਵੰਤ ਸਰੀਰ ਨੂੰ ਕਈ ਵੇਰੀ ਪਾਣੀ ਨਾਲ ਵੀ ਧੋਵੇ ਤਾਂ ਵੀ ਇਹ ਸਰੀਰ ਰੂਪੀ ਕੱਚੀ ਕੰਧ ਕਿਵੇਂ ਪਵਿੱਤਰ ਹੋ ਸਕਦੀ ਹੈ?

ਹੇ ਮਨ! ਪਰਮਾਤਮਾ ਦੇ ਨਾਮ ਦੀ ਵਡਿਆਈ ਬਹੁਤ ਵੱਡੀ ਹੈ। ਹੇ ਨਾਨਕ! ਨਾਮ ਦੀ ਬਰਕਤ ਨਾਲ ਅਣਗਿਣਤ ਮੰਦ-ਕਰਮੀ ਜੀਵ ਵਿਕਾਰਾਂ ਤੋਂ ਬਚ ਜਾਂਦੇ ਹਨ॥ ੩॥

ਬਹੁਤੁ ਸਿਆਣਪ ਜਮ ਕਾ ਭਉ ਬਿਆਪੈ॥ ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ॥
ਭੇਖ ਅਨੇਕ ਅਗਨਿ ਨਹੀ ਬੁਝੈ॥ ਕੋਟਿ ਉਪਾਵ ਦਰਗਹ ਨਹੀ ਸਿਝੈ॥
ਛੂਟਸਿ ਨਾਹੀ ਊਭ ਪਇਆਲਿ॥ ਮੋਹਿ ਬਿਆਪਹਿ ਮਾਇਆ ਜਾਲਿ॥

ਅਵਰ ਕਰਤੂਤਿ ਸਗਲੀ ਜਮੁ ਡਾਨੈ ॥ ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥
ਹਰਿ ਕਾ ਨਾਮੁ ਜਪਤ ਦੁਖੁ ਜਾਇ ॥ ਨਾਨਕ ਬੋਲੈ ਸਹਜਿ ਸੁਭਾਇ ॥ ੪ ॥

ਪਦ ਅਰਥ : ਸਿਆਣਪ—ਚਤੁਰਾਈ। ਭਉ—ਡਰ। ਨ ਧ੍ਰਾਪੈ—ਨਹੀਂ ਰੱਜਦੀ। ਊਪਾਵ—ਤਰੀਕੇ। ਊਭ—ਉਤਾਂਹ, ਅਕਾਸ਼ ਵਿਚ। ਪਇਆਲ—ਪਾਤਾਲ ਵਿਚ। ਡਾਨੈ—ਡੰਨ ਲਾਉਂਦਾ ਹੈ। ਤਿਲੁ—ਰਤਾ ਭਰ ਵੀ। ਸਹਜਿ—ਅਡੋਲ ਅਵਸਥਾ ਵਿਚ। ਸੁਭਾਇ—ਪ੍ਰੇਮ ਨਾਲ। ਭਉ—ਪ੍ਰੇਮ।

ਅਰਥ : ਬਹੁਤੀ ਚਤੁਰਾਈ ਦੇ ਕਾਰਨ ਜੀਵ ਨੂੰ ਜਮਾਂ (ਮੌਤ) ਦਾ ਡਰ ਆ ਦਬਾਉਂਦਾ ਹੈ, ਕਿਉਂਕਿ ਚਤੁਰਾਈ ਦੇ ਅਨੇਕਾਂ ਜਤਨ ਕੀਤਿਆਂ ਮਾਇਆ ਦੀ ਤ੍ਰੇਹ ਨਹੀਂ ਮੁੱਕਦੀ।

ਅਨੇਕਾਂ ਧਾਰਮਿਕ ਭੇਖ ਧਾਰਨ ਕੀਤਿਆਂ ਤ੍ਰਿਸ਼ਨਾ ਦੀ ਅੱਗ ਨਹੀਂ ਬੁਝਦੀ। ਇਹੋ ਜਿਹੇ ਕਰੋੜਾਂ ਢੰਗ ਵਰਤਿਆਂ ਵੀ ਪ੍ਰਭੂ ਦੀ ਦਰਗਾਹ ਵਿਚ ਸੁਰਖਰੂ ਨਹੀਂ ਹੋਈਦਾ।

ਜੀਵ ਚਾਹੇ ਤਾਂ ਅਕਾਸ਼ 'ਤੇ ਚੜ੍ਹ ਜਾਏ, ਚਾਹੇ ਪਾਤਾਲ ਵਿਚ ਲੁੱਕ ਜਾਏ, ਇਨ੍ਹਾਂ ਜਤਨਾਂ ਨਾਲ ਮਾਇਆ ਤੋਂ ਬਚ ਨਹੀਂ ਸਕਦਾ, ਸਗੋਂ ਜੀਵ ਮਾਇਆ ਦੇ ਮੋਹ ਤੇ ਜਾਲ ਵਿਚ ਫਸਦੇ ਹਨ।

ਨਾਮ ਤੋਂ ਬਿਨਾਂ ਹੋਰ ਸਾਰੀਆਂ ਕਰਤੂਤਾਂ ਨੂੰ ਜਮਰਾਜ ਡੰਨ ਲਾਉਂਦਾ ਹੈ, ਪ੍ਰਭੂ ਦੇ ਭਜਨ ਤੋਂ ਬਿਨਾਂ ਰਤਾ ਵੀ ਨਹੀਂ ਪਤੀਜਦਾ।

ਹੇ ਨਾਨਕ! ਜੋ ਮਨੁੱਖ ਆਤਮਕ ਅਡੋਲਤਾ ਵਿਚ ਟਿਕ ਕੇ ਪ੍ਰੇਮ ਨਾਲ ਹਰੀ ਦਾ ਨਾਮ ਲੈਂਦਾ ਹੈ, ਉਸ ਦਾ ਦੁੱਖ ਪ੍ਰਭੂ ਦਾ ਨਾਮ ਜਪਦਿਆਂ ਦੂਰ ਹੋ ਜਾਂਦਾ ਹੈ॥ ੪॥

ਚਾਰਿ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ ॥
ਜੇ ਕੋ ਆਪੁਨਾ ਦੂਖੁ ਮਿਟਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥
ਜੇ ਕੋ ਅਪੁਨੀ ਸੋਭਾ ਲੋਰੈ ॥ ਸਾਧ ਸੰਗਿ ਇਹ ਹਉਮੈ ਛੋਰੈ ॥
ਜੇ ਕੋ ਜਨਮ ਮਰਣ ਤੇ ਡਰੈ ॥ ਸਾਧ ਜਨਾ ਕੀ ਸਰਨੀ ਪਰੈ ॥
ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥ ਨਾਨਕ ਤਾ ਕੈ ਬਲਿ ਬਲਿ ਜਾਸਾ ॥ ੫ ॥

ਪਦ ਅਰਥ : ਚਾਰਿ ਪਦਾਰਥ—ਧਰਮ, ਅਰਥ, ਕਾਮ, ਮੋਖ। ਰਿਦੈ—ਹਿਰਦੇ ਵਿਚ। ਲੋਰੈ—ਚਾਹੇ। ਸਾਧ ਸੰਗਿ—ਭਲਿਆਂ ਦੀ ਸੰਗਤ ਵਿਚ ਰਹਿ ਕੇ। ਛੋਰੈ—ਛਡ ਦੇਵੇ। ਬਲਿ ਜਾਸਾ—ਸਦਕੇ ਜਾਵਾਂ।

ਅਰਥ : ਜੇ ਕੋਈ ਮਨੁੱਖ ਚਾਰ ਪਦਾਰਥ ਚਾਹੁੰਦਾ ਹੋਵੇ ਤਾਂ ਉਹ ਗੁਰਮੁਖਾਂ ਦੀ ਸੰਗਤ ਵਿਚ ਲੱਗੇ।

ਜੇ ਕੋਈ ਮਨੁੱਖ ਆਪਣਾ ਦੁੱਖ ਮਿਟਾਉਣਾ ਚਾਹੇ ਤਾਂ ਹਰੀ ਦਾ ਨਾਮ ਹਿਰਦੇ ਵਿਚ ਸਿਮਰੇ।

ਜੇ ਕੋਈ ਮਨੁੱਖ ਆਪਣੀ ਸ਼ੋਭਾ ਚਾਹੁੰਦਾ ਹੋਵੇ ਤਾਂ ਸਤਿਸੰਗ ਵਿਚ ਰਹਿ ਕੇ ਇਸ ਹਉਮੈ ਦਾ ਤਿਆਗ ਕਰੇ।

ਜੇ ਕੋਈ ਮਨੁੱਖ ਜਨਮ ਮਰਨ ਦੇ ਚੱਕਰ ਤੋਂ ਡਰਦਾ ਹੋਵੇ ਉਹ ਸੰਤ-ਜਨਾਂ ਦੀ ਚਰਨੀਂ ਲੱਗੇ।

ਹੇ ਨਾਨਕ! ਜਿਸ ਮਨੁੱਖ ਨੂੰ ਪ੍ਰਭੂ ਦੇ ਦਰਸ਼ਨਾਂ ਦੀ ਤਾਂਘ ਹੈ ਮੈਂ ਉਸ ਤੋਂ ਸਦਾ ਸਦਕੇ ਜਾਵਾਂ॥ ੫॥

ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ॥ ਸਾਧਸੰਗਿ ਜਾ ਕਾ ਮਿਟੈ ਅਭਿਮਾਨੁ॥
ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਨੀਐ ਸਭ ਤੇ ਊਚਾ॥
ਜਾ ਕਾ ਮਨੁ ਹੋਇ ਸਗਲ ਕੀ ਰੀਨਾ॥ ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ॥
ਮਨ ਅਪੁਨੇ ਤੇ ਬੁਰਾ ਮਿਟਾਨਾ॥ ਪੇਖੈ ਸਗਲ ਸ੍ਰਿਸਟਿ ਸਾਜਨਾ॥
ਸੂਖ ਦੂਖ ਜਨ ਸਮ ਦ੍ਰਿਸਟੇਤਾ॥ ਨਾਨਕ ਪਾਪ ਪੁੰਨ ਨਹੀ ਲੇਪਾ॥ ੬॥

ਪਦ ਅਰਥ : ਗਨੀਐ—ਜਾਣੀਏ। ਰੀਨਾ—ਧੂੜ। ਘਟਿ ਘਟਿ—ਹਰੇਕ ਸਰੀਰ ਵਿਚ। ਚੀਨਾ—ਪਛਾਣ ਲਿਆ ਹੈ। ਪੇਖੈ—ਵੇਖਦਾ ਹੈ। ਸਮ—ਬਰਾਬਰ। ਦ੍ਰਿਸਟੇਤਾ—ਵੇਖਣ ਵਾਲਾ। ਲੇਪਾ-ਅਸਰ।

ਅਰਥ : ਸਤਿਸੰਗ ਵਿਚ ਰਹਿ ਕੇ ਜਿਸ ਮਨੁੱਖ ਦਾ ਅਹੰਕਾਰ ਮਿਟ ਜਾਂਦਾ ਹੈ, ਉਹ ਸਾਰੇ ਮਨੁੱਖਾਂ ਵਿਚੋਂ ਵੱਡਾ ਹੈ।

ਜੋ ਮਨੁੱਖ ਆਪਣੇ ਆਪ ਨੂੰ ਸਾਰਿਆਂ ਨਾਲੋਂ ਮੰਦ-ਕਰਮੀ ਖਿਆਲ ਕਰਦਾ ਹੈ, ਉਸ ਨੂੰ ਸਾਰਿਆਂ ਨਾਲੋਂ ਚੰਗਾ ਸਮਝਣਾ ਚਾਹੀਦਾ ਹੈ।

ਜਿਸ ਮਨੁੱਖ ਦਾ ਮਨ ਸਭਨਾਂ ਦੇ ਚਰਨਾਂ ਦੀ ਧੂੜ ਹੁੰਦਾ ਹੈ, ਉਸ ਨੇ ਹਰੇਕ ਸਰੀਰ ਵਿਚ ਪਰਮਾਤਮਾ ਦੀ ਸੱਤਾ ਪਛਾਣ ਲਈ ਹੈ।

ਜਿਸ ਨੇ ਆਪਣੇ ਮਨ ਵਿਚੋਂ ਬੁਰਾਈ ਮਿਟਾ ਦਿੱਤੀ ਹੈ, ਉਹ ਸਾਰੀ ਸ੍ਰਿਸ਼ਟੀ ਦੇ ਜੀਵਾਂ ਨੂੰ ਆਪਣਾ ਮਿੱਤਰ ਕਰਕੇ ਵੇਖਦਾ ਹੈ।

ਹੇ ਨਾਨਕ! ਅਜਿਹੇ ਮਨੁੱਖ ਸੁਖਾਂ ਅਤੇ ਦੁੱਖਾਂ ਨੂੰ ਇਕੋ ਜਿਹਾ ਸਮਝਦੇ ਹਨ। ਇਸੇ ਹੀ ਕਰਕੇ ਉਨ੍ਹਾਂ 'ਤੇ ਪਾਪ ਤੇ ਪੁੰਨ ਦਾ ਅਸਰ ਨਹੀਂ ਹੁੰਦਾ॥ ੬॥

ਨਿਰਧਨ ਕਉ ਧਨੁ ਤੇਰੋ ਨਾਉ॥ ਨਿਥਾਵੇ ਕਉ ਨਾਉ ਤੇਰਾ ਥਾਉ॥
ਨਿਮਾਨੇ ਕਉ ਪ੍ਰਭ ਤੇਰੋ ਮਾਨੁ॥ ਸਗਲ ਘਟਾ ਕਉ ਦੇਵਹੁ ਦਾਨੁ॥
ਕਰਨ ਕਰਾਵਨਹਾਰ ਸੁਆਮੀ॥ ਸਗਲ ਘਟਾ ਕੇ ਅੰਤਰਜਾਮੀ॥
ਅਪਨੀ ਗਤਿ ਮਿਤਿ ਜਾਨਹੁ ਆਪੇ॥ ਆਪਨ ਸੰਗਿ ਆਪਿ ਪ੍ਰਭ ਰਾਤੇ॥
ਤੁਮ੍ਰੀ ਉਸਤਤਿ ਤੁਮ ਤੇ ਹੋਇ॥ ਨਾਨਕ ਅਵਰੁ ਨ ਜਾਨਸਿ ਕੋਇ॥ ੭॥

ਪਦ ਅਰਥ : ਨਿਰਧਨ—ਧਨ-ਹੀਣ, ਕੰਗਾਲ। ਨਿਥਾਵੇ—ਨਿਆਸਰੇ।

ਥਾਉ—ਆਸਰਾ। **ਨਿਮਾਨਾ**—ਜਿਸ ਨੂੰ ਕਿਧਰੇ ਆਦਰ ਮਾਣ ਨਾ ਮਿਲੇ। **ਘਟ**—ਸਰੀਰ। **ਅੰਤਰਜਾਮੀ**—ਦਿਲ ਦੀ ਬੁੱਝਣ ਵਾਲਾ। **ਗਤਿ**—ਹਾਲਤ। **ਰਾਤੇ**—ਮਸਤ। **ਉਸਤਤਿ**—ਵਡਿਆਈ।

ਅਰਥ : ਹੇ ਪ੍ਰਭੂ! ਕੰਗਾਲ ਵਾਸਤੇ ਤੇਰਾ ਨਾਮ ਹੀ ਧਨ ਹੈ, ਨਿਆਸਰੇ ਨੂੰ ਤੇਰਾ ਆਸਰਾ ਹੈ। ਨਿਮਾਣੇ ਵਾਸਤੇ ਪ੍ਰਭੂ ਜੀ ਤੇਰਾ ਨਾਮ ਆਦਰ ਮਾਣ ਹੈ। ਤੂੰ ਸਾਰੇ ਜੀਵਾਂ ਨੂੰ ਦਾਤਾਂ ਦੇਂਦਾ ਹੈਂ।

ਹੇ ਸੁਆਮੀ! ਹੇ ਸਾਰੇ ਪ੍ਰਾਣੀਆਂ ਦੇ ਦਿਲਾਂ ਦੀ ਜਾਨਣ ਵਾਲੇ! ਤੂੰ ਆਪ ਹੀ ਸਭ ਕੁਝ ਕਰਦਾ ਹੈਂ ਤੇ ਆਪ ਹੀ ਕਰਾਉਂਦਾ ਹੈਂ।

ਹੇ ਪ੍ਰਭੂ! ਤੂੰ ਆਪਣੀ ਹਾਲਤ ਤੇ ਆਪਣੀ ਵਡਿਆਈ ਦੀ ਮਰਯਾਦਾ ਆਪ ਹੀ ਜਾਣਦਾ ਹੈਂ, ਤੂੰ ਆਪਣੇ ਆਪ ਵਿਚ ਆਪ ਹੀ ਮਗਨ ਹੈਂ।

ਹੇ ਨਾਨਕ! ਪ੍ਰਭੂ ਦੀ ਵਡਿਆਈ ਉਹ ਆਪ ਹੀ ਬਿਆਨ ਕਰ ਸਕਦਾ ਹੈ, ਕੋਈ ਹੋਰ ਉਸ ਦੀ ਵਡਿਆਈ ਨਹੀਂ ਜਾਣਦਾ॥ ੭॥

ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥
ਸਗਲ ਕ੍ਰਿਆ ਮਹਿ ਊਤਮ ਕਿਰਿਆ॥ ਸਾਧ ਸੰਗਿ ਦੁਰਮਤਿ ਮਲੁ ਹਿਰਿਆ॥
ਸਗਲ ਉਦਮ ਮਹਿ ਉਦਮੁ ਭਲਾ॥ ਹਰਿ ਕਾ ਨਾਮੁ ਜਪਹੁ ਜੀਅ ਸਦਾ॥
ਸਗਲ ਬਾਨੀ ਮਹਿ ਅੰਮ੍ਰਿਤ ਬਾਨੀ॥ ਹਰਿ ਕੋ ਜਸੁ ਸੁਨਿ ਰਸਨ ਬਖਾਨੀ॥
ਸਗਲ ਥਾਨ ਤੇ ਓਹੁ ਊਤਮ ਥਾਨੁ॥ ਨਾਨਕ ਜਿਹ ਘਟਿ ਵਸੈ ਹਰਿ ਨਾਮੁ॥ ੮॥ ੩॥

ਪਦ ਅਰਥ : **ਸ੍ਰੇਸ਼ਟ**—ਸਭ ਤੋਂ ਚੰਗਾ। **ਨਿਰਮਲ**—ਪਵਿੱਤਰ। **ਕਰਮੁ**—ਕੰਮ। **ਕ੍ਰਿਆ**—ਧਾਰਮਿਕ ਰਸਮ। **ਦੁਰਮਤਿ**—ਭੈੜੀ ਮਤ। **ਹਿਰਿਆ**—ਦੂਰ ਕੀਤੀ। **ਰਸਨ**—ਜੀਭ। **ਬਖਾਨੀ**—ਉਚਾਰ, ਬੋਲ। **ਜਿਹ ਘਟਿ**—ਜਿਸ ਸਰੀਰ ਵਿਚ, ਹਿਰਦੇ ਵਿਚ।

ਅਰਥ : ਹੇ ਮਨ! ਹਰੀ ਦਾ ਨਾਮ ਜਪ ਤੇ ਪਵਿੱਤਰ ਆਚਰਨ ਬਣਾ—ਇਹ ਧਰਮ ਸਾਰੇ ਧਰਮਾਂ ਨਾਲੋਂ ਚੰਗਾ ਹੈ।

ਸਤਿਸੰਗ ਵਿਚ ਰਹਿ ਕੇ ਭੈੜੀ ਮਤ ਰੂਪੀ ਮੈਲ ਦੂਰ ਕੀਤੀ ਜਾਏ—ਇਹ ਕੰਮ ਹੋਰ ਸਾਰੀਆਂ ਧਾਰਮਿਕ ਰਸਮਾਂ ਨਾਲੋਂ ਉੱਤਮ ਹੈ।

ਹੇ ਮਨ! ਸਦਾ ਹਰੀ ਦਾ ਨਾਮ ਜਪ—ਇਹੀ ਉੱਦਮ ਹੋਰ ਸਾਰੇ ਉੱਦਮਾਂ ਨਾਲੋਂ ਭਲਾ ਹੈ।

ਹਰੀ ਦਾ ਜਸ ਕੰਨਾਂ ਨਾਲ ਸੁਣ ਤੇ ਜੀਭ ਨਾਲ ਬੋਲ। ਹਰਿ-ਜਸ ਦੀ ਇਹ ਆਤਮਕ ਜੀਵਨ ਦੇਣ ਵਾਲੀ ਬਾਣੀ ਹੋਰ ਸਭ ਬਾਣੀਆਂ ਨਾਲੋਂ ਸੋਹਣੀ ਹੈ।

ਹੇ ਨਾਨਕ! ਜਿਸ ਹਿਰਦੇ ਵਿਚ ਹਰੀ ਦਾ ਨਾਮ ਵੱਸਦਾ ਹੈ, ਉਹ ਹਿਰਦਾ ਰੂਪੀ ਥਾਂ ਹੋਰ ਸਾਰੇ ਤੀਰਥ ਅਸਥਾਨਾਂ ਤੋਂ ਪਵਿੱਤਰ ਹੈ॥ ੮॥ ੩॥

ਸ਼ਬਦ ਉਚਾਰਨ : ਭਾਂਤੀਂ, ਮਾਹਿਂ, ਮਹਾਂ, ਨਾਹਿਂ, ਕਹਾਂ, ਬਿਆਪਹਿਂ, ਮਾਂਗੈ, ਹਉਮੈਂ, ਤਾਂ, ਜਾਂ ਕਾ, ਨਹੀਂ, ਨਾਉਂ, ਨਿਥਾਵੇਂ, ਥਾਉਂ, ਘਟਾਂ, ਜਾਨਹੁਂ ਬਿੰਦੀ ਸਹਿਤ ਪੜ੍ਹਨੇ ਹਨ।

॥ ਸਲੋਕੁ ॥

ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ ॥

ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ ॥ ੧ ॥

ਪਦ ਅਰਥ : **ਨਿਰਗੁਨੀਆਰ**—ਗੁਣ-ਹੀਣ। **ਇਆਨਿਆ**—ਹੇ ਅੰਞਾਣ! **ਸਮਾਲਿ**—ਚੇਤੇ ਰੱਖ। **ਕੀਆ**—ਪੈਦਾ ਕੀਤਾ। **ਨਿਬਹੀ**—ਨਿਭਦਾ ਹੈ।

ਅਰਥ : ਹੇ ਅੰਞਾਣ! ਹੇ ਗੁਣਹੀਣ ਮਨੁੱਖ! ਉਸ ਮਾਲਕ ਨੂੰ ਸਦਾ ਯਾਦ ਕਰ। ਹੇ ਨਾਨਕ! ਜਿਸ ਨੇ ਤੈਨੂੰ ਪੈਦਾ ਕੀਤਾ ਹੈ ਉਸ ਨੂੰ ਚਿੱਤ ਵਿਚ ਵਸਾ ਰੱਖ, ਉਹੀ ਤੇਰੇ ਨਾਲ ਸਾਥ ਨਿਬਾਹੇਗਾ।

ਅਸਟਪਦੀ ॥

ਰਮਈਆ ਕੇ ਗੁਨ ਚੇਤਿ ਪਰਾਨੀ ॥ ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥

ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥ ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥

ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥ ਭਰਿ ਜੋਬਨ ਭੋਜਨ ਸੁਖ ਸੂਧ ॥

ਬਿਰਧਿ ਭਇਆ ਊਪਰਿ ਸਾਕ ਸੈਨ ॥ ਮੁਖਿ ਅਪਿਆਉ ਬੈਠ ਕਉ ਦੈਨ ॥

ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ ॥ ਬਖਸਿ ਲੇਹੁ ਤਉ ਨਾਨਕ ਸੀਝੈ ॥ ੧ ॥

ਪਦ ਅਰਥ : **ਰਮਈਆ**—ਸੋਹਣਾ ਰਾਮ। **ਚੇਤਿ**—ਯਾਦ ਕਰ। **ਪਰਾਨੀ**—ਹੇ ਜੀਵ! **ਦ੍ਰਿਸਟਾਨੀ**—ਵਿਖਾ ਦਿੱਤਾ। **ਸਾਜਿ**—ਪੈਦਾ ਕਰਕੇ। **ਸਵਾਰਿ**—ਸਜਾ ਕੇ। **ਗਰਭ ਅਗਨਿ**—ਪੇਟ ਦੀ ਅੱਗ। **ਉਬਾਰਿਆ**—ਬਚਾਇਆ। **ਬਾਰ**—ਬਾਲਕ। **ਬਿਵਸਥਾ**—ਹਾਲਤ। **ਪਿਆਰੈ**—ਪਿਆਲਦਾ ਹੈ। **ਭਰਿ ਜੋਬਨ**—ਭਰ ਜੁਆਨੀ ਵਿਚ। **ਸੂਧ**—ਸੂਝ। **ਬਿਰਧਿ**—ਬੁੱਢਾ। **ਸੈਨ**—ਸੱਜਣ, ਮਿੱਤਰ। **ਮੁਖਿ**—ਮੂੰਹ ਵਿਚ। **ਅਪਿਆਉ**—ਚੰਗੇ ਭੋਜਨ। **ਬੈਠ ਕਉ**—ਬੈਠੇ ਨੂੰ। **ਦੈਨ**—ਦੇਂਦੇ ਹਨ।

ਅਰਥ : ਹੇ ਜੀਵ! ਸੋਹਣੇ ਰਾਮ (ਪ੍ਰਭੂ) ਦੇ ਗੁਣ ਯਾਦ ਕਰ। ਦੇਖ! ਕਿਸ ਮੁੱਢ ਤੋਂ ਤੈਨੂੰ ਕਿਹਾ ਸੋਹਣਾ ਬਣਾ ਕੇ ਉਸ ਨੇ ਵਿਖਾਇਆ ਹੈ।

ਜਿਸ ਪਰਮਾਤਮਾ ਨੇ ਤੈਨੂੰ ਬਣਾ ਸਵਾਰ ਕੇ ਸੋਹਣਾ ਕੀਤਾ ਹੈ, ਜਿਸ ਨੇ ਤੈਨੂੰ ਪੇਟ ਦੀ ਅੱਗ ਵਿਚ ਵੀ ਬਚਾਇਆ ਹੈ;

ਜੋ ਬਾਲ ਉਮਰ ਵਿਚ ਤੈਨੂੰ ਦੁੱਧ ਪਿਆਲਦਾ ਹੈ, ਭਰ ਜੁਆਨੀ ਵਿਚ ਭੋਜਨ ਤੇ ਸੁਖਾਂ ਦੀ ਸੂਝ ਦੇਂਦਾ ਹੈ;

ਜਦੋਂ ਤੂੰ ਬੁੱਢਾ ਹੋ ਜਾਂਦਾ ਹੈਂ ਤਾਂ ਸੇਵਾ ਕਰਨ ਨੂੰ ਸਾਕ ਮਿੱਤਰ ਤਿਆਰ ਕਰ

ਦਿੰਦਾ ਹੈ, ਜੋ ਬੈਠੇ ਹੋਏ ਨੂੰ ਮੂੰਹ ਵਿਚ ਚੰਗੇ ਭੋਜਨ ਦੇਂਦੇ ਹਨ, ਉਸ ਪ੍ਰਭੂ ਨੂੰ ਯਾਦ ਕਰ।

ਹੇ ਨਾਨਕ! ਇਉਂ ਆਖ ਕਿ ਹੇ ਪ੍ਰਭੂ! ਇਹ ਗੁਣ-ਹੀਣ ਜੀਵ ਤੇਰਾ ਕੋਈ ਉਪਕਾਰ ਨਹੀਂ ਸਮਝਦਾ। ਜੇ ਤੂੰ ਆਪ ਮਿਹਰ ਕਰੇਂ ਤਾਂ ਇਹ ਜੀਵਨ ਮਨੋਰਥ ਵਿਚ ਸਫ਼ਲ ਹੋਵੇ॥ ੧॥

ਜਿਹ ਪ੍ਰਸਾਦਿ ਧਰ ਊਪਰਿ ਸੁਖਿ ਬਸਹਿ॥ ਸੁਤ ਭ੍ਰਾਤ ਮੀਤ ਬਨਿਤਾ ਸੰਗਿ ਹਸਹਿ॥
ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ॥ ਸੁਖਦਾਈ ਪਵਨੁ ਪਾਵਕੁ ਅਮੁਲਾ॥
ਜਿਹ ਪ੍ਰਸਾਦਿ ਭੋਗਹਿ ਸਭਿ ਰਸਾ॥ ਸਗਲ ਸਮਗ੍ਰੀ ਸੰਗਿ ਸਾਥਿ ਬਸਾ॥
ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ॥ ਤਿਸਹਿ ਤਿਆਗਿ ਅਵਰ ਸੰਗਿ ਰਚਨਾ॥
ਐਸੇ ਦੋਖ ਮੂੜ ਅੰਧ ਬਿਆਪੇ॥ ਨਾਨਕ ਕਾਢਿ ਲੇਹੁ ਪ੍ਰਭ ਆਪੇ॥ ੨॥

ਪਦ ਅਰਥ : ਜਿਹ ਪ੍ਰਸਾਦਿ—ਜਿਸ ਦੀ ਕਿਰਪਾ ਨਾਲ। ਧਰ—ਧਰਤੀ। ਸੁਤ—ਪੁੱਤਰ। ਭ੍ਰਾਤ—ਭਰਾ। ਬਨਿਤਾ—ਇਸਤ੍ਰੀ। ਹਸਹਿ—ਤੂੰ ਹੱਸਦਾ ਹੈਂ। ਸੀਤਲ—ਠੰਡਾ। ਪਵਨੁ—ਹਵਾ। ਪਾਵਕੁ—ਅੱਗ। ਅਮੁਲਾ—ਜਿਸਦਾ ਮੁੱਲ ਨਾ ਪਾਇਆ ਜਾ ਸਕੇ। ਸਗਲ—ਸਾਰੇ। ਸਮਗ੍ਰੀ—ਪਦਾਰਥ। ਹਸਤ—ਹੱਥ। ਪਾਵ—ਪੈਰ। ਕਰਨ—ਕੰਨ। ਨੇਤ੍ਰ—ਅੱਖਾਂ। ਰਸਨਾ—ਜੀਭ। ਤਿਆਗ—ਵਿਸਾਰ ਕੇ। ਰਚਨਾ—ਰੁੱਝਾ ਹੋਇਆ ਅਥਵਾ ਮਗਨ ਹੈਂ। ਦੋਖ—ਮੰਦੇ ਕਰਮ। ਮੂੜ—ਮੂਰਖ ਜੀਵ। ਬਿਆਪੇ—ਫਸੇ ਹੋਏ ਹਨ।

ਅਰਥ : ਹੇ ਜੀਵ! ਜਿਸ ਪ੍ਰਭੂ ਦੀ ਕਿਰਪਾ ਨਾਲ ਤੂੰ ਧਰਤੀ ਉੱਤੇ ਸੁਖੀ ਵਸਦਾ ਹੈਂ, ਪੁੱਤਰ, ਭਰਾ, ਮਿੱਤਰ, ਇਸਤ੍ਰੀ ਨਾਲ ਹੱਸਦਾ ਹੈਂ ;

ਜਿਸਦੀ ਮਿਹਰ ਨਾਲ ਤੂੰ ਠੰਢਾ ਪਾਣੀ ਪੀਂਦਾ ਹੈਂ, ਸੁਖ ਦੇਣ ਵਾਲੀ ਹਵਾ ਤੇ ਅਮੋਲਕ ਅੱਗ ਵਰਤਦਾ ਹੈਂ ;

ਜਿਸ ਦੀ ਕਿਰਪਾ ਨਾਲ ਸਾਰੇ ਰਸ ਭੋਗਦਾ ਹੈਂ, ਸਾਰੇ ਪਦਾਰਥ ਵਰਤਣ ਲਈ ਤੈਨੂੰ ਮਿਲਦੇ ਹਨ ;

ਜਿਸਨੇ ਤੈਨੂੰ ਹੱਥ, ਪੈਰ, ਕੰਨ, ਅੱਖਾਂ, ਜੀਭ ਦਿੱਤੇ ਹਨ, ਉਸ ਪ੍ਰਭੂ ਨੂੰ ਵਿਸਾਰ ਕੇ ਤੂੰ ਹੋਰਨਾਂ ਨਾਲ ਮਗਨ ਹੈਂ।

ਅਜਿਹੇ ਮੂਰਖ ਅੰਨ੍ਹੇ ਜੀਵ ਇਹੋ ਜਿਹੇ ਔਗਣਾਂ ਵਿਚ ਫਸੇ ਹੋਏ ਹਨ। ਹੇ ਨਾਨਕ! ਇਉਂ ਆਖ ਕਿ ਹੇ ਪ੍ਰਭੂ! ਇਨ੍ਹਾਂ ਨੂੰ ਆਪ ਇਨ੍ਹਾਂ ਔਗੁਣਾਂ ਵਿਚੋਂ ਕੱਢ ਲੈ॥ ੨॥

ਆਦਿ ਅੰਤਿ ਜੋ ਰਾਖਨਹਾਰੁ॥ ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ॥
ਜਾ ਕੀ ਸੇਵਾ ਨਵ ਨਿਧਿ ਪਾਵੈ॥ ਤਾ ਸਿਉ ਮੂੜਾ ਮਨੁ ਨਹੀ ਲਾਵੈ॥
ਜੋ ਠਾਕੁਰੁ ਸਦ ਸਦਾ ਹਜੂਰੇ॥ ਤਾ ਕਉ ਅੰਧਾ ਜਾਨਤ ਦੂਰੇ॥
ਜਾ ਕੀ ਟਹਲ ਪਾਵੈ ਦਰਗਹ ਮਾਨੁ॥ ਤਿਸਹਿ ਬਿਸਾਰੈ ਮੁਗਧੁ ਅਜਾਨੁ॥
ਸਦਾ ਸਦਾ ਇਹੁ ਭੂਲਨਹਾਰੁ॥ ਨਾਨਕ ਰਾਖਨਹਾਰੁ ਅਪਾਰੁ॥ ੩॥

ਪਦ ਅਰਥ : **ਆਦਿ ਅੰਤਿ**—ਜਨਮ ਸਮੇਂ ਤੋਂ ਮਰਨ ਤੱਕ। **ਗਵਾਰ**—ਮੂਰਖ ਮਨੁੱਖ। **ਨਵ ਨਿਧਿ**—ਨੌਂ ਖਜ਼ਾਨੇ। **ਮੂੜਾ**—ਮੂਰਖ। **ਹਜੂਰੇ**—ਹਾਜ਼ਰ ਨਾਜ਼ਰ, ਅੰਗ ਸੰਗ। **ਟਹਲ**—ਸੇਵਾ। **ਮੁਗਧੁ**—ਮੂਰਖ। **ਅਪਾਰੁ**—ਬੇਅੰਤ।

ਅਰਥ : ਮੂਰਖ ਮਨੁੱਖ ਉਸ ਪਰਮਾਤਮਾ ਨਾਲ ਪਿਆਰ ਨਹੀਂ ਕਰਦਾ ਜੋ ਜਨਮ ਤੋਂ ਲੈ ਕੇ ਮਰਨ ਸਮੇਂ ਤੱਕ ਇਸ ਦੀ ਰਾਖੀ ਕਰਨ ਵਾਲਾ ਹੈ।

ਮੂਰਖ ਜੀਵ ਉਸ ਪ੍ਰਭੂ ਨਾਲ ਚਿੱਤ ਨਹੀਂ ਜੋੜਦਾ ਜਿਸ ਦੀ ਸੇਵਾ ਕੀਤਿਆਂ ਇਸ ਨੂੰ ਸੰਸਾਰ ਦੇ ਨੌਂ (ਸਾਰੇ) ਹੀ ਖਜ਼ਾਨੇ ਮਿਲ ਜਾਂਦੇ ਹਨ।

ਅੰਨ੍ਹਾ ਮਨੁੱਖ ਉਸ ਠਾਕੁਰ ਨੂੰ ਕਿਤੇ ਦੂਰ ਬੈਠਾ ਸਮਝਦਾ ਹੈ ਜੋ ਹਰ ਵੇਲੇ ਇਸ ਦੇ ਅੰਗ-ਸੰਗ ਹੈ।

ਮੂਰਖ ਤੇ ਅੰਞਾਣ ਜੀਵ ਉਸ ਪ੍ਰਭੂ ਨੂੰ ਵਿਸਾਰ ਬੈਠਦਾ ਹੈ ਜਿਸ ਦੀ ਟਹਿਲ ਕੀਤਿਆਂ ਇਸ ਨੂੰ ਪਰਮਾਤਮਾ ਦੀ ਦਰਗਾਹ ਵਿਚ ਆਦਰ ਮਿਲਦਾ ਹੈ।

ਇਹ ਜੀਵ ਤਾਂ ਸਦਾ ਹੀ ਭੁੱਲਾਂ ਕਰਦਾ ਰਹਿੰਦਾ ਹੈ। ਹੇ ਨਾਨਕ! ਰੱਖਿਆ ਕਰਨ ਵਾਲਾ ਪਰਮਾਤਮਾ ਬੇਅੰਤ ਹੈ। ਉਹ ਇਸ ਜੀਵ ਦੇ ਔਗੁਣਾਂ ਵਲ ਨਹੀਂ ਦੇਖਦਾ॥ ੩॥

ਰਤਨੁ ਤਿਆਗਿ ਕਉਡੀ ਸੰਗਿ ਰਚੈ॥ ਸਾਚੁ ਛੋਡਿ ਝੂਠ ਸੰਗਿ ਮਚੈ॥
ਜੋ ਛਡਨਾ ਸੁ ਅਸਥਿਰੁ ਕਰਿ ਮਾਨੈ॥ ਜੋ ਹੋਵਨੁ ਸੋ ਦੂਰਿ ਪਰਾਨੈ॥
ਛੋਡਿ ਜਾਇ ਤਿਸ ਕਾ ਸ੍ਰਮੁ ਕਰੈ॥ ਸੰਗਿ ਸਹਾਈ ਤਿਸੁ ਪਰਹਰੈ॥
ਚੰਦਨ ਲੇਪੁ ਉਤਾਰੈ ਧੋਇ॥ ਗਰਧਬ ਪ੍ਰੀਤਿ ਭਸਮ ਸੰਗਿ ਹੋਇ॥
ਅੰਧ ਕੂਪ ਮਹਿ ਪਤਿਤ ਬਿਕਰਾਲ॥ ਨਾਨਕ ਕਾਢਿ ਲੇਹੁ ਪ੍ਰਭ ਦਇਆਲ॥ ੪॥

ਪਦ ਅਰਥ : **ਰਚੈ**—ਰੁੱਝਾ ਰਹਿੰਦਾ ਹੈ। **ਮਚੈ**—ਮਚਦਾ ਅਥਵਾ ਆਕੜਦਾ ਹੈ। **ਅਸਥਿਰੁ**—ਸਦਾ ਕਾਇਮ ਰਹਿਣ ਵਾਲਾ। **ਹੋਵਨੁ**—ਹੋਵਨਹਾਰ, ਜ਼ਰੂਰ ਹੋਣਾ ਹੈ। **ਪਰਾਨੈ**—ਪਛਾਣਦਾ ਹੈ। **ਸ੍ਰਮੁ**—ਮਿਹਨਤ। **ਪਰਹਰੈ**—ਛੱਡ ਦੇਂਦਾ ਹੈ। **ਗਰਧਬ**—ਗਧਾ। **ਭਸਮੁ**—ਸੁਆਹ। **ਕੂਪ**—ਖੂਹ। **ਪਤਿਤ**—ਡਿੱਗਾ ਹੋਇਆ। **ਬਿਕਰਾਲ**—ਡਰਾਉਣਾ।

ਅਰਥ : ਮਾਇਆ-ਧਾਰੀ ਜੀਵ ਨਾਮ-ਰਤਨ ਛੱਡ ਕੇ ਮਾਇਆ ਰੂਪ ਕਉਡੀ ਨਾਲ ਖੁਸ਼ ਫਿਰਦਾ ਹੈ। ਸੱਚੇ ਪ੍ਰਭੂ ਨੂੰ ਛੱਡ ਕੇ ਨਾਸ਼ਵੰਤ ਪਦਾਰਥਾਂ ਨਾਲ ਆਕੜਿਆ ਫਿਰਦਾ ਹੈ।

ਜੋ ਮਾਇਆ ਛੱਡ ਜਾਣੀ ਹੈ ਉਸ ਨੂੰ ਸਦਾ ਅਟੱਲ ਸਮਝਦਾ ਹੈ, ਜੋ ਮੌਤ ਜ਼ਰੂਰ ਆਉਣੀ ਹੈ, ਉਸ ਨੂੰ ਕਿਤੇ ਦੂਰ ਬੈਠੀ ਖ਼ਿਆਲ ਕਰਦਾ ਹੈ।

ਉਸ ਧਨ ਪਦਾਰਥ ਦੀ ਖਾਤਰ ਨਿੱਤ ਖੇਚਲ ਕਰਦਾ ਫਿਰਦਾ ਹੈ, ਜੋ ਅੰਤ ਛੱਡ ਜਾਣਾ ਹੈ। ਜੋ ਪ੍ਰਭੂ ਇਸ ਦਾ ਰਾਖਾ ਹੈ ਉਸ ਨੂੰ ਵਿਸਾਰ ਬੈਠਾ ਹੈ।

ਗਧੇ ਦਾ ਪਿਆਰ ਸਦਾ ਸੁਆਹ ਨਾਲ ਹੀ ਹੁੰਦਾ ਹੈ, ਚੰਦਨ ਦਾ ਲੇਪ ਵੀ ਧੋ ਕੇ ਲਾਹ ਦਿੰਦਾ ਹੈ।

ਜੀਵ ਮਾਇਆ ਦੇ ਹਨੇਰੇ ਤੇ ਭਿਆਨਕ ਖੂਹ ਵਿਚ ਡਿੱਗੇ ਪਏ ਹਨ। ਹੇ ਨਾਨਕ! ਅਰਦਾਸ ਕਰ ਕਿ ਹੇ ਦਿਆਲੂ ਪ੍ਰਭੂ! ਇਨ੍ਹਾਂ ਨੂੰ ਆਪ ਇਸ ਖੂਹ ਵਿਚੋਂ ਕੱਢ ਲੈ॥ ੪॥

ਕਰਤੂਤਿ ਪਸੂ ਕੀ ਮਾਨਸ ਜਾਤਿ॥ ਲੋਕ ਪਚਾਰਾ ਕਰੈ ਦਿਨੁ ਰਾਤਿ॥
ਬਾਹਰਿ ਭੇਖ ਅੰਤਰਿ ਮਲੁ ਮਾਇਆ॥ ਛਪਸਿ ਨਾਹਿ ਕਛੁ ਕਰੈ ਛਪਾਇਆ॥
ਬਾਹਰਿ ਗਿਆਨ ਧਿਆਨ ਇਸਨਾਨ॥ ਅੰਤਰਿ ਬਿਆਪੈ ਲੋਭੁ ਸੁਆਨੁ॥
ਅੰਤਰਿ ਅਗਨਿ ਬਾਹਰਿ ਤਨੁ ਸੁਆਹ॥ ਗਲਿ ਪਾਥਰ ਕੈਸੇ ਤਰੈ ਅਥਾਹ॥
ਜਾ ਕੈ ਅੰਤਰਿ ਬਸੈ ਪ੍ਰਭੁ ਆਪਿ॥ ਨਾਨਕ ਤੇ ਜਨ ਸਹਜਿ ਸਮਾਤਿ॥ ੫॥

ਪਦ ਅਰਥ : ਮਾਨਸ—ਮਨੁੱਖ। ਪਚਾਰਾ—ਵਿਖਾਵਾ। ਅੰਤਰਿ—ਮਨ ਵਿਚ। **ਬਿਆਪੈ**—ਜ਼ੋਰ ਪਾ ਰਿਹਾ ਹੈ। **ਸੁਆਨੁ**—ਕੁੱਤਾ। **ਗਲਿ**—ਗਲ ਵਿਚ। **ਅਥਾਹ**—ਜਿਸ ਦੀ ਡੂੰਘਾਈ ਦਾ ਪਤਾ ਨਾ ਲੱਗ ਸਕੇ। **ਸਮਾਤਿ**—ਸਮਾ ਜਾਂਦਾ ਹੈ।

ਅਰਥ : ਜਾਤ ਮਨੁੱਖ ਦੀ ਹੈ, ਪਰ ਕੰਮ ਪਸ਼ੂਆਂ ਵਾਲੇ ਹਨ, ਉਂਝ ਦਿਨ ਰਾਤ ਲੋਕਾਂ ਵਾਸਤੇ ਵਿਖਾਵਾ ਕਰ ਰਿਹਾ ਹੈ।

ਬਾਹਰ ਸਰੀਰ ਉੱਤੇ ਧਾਰਮਿਕ ਪੁਸ਼ਾਕ ਹੈ ਪਰ ਮਨ ਵਿਚ ਮਾਇਆ ਦੀ ਮੈਲ ਹੈ, ਬਾਹਰਲੇ ਭੇਖ ਨਾਲ ਛੁਪਾਉਣ ਦਾ ਯਤਨ ਕੀਤਿਆਂ ਮਨ ਦੀ ਮੈਲ ਲੁਕਦੀ ਨਹੀਂ।

ਬਾਹਰ ਵਿਖਾਵੇ ਵਾਸਤੇ ਤੀਰਥ ਇਸ਼ਨਾਨ ਤੇ ਗਿਆਨ ਦੀਆਂ ਗੱਲਾਂ ਕਰਦਾ ਹੈ; ਸਮਾਧੀਆਂ ਵੀ ਲਾਉਂਦਾ ਹੈ ਪਰ ਮਨ ਵਿਚ ਲੋਭ ਰੂਪ ਕੁੱਤਾ ਜ਼ੋਰ ਪਾ ਰਿਹਾ ਹੈ।

ਮਨ ਵਿਚ ਤ੍ਰਿਸ਼ਨਾ ਦੀ ਅੱਗ ਹੈ, ਬਾਹਰ ਸਰੀਰ ਸੁਆਹ ਨਾਲ ਲਿਬੜਿਆ ਹੋਇਆ ਹੈ। ਜੇ ਗਲ ਵਿਚ ਵਿਕਾਰਾਂ ਦੇ ਪੱਥਰ ਹੋਣ ਤਾਂ ਅਥਾਹ ਸੰਸਾਰ-ਸਮੁੰਦਰ ਨੂੰ ਜੀਵ ਕਿਵੇਂ ਤਰੇ?

ਜਿਸ ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਭੂ ਆ ਵਸਦਾ ਹੈ, ਹੇ ਨਾਨਕ! ਉਹੀ ਸਹਿਜ ਅਥਵਾ ਅਡੋਲ ਅਵਸਥਾ ਵਿਚ ਟਿਕੇ ਰਹਿੰਦੇ ਹਨ॥ ੫॥

ਸੁਨਿ ਅੰਧਾ ਕੈਸੇ ਮਾਰਗੁ ਪਾਵੈ॥ ਕਰੁ ਗਹਿ ਲੇਹੁ ਓੜਿ ਨਿਬਹਾਵੈ॥
ਕਹਾ ਬੁਝਾਰਤਿ ਬੂਝੈ ਡੋਰਾ॥ ਨਿਸਿ ਕਹੀਐ ਤਉ ਸਮਝੈ ਭੋਰਾ॥
ਕਹਾ ਬਿਸਨਪਦ ਗਾਵੈ ਗੁੰਗ॥ ਜਤਨ ਕਰੈ ਤਉ ਭੀ ਸੁਰ ਭੰਗ॥
ਕਹ ਪਿੰਗੁਲ ਪਰਬਤ ਪਰਭਵਨ॥ ਨਹੀ ਹੋਤ ਊਹਾ ਉਸੁ ਗਵਨ॥
ਕਰਤਾਰ ਕਰੁਣਾਮੈ ਦੀਨੁ ਬੇਨਤੀ ਕਰੈ॥ ਨਾਨਕ ਤੁਮਰੀ ਕਿਰਪਾ ਤਰੈ॥ ੬॥

ਪਦ ਅਰਥ : ਸੁਨਿ—ਸੁਣ ਕੇ। ਮਾਰਗੁ—ਰਸਤਾ। ਕਰੁ—ਹੱਥ। ਗਹਿ ਲੇਹੁ—ਫੜ

ਲਵੋ। ਓੜਿ—ਅਖੀਰ ਤਕ। ਬੁਝਾਰਤਿ—ਸੈਨਤ। ਭੋਰਾ—ਬੋਲਾ। ਨਿਸਿ—ਰਾਤ। ਭੋਰਾ—ਦਿਨ। ਭੰਗ—ਟੁੱਟੀ ਹੋਈ। ਪਿੰਗੁਲ—ਲੂਲ੍ਹਾ। ਪਰਭਵਨ—ਭੌਣਾ, ਫਿਰਨਾ। ਗਵਨ—ਪਹੁੰਚ। ਕਰੁਣਾਮੈ—ਤਰਸਵਾਨ। ਦੀਨੁ—ਨਿਮਾਣਾ।

ਅਰਥ : ਅੰਨ੍ਹਾ ਮਨੁੱਖ ਨਿਰਾ ਸੁਣ ਕੇ ਕਿਵੇਂ ਰਾਹ ਲੱਭ ਲਏ? ਹੇ ਪ੍ਰਭੂ ਆਪ ਇਸ ਦਾ ਹੱਥ ਫੜ ਲਵੋ ਤਾਂ ਜੋ ਇਹ ਅੰਤ ਤੱਕ ਪ੍ਰੀਤ ਨਿਬਾਹ ਸਕੇ।

ਬੋਲਾ ਮਨੁੱਖ ਨਿਰੀ ਸੈਨਤ ਨੂੰ ਕੀ ਸਮਝੇ? ਸੈਨਤ ਨਾਲ ਜੇ ਆਖੀਏ ਇਹ ਰਾਤ ਹੈ ਤਾਂ ਉਹ ਸਮਝ ਲੈਂਦਾ ਹੈ ਇਹ ਦਿਨ ਹੈ।

ਗੁੰਗਾ ਕਿਵੇਂ ਬਿਸ਼ਨਪਦੇ ਗਾ ਸਕੇ? ਕਈ ਜਤਨ ਵੀ ਕਰੇ ਤਾਂ ਵੀ ਉਸ ਦੀ ਸੁਰ ਟੁੱਟੀ ਰਹਿੰਦੀ ਹੈ।

ਲੂਲ੍ਹਾ ਕਿਵੇਂ ਪਹਾੜਾਂ ਤੇ ਭੌਂ ਸਕਦਾ ਹੈ? ਉਥੇ ਉਸ ਦੀ ਪਹੁੰਚ ਨਹੀਂ ਹੋ ਸਕਦੀ।

ਹੇ ਨਾਨਕ! ਇਸ ਹਾਲਤ ਵਿਚ ਕੇਵਲ ਅਰਦਾਸ ਕਰ ਤੇ ਆਖ ਕਿ ਹੇ ਕਰਤਾਰ! ਹੇ ਦਇਆ ਦੇ ਸਾਗਰ! ਇਹ ਨਿਮਾਣਾ ਦਾਸ ਬੇਨਤੀ ਕਰਦਾ ਹੈ, ਤੇਰੀ ਮਿਹਰ ਨਾਲ ਹੀ ਤਰ ਸਕਦਾ ਹੈ॥ ੬॥

ਸੰਗਿ ਸਹਾਈ ਸੁ ਆਵੈ ਨ ਚੀਤਿ॥ ਜੋ ਬੈਰਾਈ ਤਾ ਸਿਉ ਪ੍ਰੀਤਿ॥
ਬਲੂਆ ਕੇ ਗ੍ਰਿਹ ਭੀਤਰਿ ਬਸੈ॥ ਅਨਦ ਕੇਲ ਮਾਇਆ ਰੰਗਿ ਰਸੈ॥
ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ॥ ਕਾਲੁ ਨ ਆਵੈ ਮੂੜੇ ਚੀਤਿ॥
ਬੈਰ ਬਿਰੋਧ ਕਾਮ ਕ੍ਰੋਧ ਮੋਹ॥ ਝੂਠ ਬਿਕਾਰ ਮਹਾ ਲੋਭ ਧ੍ਰੋਹ॥
ਇਆਹੂ ਜੁਗਤਿ ਬਿਹਾਨੇ ਕਈ ਜਨਮ॥ ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥ ੭॥

ਪਦ ਅਰਥ : ਬੈਰਾਈ—ਵੈਰੀ। ਬਲੂਆ—ਰੇਤ। ਗ੍ਰਿਹ—ਘਰ। ਭੀਤਰਿ—ਵਿਚ। ਕੇਲ—ਚੋਜ। ਦ੍ਰਿੜੁ—ਪੱਕਾ। ਪ੍ਰਤੀਤ—ਯਕੀਨ। ਕਾਲੁ—ਮੌਤ। ਮੂੜੇ ਚੀਤਿ—ਮੂਰਖ ਦੇ ਚਿੱਤ ਵਿਚ। ਧ੍ਰੋਹ—ਠੱਗੀ। ਇਆਹੂ ਜੁਗਤਿ—ਇਸ ਤਰੀਕੇ ਨਾਲ। ਬਿਹਾਨੇ—ਗੁਜ਼ਰ ਗਏ ਹਨ। ਆਪਨ ਕਰਮ—ਆਪਣੀ ਮਿਹਰ।

ਅਰਥ : ਜੋ ਪ੍ਰਭੂ ਇਸ ਮੂਰਖ ਦਾ ਸੰਗੀ ਸਾਥੀ ਹੈ, ਉਸ ਨੂੰ ਇਹ ਚੇਤੇ ਨਹੀਂ ਕਰਦਾ, ਪਰ ਜੋ ਵੈਰੀ ਹੈ ਉਸ ਨਾਲ ਪਿਆਰ ਕਰ ਰਿਹਾ ਹੈ।

ਰੇਤ ਦੇ ਘਰ ਵਿਚ ਵਸਦਾ ਹੈ, ਫਿਰ ਵੀ ਮਾਇਆ ਦੀ ਮਸਤੀ ਵਿਚ ਮੌਜਾਂ ਮਾਣ ਰਿਹਾ ਹੈ।

ਆਪਣੇ ਆਪ ਨੂੰ ਅਮਰ ਸਮਝੀ ਬੈਠਾ ਹੈ। ਮਨ ਵਿਚ ਇਹੀ ਯਕੀਨ ਬਣਿਆ ਹੋਇਆ ਹੈ, ਪਰ ਮੂਰਖ ਦੇ ਚਿਤ ਵਿਚ ਕਦੇ ਮੌਤ ਦਾ ਖ਼ਿਆਲ ਵੀ ਨਹੀਂ ਆਉਂਦਾ।

ਵੈਰ ਵਿਰੋਧ, ਕਾਮ, ਕ੍ਰੋਧ, ਮੋਹ, ਝੂਠ, ਮੰਦੇ ਕਰਮ, ਭਾਰੀ ਲਾਲਚ ਤੇ ਦਗ਼ਾ—ਇਸ ਮਾਰਗ 'ਤੇ ਪੈ ਕੇ ਇਸ ਦੇ ਕਈ ਜਨਮ ਗੁਜ਼ਰ ਗਏ ਹਨ।

ਹੇ ਨਾਨਕ! ਪ੍ਰਭੂ ਦਰ 'ਤੇ ਅਰਦਾਸ ਕਰ ਕਿ ਹੇ ਦਾਤਾਰ! ਆਪਣੀ ਮਿਹਰ ਕਰ ਤੇ ਇਸ ਵਿਚਾਰੇ ਜੀਵ ਨੂੰ ਬਚਾ ਲੈ॥ ੭॥

ਤੂ ਠਾਕੁਰੁ ਤੁਮ ਪਹਿ ਅਰਦਾਸਿ॥ ਜੀਉ ਪਿੰਡੁ ਸਭੁ ਤੇਰੀ ਰਾਸਿ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥
ਕੋਇ ਨ ਜਾਨੈ ਤੁਮਰਾ ਅੰਤੁ॥ ਊਚੇ ਤੇ ਊਚਾ ਭਗਵੰਤ॥
ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥ ਤੁਮ ਤੇ ਹੋਇ ਸੁ ਆਗਿਆਕਾਰੀ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ॥ ਨਾਨਕ ਦਾਸ ਸਦਾ ਕੁਰਬਾਨੀ॥ ੮॥ ੪॥

ਪਦ ਅਰਥ : **ਪਿੰਡੁ**—ਸਰੀਰ। **ਰਾਸਿ**—ਪੂੰਜੀ, ਬਖਸ਼ੀਸ਼। **ਘਨੇਰੇ**—ਬਹੁਤ। **ਸਮਗ੍ਰੀ**—ਪਦਾਰਥ। **ਸੂਤ੍ਰਿ**—ਸੂਤ੍ਰ ਵਿਚ, ਹੁਕਮ ਵਿਚ। **ਧਾਰੀ**—ਟਿਕੀ ਹੋਈ ਹੈ। **ਗਤਿ**—ਹਾਲਤ। **ਮਿਤਿ**—ਅੰਦਾਜ਼ਾ। **ਕੁਰਬਾਨੀ**—ਸਦਕੇ।

ਅਰਥ : ਹੇ ਪ੍ਰਭੂ! ਤੂੰ ਮਾਲਿਕ ਹੈਂ। ਸਾਡੀ ਅਰਜ਼ ਤੇਰੇ ਅੱਗੇ ਹੀ ਹੈ। ਇਹ ਜਿੰਦ ਤੇ ਸਰੀਰ ਸਭ ਤੇਰੀ ਹੀ ਬਖਸ਼ੀਸ਼ ਹੈ।

ਤੂੰ ਸਾਡਾ ਮਾਂ-ਪਿਉਂ ਹੈਂ, ਅਸੀਂ ਤੇਰੇ ਬੱਚੇ ਹਾਂ। ਤੇਰੀ ਮਿਹਰ ਦੀ ਨਜ਼ਰ ਵਿਚ ਬੇਅੰਤ ਸੁਖ ਹਨ।

ਕੋਈ ਤੇਰਾ ਅੰਤ ਨਹੀਂ ਪਾ ਸਕਦਾ ਕਿਉਂਕਿ ਤੂੰ ਸਭ ਤੋਂ ਉੱਚਾ ਭਗਵਾਨ ਹੈਂ।

ਸੰਸਾਰ ਦੇ ਸਾਰੇ ਪਦਾਰਥ ਤੇਰੇ ਹੀ ਹੁਕਮ ਵਿਚ ਟਿਕੇ ਹੋਏ ਹਨ। ਤੇਰੀ ਰਚੀ ਹੋਈ ਸ੍ਰਿਸ਼ਟੀ ਤੇਰੀ ਹੀ ਆਗਿਆ ਵਿਚ ਤੁਰ ਰਹੀ ਹੈ।

ਤੂੰ ਕਿਹੋ ਜਿਹਾ ਹੈਂ ਤੇ ਕਿੱਡਾ ਵੱਡਾ ਹੈਂ, ਇਹ ਤੂੰ ਆਪ ਹੀ ਜਾਣਦਾ ਹੈਂ। ਹੇ ਨਾਨਕ! ਇਉਂ ਆਖ ਕਿ ਹੇ ਪ੍ਰਭੂ! ਤੇਰੇ ਸੇਵਕ ਤੈਥੋਂ ਸਦਾ ਬਲਿਹਾਰ ਜਾਂਦੇ ਹਨ॥ ੮॥ ੪॥

ਸ਼ਬਦ ਉਚਾਰਨ : (ੳ) ਸੀਂਗਾਰਿਆ, ਮਹਿੰ, ਬਸਹਿੰ, ਹਸਹਿੰ, ਪੀਵਹਿੰ, ਭੋਗਹਿੰ, ਪਾਂਵ, ਤਿਸਹਿੰ, ਸਿਉਂ, ਜਾਂ ਕੀ, ਤਾਂ ਕੀ, ਤਿਸਹਿੰ, ਕਹਾਂ, ਊਹਾਂ, ਤਾਂ, ਕਉਂ, ਸਿਉਂ ਮਨਹਿੰ, ਮਹਾਂ, ਬਿੰਦੀ ਸਹਿਤ ਉਚਾਰਨੇ ਹਨ।

(ਅ) ਲਾਪ੍ਰਵਾਹੀ ਕਾਰਨ 'ਤੁਮ ਤੇ ਹੋਇ' ਦੀ ਥਾਂ 'ਤੁਮ ਸੇ ਹੋਇ' ਪੜ੍ਹਨਾ ਗ਼ਲਤ ਪਾਠ ਕਰਨਾ ਹੈ।

॥ ਸਲੋਕੁ॥

ਦੇਨਹਾਰੁ ਪ੍ਰਭ ਛੋਡਿ ਕੈ ਲਾਗਹਿ ਆਨ ਸੁਆਇ॥
ਨਾਨਕ ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ॥ ੧॥

ਪਦ ਅਰਥ : ਆਨ—ਹੋਰ। ਸੁਆਇ—ਸੁਆਦ ਵਿਚ। **ਸੀਝਈ**—ਸਿੱਝਦਾ। **ਪਤਿ**—ਇੱਜ਼ਤ।

ਅਰਥ : ਸਾਰੀਆਂ ਦਾਤਾਂ ਦੇਣ ਵਾਲੇ ਪ੍ਰਭੂ ਨੂੰ ਛੱਡ ਕੇ ਜੀਵ ਹੋਰ ਸੁਆਦ ਵਿਚ ਲਗਦੇ ਹਨ, ਪਰ ਹੇ ਨਾਨਕ! ਇਹੋ ਜਿਹਾ ਮਨੁੱਖ ਕਦੇ ਜੀਵਨ ਯਾਤਰਾ ਵਿਚ ਸਫ਼ਲ ਨਹੀਂ ਹੁੰਦਾ ਕਿਉਂਕਿ ਪਰਮਾਤਮਾ ਦੇ ਨਾਮ ਤੋਂ ਬਿਨਾਂ ਇੱਜ਼ਤ ਨਹੀਂ ਰਹਿੰਦੀ।

ਅਸਟਪਦੀ॥

ਦਸ ਬਸਤੂ ਲੇ ਪਾਛੈ ਪਾਵੈ॥ ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥
ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥ ਤਉ ਮੂੜਾ ਕਹੁ ਕਹਾ ਕਰੇਇ॥
ਜਿਸੁ ਠਾਕੁਰ ਸਿਉ ਨਾਹੀ ਚਾਰਾ॥ ਤਾ ਕਉ ਕੀਜੈ ਸਦ ਨਮਸਕਾਰਾ॥
ਜਾ ਕੈ ਮਨਿ ਲਾਗਾ ਪ੍ਰਭੁ ਮੀਠਾ॥ ਸਰਬ ਸੂਖ ਤਾਹੂ ਮਨਿ ਵੂਠਾ॥
ਜਿਸੁ ਜਨ ਅਪਨਾ ਹੁਕਮੁ ਮਨਾਇਆ॥ ਸਰਬ ਥੋਕ ਨਾਨਕ ਤਿਨਿ ਪਾਇਆ॥ ੧॥

ਪਦ ਅਰਥ : ਬਸਤੂ—ਚੀਜ਼ਾਂ। ਪਾਛੈ ਪਾਵੈ—ਸਾਂਭ ਲੈਂਦਾ ਹੈ। ਬਿਖੋਟਿ—ਇਤਬਾਰ। ਮੂੜਾ—ਮੂਰਖ। ਚਾਰਾ—ਜ਼ੋਰ। ਵੂਠਾ—ਆ ਵਸਦੇ ਹਨ। ਥੋਕ—ਪਦਾਰਥ।

ਅਰਥ : ਮਨੁੱਖ ਪ੍ਰਭੂ ਤੋਂ ਦਸ ਚੀਜ਼ਾਂ ਲੈ ਕੇ ਸਾਂਭ ਲੈਂਦਾ ਹੈ ਪਰ ਇਕ ਚੀਜ਼ ਦੀ ਖਾਤਰ ਆਪਣਾ ਇਤਬਾਰ ਗਵਾ ਲੈਂਦਾ ਹੈ।

ਜੇ ਪ੍ਰਭੂ ਇਕ ਚੀਜ਼ ਵੀ ਨਾ ਦੇਵੇ ਅਤੇ ਦਸ ਦਿੱਤੀਆਂ ਹੋਈਆਂ ਵੀ ਖੋਹ ਲਵੇ ਤਾਂ ਦੱਸੋ ਇਹ ਮੂਰਖ ਕੀ ਕਰ ਸਕਦਾ ਹੈ?

ਜਿਸ ਮਾਲਕ ਦੇ ਨਾਲ ਪੇਸ਼ ਨਹੀਂ ਜਾ ਸਕਦੀ, ਉਸਦੇ ਅੱਗੇ ਸਦਾ ਸਿਰ ਨਿਵਾਉਣਾ ਹੀ ਚਾਹੀਦਾ ਹੈ।

ਜਿਸ ਮਨੁੱਖ ਦੇ ਮਨ ਵਿਚ ਪ੍ਰਭੂ ਪਿਆਰਾ ਲਗਦਾ ਹੈ, ਸਾਰੇ ਸੁਖ ਉਸ ਦੇ ਹਿਰਦੇ ਵਿਚ ਆ ਵਸਦੇ ਹਨ।

ਹੇ ਨਾਨਕ! ਜਿਸ ਮਨੁੱਖ ਤੋਂ ਪ੍ਰਭੂ ਆਪਣਾ ਹੁਕਮ ਮਨਾਉਂਦਾ ਹੈ, ਇਹ ਸਮਝੋ ਦੁਨੀਆਂ ਦੇ ਸਾਰੇ ਪਦਾਰਥ ਉਸ ਨੇ ਲੱਭ ਲਏ ਹਨ॥ ੧॥

ਅਗਨਤ ਸਾਹੁ ਅਪਨੀ ਦੇ ਰਾਸਿ॥ ਖਾਤ ਪੀਤ ਬਰਤੈ ਅਨਦ ਉਲਾਸਿ॥
ਅਪੁਨੀ ਅਮਾਨ ਕਛੁ ਬਹੁਰਿ ਸਾਹੁ ਲੇਇ॥ ਅਗਿਆਨੀ ਮਨਿ ਰੋਸੁ ਕਰੇਇ॥
ਅਪਨੀ ਪਰਤੀਤਿ ਆਪ ਹੀ ਖੋਵੈ॥ ਬਹੁਰਿ ਉਸ ਕਾ ਬਿਸ੍ਵਾਸੁ ਨ ਹੋਵੈ॥
ਜਿਸ ਕੀ ਬਸਤੁ ਤਿਸੁ ਆਗੈ ਰਾਖੈ॥ ਪ੍ਰਭ ਕੀ ਆਗਿਆ ਮਾਨੈ ਮਾਥੈ॥
ਉਸ ਤੇ ਚਉਗੁਨ ਕਰੈ ਨਿਹਾਲੁ॥ ਨਾਨਕ ਸਾਹਿਬੁ ਸਦਾ ਦਇਆਲੁ॥ ੨॥

ਪਦ ਅਰਥ : ਅਗਨਤ ਰਾਸਿ—ਅਣਗਿਣਤ ਪੂੰਜੀ। ਅਨਦ ਉਲਾਸਿ—ਚਾਉ ਖ਼ੁਸ਼ੀ ਨਾਲ। ਅਮਾਨ—ਅਮਾਨਤ। ਬਹੁਰਿ—ਮੁੜ। ਪਰਤੀਤਿ—ਇਤਬਾਰ। ਖੋਵੈ—ਗਵਾ ਲੈਂਦਾ ਹੈ। ਬਿਸ੍ਵਾਸੁ—ਇਤਬਾਰ। ਨਿਹਾਲੁ—ਖ਼ੁਸ਼।

ਅਰਥ : ਪ੍ਰਭੂ ਸ਼ਾਹ ਅਨਗਿਣਤ ਪਦਾਰਥਾਂ ਦੀ ਪੂੰਜੀ ਜੀਵ ਨੂੰ ਦਿੰਦਾ ਹੈ। ਜੀਵ

ਖਾਂਦਾ ਪੀਂਦਾ, ਚਾਉ ਤੇ ਖ਼ੁਸ਼ੀ ਨਾਲ ਇਨ੍ਹਾਂ ਪਦਾਰਥਾਂ ਨੂੰ ਵਰਤਦਾ ਹੈ।

ਜੇ ਸ਼ਾਹ ਆਪਣੀ ਕੋਈ ਅਮਾਨਤ ਮੋੜ ਲਵੇ ਤਾਂ ਇਹ ਅਗਿਆਨੀ ਮਨ ਵਿਚ ਰੋਸ ਕਰਦਾ ਹੈ।

ਇਸ ਤਰ੍ਹਾਂ ਆਪਣਾ ਇਤਬਾਰ ਆਪ ਹੀ ਗਵਾ ਲੈਂਦਾ ਹੈ ਤੇ ਮੁੜ ਇਸ ਦਾ ਵਿਸਾਹ ਨਹੀਂ ਕੀਤਾ ਜਾਂਦਾ।

ਜੇ, ਜਿਸ ਪ੍ਰਭੂ ਦੀ ਬਖਸ਼ੀ ਹੋਈ ਚੀਜ਼ ਹੈ, ਆਪ ਹੀ ਖ਼ੁਸ਼ੀ ਨਾਲ ਉਸ ਦੇ ਅੱਗੇ ਰੱਖ ਦੇਵੇ ਅਤੇ ਪ੍ਰਭੂ ਦਾ ਹੁਕਮ ਸਿਰ ਮੱਥੇ 'ਤੇ ਮੰਨ ਲਵੇ ਤਾਂ ਪ੍ਰਭੂ ਉਸ ਨੂੰ ਅੱਗੇ ਨਾਲੋਂ ਚੌਗੁਣਾ ਨਿਹਾਲ ਕਰਦਾ ਹੈ।

ਹੇ ਨਾਨਕ! ਮਾਲਕ ਹਮੇਸ਼ਾ ਮਿਹਰ ਕਰਨ ਵਾਲਾ ਹੈ॥ ੨॥

ਅਨਿਕ ਭਾਤਿ ਮਾਇਆ ਕੇ ਹੇਤ॥ ਸਰਪਰ ਹੋਵਤ ਜਾਨੁ ਅਨੇਤ॥
ਬਿਰਖ ਕੀ ਛਾਇਆ ਸਿਉ ਰੰਗੁ ਲਾਵੈ॥ ਓਹ ਬਿਨਸੈ ਉਹੁ ਮਨਿ ਪਛੁਤਾਵੈ॥
ਜੋ ਦੀਸੈ ਸੋ ਚਾਲਨਹਾਰੁ॥ ਲਪਟਿ ਰਹਿਓ ਤਹ ਅੰਧ ਅੰਧਾਰੁ॥
ਬਟਾਊ ਸਿਉ ਜੋ ਲਾਵੈ ਨੇਹ॥ ਤਾ ਕਉ ਹਾਥਿ ਨ ਆਵੈ ਕੇਹ॥
ਮਨ ਹਰਿ ਕੇ ਨਾਮ ਕੀ ਪ੍ਰੀਤਿ ਸੁਖਦਾਈ॥ ਕਰਿ ਕਿਰਪਾ ਨਾਨਕ ਆਪਿ ਲਏ ਲਾਈ॥ ੩॥

ਪਦ ਅਰਥ : ਭਾਤਿ—ਕਿਸਮ। ਹੇਤ—ਪਿਆਰ। ਸਰਪਰ—ਅੰਤ ਨੂੰ। ਜਾਨੁ—ਸਮਝ। ਅਨੇਤ—ਨਾਸਵੰਤ। ਬਿਰਖ—ਰੁੱਖ। ਰੰਗੁ—ਪਿਆਰ। ਚਾਲਨਹਾਰੁ—ਨਾਸਵੰਤ। ਲਪਟਿ ਰਹਿਓ—ਜੱਫਾ ਪਾਈ ਬੈਠਾ ਹੈ। ਅੰਧ ਅੰਧਾਰੁ—ਅੰਨ੍ਹਿਆਂ ਦਾ ਅੰਨ੍ਹਾ, ਮਹਾਂ ਮੂਰਖ। ਬਟਾਊ—ਰਾਹੀ। ਨੇਹ—ਪਿਆਰ।

ਅਰਥ : ਮਾਇਆ ਦੇ ਪਿਆਰ ਅਨੇਕਾਂ ਕਿਸਮਾਂ ਦੇ ਹਨ ਪਰ ਇਹ ਅੰਤ ਨੂੰ ਸਾਰੇ ਨਾਸ ਹੋਣ ਵਾਲੇ ਸਮਝੋ।

ਜੇ ਕੋਈ ਮਨੁੱਖ ਰੁੱਖ ਦੀ ਛਾਂ ਨਾਲ ਪਿਆਰ ਪਾ ਬੈਠੇ, ਉਹ ਛਾਂ ਨਾਸ ਹੋ ਜਾਂਦੀ ਹੈ ਤੇ ਉਹ ਮਨੁੱਖ ਮਨ ਵਿਚ ਪਛਤਾਂਦਾ ਹੈ।

ਇਹ ਸਾਰਾ ਸੰਸਾਰ ਜੋ ਦਿੱਸ ਰਿਹਾ ਹੈ, ਨਾਸਵੰਤ ਹੈ। ਇਹ ਅੰਨ੍ਹਿਆਂ ਦਾ ਅੰਨ੍ਹਾ ਜੀਵ ਇਸ ਸੰਸਾਰ ਨਾਲ ਜੱਫਾ ਪਾਈ ਬੈਠਾ ਹੈ।

ਜੋ ਵੀ ਮਨੁੱਖ ਕਿਸੇ ਰਾਹੀ ਨਾਲ ਪਿਆਰ ਪਾ ਲੈਂਦਾ ਹੈ, ਅੰਤ ਨੂੰ ਉਸ ਦੇ ਹੱਥ ਪੱਲੇ ਕੁਝ ਨਹੀਂ ਪੈਂਦਾ।

ਹੇ ਮਨ! ਪ੍ਰਭੂ ਦੇ ਨਾਮ ਦਾ ਪਿਆਰ ਹੀ ਸੁਖ ਦੇਣ ਵਾਲਾ ਹੈ, ਪਰ ਹੇ ਨਾਨਕ! ਇਹ ਪਿਆਰ ਉਸ ਮਨੁੱਖ ਨੂੰ ਨਸੀਬ ਹੁੰਦਾ ਹੈ, ਜਿਸ ਨੂੰ ਪ੍ਰਭੂ ਮਿਹਰ ਕਰਕੇ ਆਪ ਲਾਉਂਦਾ ਹੈ॥ ੩॥

ਮਿਥਿਆ ਤਨੁ ਧਨੁ ਕੁਟੰਬੁ ਸਬਾਇਆ॥ ਮਿਥਿਆ ਹਉਮੈ ਮਮਤਾ ਮਾਇਆ॥
ਮਿਥਿਆ ਰਾਜ ਜੋਬਨ ਧਨ ਮਾਲ॥ ਮਿਥਿਆ ਕਾਮ ਕ੍ਰੋਧ ਬਿਕਰਾਲ॥

ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ ॥ ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ ॥
ਮਿਥਿਆ ਧ੍ਰੋਹ ਮੋਹ ਅਭਿਮਾਨੁ ॥ ਮਿਥਿਆ ਆਪਸ ਊਪਰਿ ਕਰਤ ਗੁਮਾਨੁ ॥
ਅਸਥਿਰੁ ਭਗਤਿ ਸਾਧ ਕੀ ਸਰਨ ॥ ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ ॥ ੪ ॥

ਪਦ ਅਰਥ : ਮਿਥਿਆ—ਸਦਾ ਨਾ ਰਹਿਣ ਵਾਲਾ। ਕੁਟੰਬੁ—ਪਰਿਵਾਰ। ਸਬਾਇਆ—ਸਾਰਾ। ਮਮਤਾ—ਮੋਹ। ਜੋਬਨ—ਜੁਆਨੀ। ਬਿਕਰਾਲ—ਡਰਾਉਣਾ। ਹਸਤੀ—ਹਾਥੀ। ਅਸ੍ਵ—ਘੋੜੇ। ਬਸਤ੍ਰਾ—ਕੱਪੜੇ। ਰੰਗ ਸੰਗਿ—ਪਿਆਰ ਨਾਲ। ਪੇਖ—ਵੇਖ। ਹਸਤਾ—ਹੱਸਦਾ ਹੈ। ਧ੍ਰੋਹ—ਦਗਾ। ਅਸਥਿਰੁ—ਸਦਾ ਕਾਇਮ ਰਹਿਣ ਵਾਲੀ। ਭਗਤਿ—ਬੰਦਗੀ।

ਅਰਥ : ਜਦ ਇਹ ਸਰੀਰ, ਧਨ ਤੇ ਸਾਰਾ ਪਰਿਵਾਰ ਨਾਸ਼ਵੰਤ ਹੈ ਤਾਂ ਮਾਇਆ ਦੀ ਮਾਲਕੀ ਤੇ ਹਉਮੈ—ਇਨ੍ਹਾਂ ਉੱਤੇ ਮਾਣ ਵੀ ਝੂਠਾ ਹੈ।

ਰਾਜ, ਜੁਆਨੀ ਤੇ ਧਨ-ਮਾਲ, ਸਭ ਨਾਸਵੰਤ ਹਨ। ਇਨ੍ਹਾਂ ਕਾਰਨ ਉਪਜੀ ਕਾਮ ਦੀ ਲਹਿਰ ਤੇ ਭਿਆਨਕ ਕ੍ਰੋਧ ਵੀ ਵਿਅਰਥ ਹਨ।

ਰਥ, ਹਾਥੀ, ਘੋੜੇ ਤੇ ਸੁੰਦਰ ਕੱਪੜੇ ਸਦਾ ਕਾਇਮ ਰਹਿਣ ਵਾਲੇ ਨਹੀਂ ਹਨ। ਇਸ ਸਾਰੀ ਮਾਇਆ ਨੂੰ ਪਿਆਰ ਨਾਲ ਵੇਖ ਕੇ ਮਨੁੱਖ ਹੱਸਦਾ ਹੈ, ਪਰ ਇਹ ਹਾਸਾ ਤੇ ਮਾਣ ਵੀ ਵਿਅਰਥ ਹੈ।

ਦਗਾ, ਮੋਹ ਤੇ ਅਹੰਕਾਰ ਵਿਅਰਥ ਤਰੰਗਾਂ ਹਨ। ਆਪਣੇ ਉੱਤੇ ਮਾਣ ਕਰਨਾ ਵੀ ਝੂਠਾ ਨਸ਼ਾ ਹੈ।

ਸਦਾ ਕਾਇਮ ਰਹਿਣ ਵਾਲੀ ਪਰਮਾਤਮਾ ਦੀ ਭਗਤੀ ਹੀ ਹੈ ਜੋ ਗੁਰੂ ਦੀ ਸ਼ਰਨ ਵਿਚ ਪੈ ਕੇ ਕੀਤੀ ਜਾਏ। ਹੇ ਨਾਨਕ! ਪ੍ਰਭੂ ਦੇ ਚਰਨ ਹੀ ਸਦਾ ਜਪ ਕੇ ਮਨੁੱਖ ਅਸਲੀ ਜੀਵਨ ਜਿਊਂਦਾ ਹੈ॥ ੪॥

ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ ॥ ਮਿਥਿਆ ਹਸਤ ਪਰ ਦਰਬ ਕਉ ਹਿਰਹਿ ॥
ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ ॥ ਮਿਥਿਆ ਰਸਨਾ ਭੋਜਨ ਅਨ ਸ੍ਵਾਦ ॥
ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ॥ ਮਿਥਿਆ ਮਨ ਪਰ ਲੋਭ ਲੁਭਾਵਹਿ ॥
ਮਿਥਿਆ ਤਨ ਨਹੀ ਪਰਉਪਕਾਰਾ ॥ ਮਿਥਿਆ ਬਾਸੁ ਲੇਤ ਬਿਕਾਰਾ ॥
ਬਿਨੁ ਬੂਝੇ ਮਿਥਿਆ ਸਭ ਭਏ ॥ ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ ॥ ੫ ॥

ਪਦ ਅਰਥ : ਮਿਥਿਆ—ਵਿਅਰਥ। ਸ੍ਰਵਨ—ਕੰਨ। ਹਸਤ—ਹੱਥ। ਦਰਬ—ਧਨ। ਹਿਰਹਿ—ਚੋਰੀ ਕਰਦੇ ਹਨ। ਨੇਤ੍ਰ—ਅੱਖਾਂ। ਤ੍ਰਿਆ—ਇਸਤਰੀ। ਰਸਨਾ—ਜੀਭ। ਧਾਵਹਿ—ਦੌੜਦੇ ਹਨ। ਬਿਕਾਰ—ਵਿਗਾੜ। ਪਰ ਲੋਭ—ਪਰਾਏ ਧਨ ਆਦਿਕ ਦਾ ਲੋਭ। ਪਰਉਪਕਾਰ—ਦੂਜਿਆਂ ਦੀ ਭਲਾਈ। ਬਾਸੁ—ਵਾਸ਼ਨਾ। ਦੇਹ—ਸਰੀਰ।

ਅਰਥ : ਮਨੁੱਖ ਦੇ ਕੰਨ ਵਿਅਰਥ ਹਨ ਜੇ ਇਹ ਦੂਜਿਆਂ ਦੀ ਨਿੰਦਿਆ ਸੁਣਦੇ ਹਨ। ਹੱਥ ਵਿਅਰਥ ਹਨ ਜੇ ਇਹ ਪਰਾਏ ਧਨ ਨੂੰ ਚੁਰਾਉਂਦੇ ਹਨ।

ਅੱਖਾਂ ਵਿਅਰਥ ਹਨ ਜੇ ਇਹ ਪਰਾਈ ਇਸਤ੍ਰੀ ਦਾ ਰੂਪ ਤੱਕਦੀਆਂ ਹਨ। ਜੀਭ ਵਿਅਰਥ ਹੈ ਜੇ ਇਹ ਖਾਣੇ ਤੇ ਹੋਰ ਸੁਆਦਾਂ ਵਿਚ ਲੱਗੀ ਹੋਈ ਹੈ।

ਪੈਰ ਵਿਅਰਥ ਹਨ ਜੇ ਇਹ ਪਰਾਏ ਨੁਕਸਾਨ ਵਾਸਤੇ ਦੌੜ ਭੱਜ ਰਹੇ ਹਨ। ਹੇ ਮਨ! ਤੂੰ ਵੀ ਵਿਅਰਥ ਹੈਂ ਜੇ ਤੂੰ ਪਰਾਏ ਧਨ ਦਾ ਲੋਭ ਕਰ ਰਿਹਾ ਹੈਂ।

ਉਹ ਸਰੀਰ ਵਿਅਰਥ ਹਨ ਜੋ ਦੂਜਿਆਂ ਨਾਲ ਭਲਾਈ ਨਹੀਂ ਕਰਦੇ। ਨੱਕ ਵਿਅਰਥ ਹੈ ਜੋ ਵਿਕਾਰਾਂ ਦੀ ਵਾਸ਼ਨਾ ਲੈ ਰਿਹਾ ਹੈ।

ਆਪੋ ਆਪਣੀ ਹੋਂਦ ਦਾ ਮਨੋਰਥ ਸਮਝਣ ਤੋਂ ਬਿਨਾਂ ਇਹ ਸਾਰੇ ਅੰਗ ਵਿਅਰਥ ਹਨ। ਹੇ ਨਾਨਕ! ਉਹ ਸਰੀਰ ਸਫ਼ਲ ਹੈ ਜੋ ਪ੍ਰਭੂ ਦਾ ਨਾਮ ਜਪਦਾ ਹੈ॥ ੫॥

ਬਿਰਥੀ ਸਾਕਤ ਕੀ ਆਰਜਾ॥ ਸਾਚ ਬਿਨਾ ਕਹ ਹੋਵਤ ਸੂਚਾ॥
ਬਿਰਥਾ ਨਾਮ ਬਿਨਾ ਤਨੁ ਅੰਧ॥ ਮੁਖਿ ਆਵਤ ਤਾ ਕੈ ਦੁਰਗੰਧ॥
ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ॥ ਮੇਘ ਬਿਨਾ ਜਿਉ ਖੇਤੀ ਜਾਇ॥
ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ॥ ਜਿਉ ਕਿਰਪਨ ਕੇ ਨਿਰਾਰਥ ਦਾਮ॥
ਧੰਨਿ ਧੰਨਿ ਤੇ ਜਨ ਜਿਹ ਘਟਿ ਬਸਿਓ ਹਰਿ ਨਾਉ॥ ਨਾਨਕ ਤਾ ਕੈ ਬਲਿ ਬਲਿ ਜਾਉ॥ ੬॥

ਪਦ ਅਰਥ : **ਬਿਰਥੀ**—ਵਿਅਰਥ। **ਸਾਕਤ**—ਰੱਬ ਨਾਲੋਂ ਟੁੱਟਿਆ ਹੋਇਆ। **ਆਰਜਾ**—ਉਮਰ। **ਤਨੁ ਅੰਧ**—ਅੰਨ੍ਹੇ ਦਾ ਸਰੀਰ। **ਮੁਖਿ**—ਮੂੰਹ ਵਿਚੋਂ। **ਦੁਰਗੰਧ**—ਬਦਬੂ। **ਰੈਨਿ**—ਰਾਤ। **ਬਿਹਾਇ**—ਗੁਜ਼ਰ ਜਾਂਦੀ ਹੈ। **ਮੇਘ**—ਬੱਦਲ। **ਕਿਰਪਨ**—ਕੰਜੂਸ। **ਨਿਰਾਰਥ**—ਵਿਅਰਥ। **ਦਾਮ**—ਪੈਸੇ। **ਧੰਨਿ**—ਮੁਬਾਰਿਕ। **ਜਿਹ ਘਟਿ**—ਜਿਨ੍ਹਾਂ ਦੇ ਹਿਰਦੇ ਵਿਚ। **ਬਲਿ ਬਲਿ**—ਸਦਕੇ।

ਅਰਥ : ਰੱਬ ਨਾਲੋਂ ਟੁੱਟੇ ਹੋਏ ਮਨੁੱਖ ਦੀ ਉਮਰ ਵਿਅਰਥ ਜਾਂਦੀ ਹੈ ਕਿਉਂਕਿ ਸੱਚੇ ਪ੍ਰਭੂ ਦੇ ਨਾਮ ਤੋਂ ਬਿਨਾਂ ਉਹ ਕਿਵੇਂ ਸੁੱਚਾ ਹੋ ਸਕਦਾ ਹੈ?

ਨਾਮ ਤੋਂ ਬਿਨਾਂ ਅੰਨ੍ਹੇ ਅਥਵਾ ਸਾਕਤ ਦਾ ਸਰੀਰ ਵੀ ਕਿਸੇ ਕੰਮ ਨਹੀਂ ਕਿਉਂਕਿ ਉਸਦੇ ਮੂੰਹ ਵਿਚੋਂ ਨਿੰਦਾ ਆਦਿਕ ਦੀ ਬਦਬੂ ਆਉਂਦੀ ਹੈ।

ਜਿਵੇਂ ਬਾਰਸ਼ ਤੋਂ ਬਿਨਾਂ ਫਸਲ ਵਿਅਰਥ ਜਾਂਦੀ ਹੈ ਤਿਵੇਂ ਸਿਮਰਨ ਤੋਂ ਬਿਨਾਂ ਸਾਕਤ ਦੇ ਦਿਨ-ਰਾਤ ਬਿਨਾਂ ਲਾਭ ਤੋਂ ਗੁਜ਼ਰ ਜਾਂਦੇ ਹਨ।

ਪ੍ਰਭੂ ਦੇ ਭਜਨ ਤੋਂ ਖਾਲੀ ਰਹਿਣ ਕਰਕੇ ਮਨੁੱਖ ਦੇ ਸਾਰੇ ਹੀ ਕੰਮ ਕਿਸੇ ਅਰਥ ਨਹੀਂ, ਜਿਵੇਂ ਕੰਜੂਸ ਦਾ ਧਨ ਉਸਦੇ ਆਪਣੇ ਕੰਮ ਨਹੀਂ।

ਉਹ ਮਨੁੱਖ ਧੰਨ ਹਨ ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਵਸਦਾ ਹੈ। ਹੇ ਨਾਨਕ! ਮੈਂ ਉਨ੍ਹਾਂ ਗੁਰਮੁਖਾਂ ਤੋਂ ਬਲਿਹਾਰ ਜਾਂਦਾ ਹਾਂ॥ ੬॥

ਰਹਤ ਅਵਰ ਕਛੁ ਅਵਰ ਕਮਾਵਤ॥ ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥
ਜਾਨਨਹਾਰ ਪ੍ਰਭੂ ਪਰਬੀਨ॥ ਬਾਹਰਿ ਭੇਖ ਨ ਕਾਹੂ ਭੀਨ॥
ਅਵਰ ਉਪਦੇਸੈ ਆਪਿ ਨ ਕਰੈ॥ ਆਵਤ ਜਾਵਤ ਜਨਮੈ ਮਰੈ॥
ਜਿਸ ਕੈ ਅੰਤਰਿ ਬਸੈ ਨਿਰੰਕਾਰੁ॥ ਤਿਸ ਕੀ ਸੀਖ ਤਰੈ ਸੰਸਾਰੁ॥
ਜੋ ਤੁਮ ਭਾਨੇ ਤਿਨ ਪ੍ਰਭੁ ਜਾਤਾ॥ ਨਾਨਕ ਉਨ ਜਨ ਚਰਨ ਪਰਾਤਾ॥ ੭॥

ਪਦ ਅਰਥ : **ਰਹਤ**—ਧਰਮ ਦੇ ਬਾਹਰਲੇ ਨਿਸ਼ਾਨ। **ਕਛੁ ਅਵਰ**—ਕੁਝ ਹੋਰ। **ਕਮਾਵਤ**—ਕਮਾਉਂਦਾ ਹੈ। **ਮੁਖਹੁ**—ਮੂੰਹੋਂ। **ਗੰਢ ਲਾਵਤ**—ਗਾਂਢੇ ਲਾਉਂਦਾ ਹੈ। **ਪਰਬੀਨ**—ਸਿਆਣਾ। **ਕਾਹੂ**—ਕਿਸੇ ਦੇ। **ਭੀਨ**—ਭਿੱਜਦਾ। **ਜਿਸ ਕੈ ਅੰਤਰਿ**—ਜਿਸ ਮਨੁੱਖ ਦੇ ਮਨ ਵਿਚ। **ਸੀਖ**—ਸਿੱਖਿਆ। **ਤੁਮ ਭਾਨੇ**—ਤੈਨੂੰ ਭਾਉਂਦੇ ਹਨ। **ਪਰਾਤਾ**—ਪੈਂਦਾ ਹੈ।

ਅਰਥ : ਧਰਮ ਦੇ ਬਾਹਰਲੇ ਧਾਰੇ ਹੋਏ ਨਿਸ਼ਾਨ (ਚਿੰਨ੍ਹ) ਹੋਰ ਹਨ ਤੇ ਅਮਲੀ ਜੀਵਨ ਕੁਝ ਹੋਰ ਹੈ। ਮਨ ਵਿਚ ਤਾਂ ਪ੍ਰਭੂ ਨਾਲ ਪਿਆਰ ਨਹੀਂ, ਮੂੰਹ ਦੀਆਂ ਗੱਲਾਂ ਨਾਲ ਘਰ ਪੂਰਾ ਕਰਦਾ ਹੈ।

ਦਿਲ ਦੀਆਂ ਜਾਣਨ ਵਾਲਾ ਪ੍ਰਭੂ ਸਿਆਣਾ ਹੈ, ਉਹ ਕਦੇ ਕਿਸੇ ਦੇ ਬਾਹਰਲੇ ਭੇਖ ਨਾਲ ਪ੍ਰਸੰਨ ਨਹੀਂ ਹੋਇਆ।

ਜਿਹੜਾ ਮਨੁੱਖ ਹੋਰਨਾਂ ਨੂੰ ਮੱਤਾਂ ਦਿੰਦਾ ਹੈ ਪਰ ਆਪ ਨਹੀਂ ਅਮਲ ਕਰਦਾ, ਉਹ ਸਦਾ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ।

ਜਿਸ ਮਨੁੱਖ ਦੇ ਹਿਰਦੇ ਵਿਚ ਨਿਰੰਕਾਰ ਵਸਦਾ ਹੈ, ਉਸ ਦੀ ਸਿੱਖਿਆ ਨਾਲ ਸੰਸਾਰ ਵਿਕਾਰਾਂ ਤੋਂ ਬਚਦਾ ਹੈ।

ਹੇ ਪ੍ਰਭੂ! ਜਿਹੜੇ ਭਗਤ ਤੈਨੂੰ ਪਿਆਰੇ ਲਗਦੇ ਹਨ, ਉਨ੍ਹਾਂ ਨੇ ਤੈਨੂੰ ਪਛਾਣਿਆ ਹੈ। ਹੇ ਨਾਨਕ! ਇਉਂ ਆਖ ਕਿ ਮੈਂ ਉਨ੍ਹਾਂ ਭਗਤਾਂ ਦੇ ਪੈਰੀਂ ਪੈਂਦਾ ਹਾਂ॥ ੭॥

ਕਰਉ ਬੇਨਤੀ ਪਾਰਬ੍ਰਹਮੁ ਸਭੁ ਜਾਨੈ॥ ਅਪਨਾ ਕੀਆ ਆਪਹਿ ਮਾਨੈ॥
ਆਪਹਿ ਆਪ ਆਪਿ ਕਰਤ ਨਿਬੇਰਾ॥ ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ॥
ਉਪਾਵ ਸਿਆਨਪ ਸਗਲ ਤੇ ਰਹਤ॥ ਸਭੁ ਕਛੁ ਜਾਨੈ ਆਤਮ ਕੀ ਰਹਤ॥
ਜਿਸੁ ਭਾਵੈ ਤਿਸੁ ਲਏ ਲੜਿ ਲਾਇ॥ ਥਾਨ ਥਨੰਤਰਿ ਰਹਿਆ ਸਮਾਇ॥
ਸੋ ਸੇਵਕੁ ਜਿਸੁ ਕਿਰਪਾ ਕਰੀ॥ ਨਿਮਖ ਨਿਮਖ ਜਪਿ ਨਾਨਕ ਹਰੀ॥ ੮॥ ੫॥

ਪਦ ਅਰਥ : **ਕੀਆ**—ਪੈਦਾ ਕੀਤਾ ਹੋਇਆ। **ਆਪਹਿ**—ਆਪ ਹੀ। **ਮਾਨੈ**—ਮਾਣ ਦਿੰਦਾ ਹੈ। **ਨਿਬੇਰਾ**—ਫੈਸਲਾ। **ਨੇਰਾ**—ਨੇੜੇ। **ਸਗਲ ਤੇ ਰਹਤ**—ਸਭ ਤੋਂ ਪਰੇ ਹੈ। **ਉਪਾਵ**—ਹੀਲੇ। **ਰਹਿਤ**—ਰਹਿਣੀ। **ਥਾਨ ਥਨੰਤਰ**—ਹਰ ਥਾਂ। **ਨਿਮਖ ਨਿਮਖ**—ਅੱਖ ਦੇ ਫਰਕਣ ਦੇ ਸਮੇਂ ਵਿਚ ਵੀ।

ਅਰਥ : ਜਿਹੜੀ ਜਿਹੜੀ ਬੇਨਤੀ ਮੈਂ ਕਰਦਾ ਹਾਂ, ਪਰਮਾਤਮਾ ਸਭ ਜਾਣਦਾ

ਹੈ। ਆਪਣੇ ਪੈਦਾ ਕੀਤੇ ਜੀਵ ਨੂੰ ਉਹ ਆਪ ਹੀ ਮਾਣ ਬਖਸ਼ਦਾ ਹੈ।

ਜੀਵਾਂ ਦੇ ਕੀਤੇ ਕਰਮਾਂ ਅਨੁਸਾਰ ਅਕਾਲ ਪੁਰਖ ਆਪ ਹੀ ਨਿਬੇੜਾ ਕਰਦਾ ਹੈ। ਕਿਸੇ ਨੂੰ ਇਹ ਅਕਲ ਬਖਸ਼ਦਾ ਹੈ ਕਿ ਪ੍ਰਭੂ ਸਾਡੇ ਨੇੜੇ ਹੈ ਅਤੇ ਕਿਸੇ ਨੂੰ ਜਣਾਉਂਦਾ ਹੈ ਕਿ ਪ੍ਰਭੂ ਕਿਤੇ ਦੂਰ ਹੈ।

ਸਭ ਹੀਲਿਆਂ ਤੇ ਚਤਰਾਈਆਂ ਤੋਂ ਪ੍ਰਭੂ ਪਰੇ ਹੈ ਕਿਉਂਕਿ ਉਹ ਜੀਵ ਦੀ ਆਤਮਕ ਰਹਿਣੀ ਦੀ ਹਰੇਕ ਗੱਲ ਜਾਣਦਾ ਹੈ।

ਜੋ ਜੀਵ ਉਸ ਨੂੰ ਭਾਉਂਦਾ ਹੈ, ਉਸ ਜੀਵ ਨੂੰ ਆਪਣੇ ਲੜ ਲਾਉਂਦਾ ਹੈ। ਪ੍ਰਭੂ ਹਰ ਥਾਂ ਮੌਜੂਦ ਹੈ। ਉਹੀ ਮਨੁੱਖ ਅਸਲੀ ਸੇਵਕ ਬਣਦਾ ਹੈ, ਜਿਸ ਉੱਤੇ ਪ੍ਰਭੂ ਮਿਹਰ ਕਰਦਾ ਹੈ। ਹੇ ਨਾਨਕ! ਐਸੇ ਪ੍ਰਭੂ ਨੂੰ ਦਮ-ਬ-ਦਮ ਯਾਦ ਕਰ॥ ੮॥ ੫॥

ਸ਼ਬਦ ਉਚਾਰਨ : ਭਾਂਤਿ, ਸਿਉਂ, ਤਾਂ ਸੁਨਹਿਂ, ਧਾਵਹਿਂ, ਲੁਭਾਵਹਿਂ, ਮੁਖਹੁਂ, ਕਰਉਂ ਬਿੰਦੀ ਸਹਿਤ ਉਚਾਰਨ ਕਰਨੇ ਹਨ।

॥ ਸਲੋਕੁ ॥

ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥

ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ ॥ ੧ ॥

ਪਦ ਅਰਥ : **ਬਿਨਸਿ ਜਾਇ**—ਨਾਸ ਹੋ ਜਾਏ। **ਅਹੰਮੇਵ**—ਅਹੰਕਾਰ। **ਸਰਣਾਗਤੀ**—ਸ਼ਰਨ ਆਇਆ ਹਾਂ। **ਪ੍ਰਸਾਦੁ**—ਕਿਰਪਾ।

ਅਰਥ : ਹੇ ਨਾਨਕ! ਬੇਨਤੀ ਕਰ ਕਿ ਹੇ ਗੁਰਦੇਵ! ਹੇ ਪ੍ਰਭੂ! ਮੈਂ ਤੇਰੀ ਸ਼ਰਨ ਆਇਆ ਹਾਂ, ਮੇਰੇ ਉੱਤੇ ਮਿਹਰ ਕਰ। ਮੇਰਾ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦੂਰ ਹੋ ਜਾਏ।

ਅਸਟਪਦੀ ॥

ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥ ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥

ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ ॥ ਤਿਸ ਕਉ ਸਿਮਰਤ ਪਰਮ ਗਤਿ ਪਾਵਹਿ ॥

ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥ ਤਿਸਹਿ ਧਿਆਇ ਸਦਾ ਮਨ ਅੰਦਰਿ ॥

ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ ॥ ਆਠ ਪਹਰ ਸਿਮਰਹੁ ਤਿਸੁ ਰਸਨਾ ॥

ਜਿਹ ਪ੍ਰਸਾਦਿ ਰੰਗ ਰਸ ਭੋਗ ॥ ਨਾਨਕ ਸਦਾ ਧਿਆਈਐ ਧਿਆਵਨ ਜੋਗ ॥ ੧ ॥

ਪਦ ਅਰਥ : **ਜਿਹ ਪ੍ਰਸਾਦਿ**—ਜਿਸ ਪ੍ਰਭੂ ਦੀ ਕਿਰਪਾ ਨਾਲ। **ਅੰਮ੍ਰਿਤ**—ਸੁਆਦਲੇ ਭੋਜਨ। **ਖਾਹਿ**—ਤੂੰ ਖਾਂਦਾ ਹੈਂ। **ਸੁਗੰਧਤ**—ਸੋਹਣੀ ਵਾਸ਼ਨਾ ਵਾਲੀਆਂ ਚੀਜ਼ਾਂ। **ਪਰਮ ਗਤਿ**—ਉੱਚੀ ਪਦਵੀ। **ਰਸਨਾ**—ਜੀਭ ਨਾਲ।

ਅਰਥ : ਹੇ ਭਾਈ! ਜਿਸ ਪ੍ਰਭੂ ਦੀ ਕਿਰਪਾ ਨਾਲ ਤੂੰ ਕਈ ਪ੍ਰਕਾਰ ਦੇ ਸੁਆਦਲੇ ਭੋਜਨ ਖਾਂਦਾ ਹੈਂ, ਉਸ ਨੂੰ ਮਨ ਵਿਚ ਚੇਤੇ ਰੱਖ।

ਜਿਸ ਦੀ ਮਿਹਰ ਨਾਲ ਆਪਣੇ ਸਰੀਰ ਉੱਤੇ ਤੂੰ ਸੁਗੰਧੀਆਂ ਲਾਉਂਦਾ ਹੈਂ, ਉਸ ਨੂੰ ਯਾਦ ਕੀਤਿਆਂ ਤੂੰ ਉੱਚਾ ਦਰਜਾ ਹਾਸਲ ਕਰ ਲਏਂਗਾ।

ਜਿਸ ਦੀ ਦਇਆ ਨਾਲ ਤੂੰ ਸੁਖ-ਮਹਿਲਾਂ ਵਿਚ ਵਸਦਾ ਹੈਂ, ਉਸ ਨੂੰ ਸਦਾ ਮਨ ਵਿਚ ਸਿਮਰ।

ਜਿਸ ਪ੍ਰਭੂ ਦੀ ਕਿਰਪਾ ਨਾਲ ਤੂੰ ਘਰ ਮੌਜਾਂ ਨਾਲ ਵੱਸ ਰਿਹਾ ਹੈਂ, ਉਸ ਨੂੰ ਜੀਭ ਨਾਲ ਅੱਠੇ ਪਹਿਰ ਯਾਦ ਕਰ।

ਹੇ ਨਾਨਕ! ਜਿਸ ਪ੍ਰਭੂ ਦੀ ਮਿਹਰ ਕਾਰਨ ਤੈਨੂੰ ਚੋਜ-ਤਮਾਸ਼ੇ, ਸੁਆਦਲੇ ਖਾਣੇ ਤੇ ਪਦਾਰਥ ਨਸੀਬ ਹੁੰਦੇ ਹਨ, ਉਸ ਧਿਆਉਣ-ਜੋਗ ਨੂੰ ਸਦਾ ਹੀ ਧਿਆਉਣਾ ਚਾਹੀਦਾ ਹੈ॥ ੧॥

ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ ॥ ਤਿਸਹਿ ਤਿਆਗਿ ਕਤ ਅਵਰ ਲੁਭਾਵਹਿ ॥
ਜਿਹ ਪ੍ਰਸਾਦਿ ਸੁਖਿ ਸੇਜ ਸੋਈਜੈ ॥ ਮਨ ਆਠ ਪਹਰ ਤਾ ਕਾ ਜਸੁ ਗਾਵੀਜੈ ॥
ਜਿਹ ਪ੍ਰਸਾਦਿ ਤੁਝੁ ਸਭੁ ਕੋਊ ਮਾਨੈ ॥ ਮੁਖਿ ਤਾ ਕੋ ਜਸੁ ਰਸਨ ਬਖਾਨੈ ॥
ਜਿਹ ਪ੍ਰਸਾਦਿ ਤੇਰੋ ਰਹਤਾ ਧਰਮੁ ॥ ਮਨ ਸਦਾ ਧਿਆਇ ਕੇਵਲ ਪਾਰਬ੍ਰਹਮੁ ॥
ਪ੍ਰਭ ਜੀ ਜਪਤ ਦਰਗਹ ਮਾਨੁ ਪਾਵਹਿ ॥ ਨਾਨਕ ਪਤਿ ਸੇਤੀ ਘਰਿ ਜਾਵਹਿ ॥ ੨ ॥

ਪਦ ਅਰਥ : ਪਟੰਬਰ—ਰੇਸ਼ਮੀ ਕੱਪੜੇ। ਲੁਭਾਵਹਿ—ਤੂੰ ਲੋਭ ਕਰ ਰਿਹਾ ਹੈਂ। ਸੋਈਜੈ—ਸੌਂਈਦਾ ਹੈ। ਗਾਵੀਜੈ—ਗਾਉਣਾ ਚਾਹੀਦਾ ਹੈ। ਮਾਨੈ—ਮਾਣ ਦਿੰਦਾ ਹੈ। ਮੁਖਿ—ਮੂੰਹ ਨਾਲ। ਰਸਨ—ਜੀਭ ਨਾਲ। ਬਖਾਨੈ—ਉਚਾਰੇ। ਪਤਿ ਸੇਤੀ—ਇੱਜ਼ਤ ਨਾਲ।

ਅਰਥ : ਹੇ ਮਨ! ਜਿਸ ਪ੍ਰਭੂ ਦੀ ਕਿਰਪਾ ਨਾਲ ਤੂੰ ਰੇਸ਼ਮੀ ਕੱਪੜੇ ਹੰਢਾਉਂਦਾ ਹੈਂ, ਉਸ ਨੂੰ ਵਿਸਾਰ ਕੇ ਹੋਰ ਕਿੱਥੇ ਲੋਭ ਕਰ ਰਿਹਾ ਹੈਂ?

ਜਿਸ ਦੀ ਮਿਹਰ ਕਾਰਨ ਸੇਜ ਉੱਤੇ ਸੌਂਈਦਾ ਹੈ, ਹੇ ਮਨ! ਉਸ ਪ੍ਰਭੂ ਦਾ ਜਸ ਅੱਠੇ ਪਹਿਰ ਗਾਉਣਾ ਚਾਹੀਦਾ ਹੈ।

ਜਿਸ ਦੀ ਮਿਹਰ ਨਾਲ ਹਰੇਕ ਮਨੁੱਖ ਤੇਰਾ ਆਦਰ ਕਰਦਾ ਹੈ, ਉਸ ਦੀ ਵਡਿਆਈ ਆਪਣੇ ਮੂੰਹੋਂ ਜੀਭ ਨਾਲ ਸਦਾ ਕਰਿਆ ਕਰ।

ਜਿਸ ਪ੍ਰਭੂ ਦੀ ਕਿਰਪਾ ਨਾਲ ਤੇਰਾ ਧਰਮ ਕਾਇਮ ਰਹਿੰਦਾ ਹੈ, ਹੇ ਮਨ! ਤੂੰ ਸਦਾ ਉਸ ਪ੍ਰਮੇਸ਼ਰ ਨੂੰ ਸਿਮਰ।

ਹੇ ਨਾਨਕ! ਪਰਮਾਤਮਾ ਦਾ ਭਜਨ ਕੀਤਿਆਂ ਉਸ ਦੀ ਦਰਗਾਹ ਵਿਚ ਮਾਣ ਪਾਵੇਂਗਾ ਤੇ ਇਥੋਂ ਇੱਜ਼ਤ ਨਾਲ ਆਪਣੇ (ਪਰਲੋਕ ਦੇ) ਘਰ ਵਿਚ ਜਾਵੇਂਗਾ॥ ੨॥

ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ ॥ ਲਿਵ ਲਾਵਹੁ ਤਿਸੁ ਰਾਮ ਸਨੇਹੀ ॥
ਜਿਹ ਪ੍ਰਸਾਦਿ ਤੇਰਾ ਓਲਾ ਰਹਤ ॥ ਮਨ ਸੁਖੁ ਪਾਵਹਿ ਹਰਿ ਹਰਿ ਜਸੁ ਕਹਤ ॥

ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ॥ ਮਨ ਸਰਨੀ ਪਰੁ ਠਾਕੁਰ ਪ੍ਰਭ ਤਾ ਕੈ॥
ਜਿਹ ਪ੍ਰਸਾਦਿ ਤੁਝੁ ਕੋ ਨ ਪਹੂਚੈ॥ ਮਨ ਸਾਸਿ ਸਾਸਿ ਸਿਮਰਹੁ ਪ੍ਰਭ ਊਚੇ॥
ਜਿਹ ਪ੍ਰਸਾਦਿ ਪਾਈ ਦ੍ਰੁਲਭ ਦੇਹ॥ ਨਾਨਕ ਤਾ ਕੀ ਭਗਤਿ ਕਰੇਹ॥ ੩॥

ਪਦ ਅਰਥ : ਆਰੋਗ-ਰੋਗ ਰਹਿਤ। ਕੰਚਨ ਦੇਹੀ-ਸੋਨੇ ਵਰਗਾ ਸਰੀਰ। ਸਨੇਹੀ-ਪਿਆਰ ਕਰਨ ਵਾਲਾ। ਓਲਾ-ਪਰਦਾ। ਛਿਦ੍ਰ-ਐਬ। ਪਹੂਚੈ-ਅੱਪੜਦਾ। ਦ੍ਰੁਲਭ-ਜੋ ਬੜੀ ਮੁਸ਼ਕਲ ਨਾਲ ਲੱਭੇ।

ਅਰਥ : ਜਿਸ ਪ੍ਰਭੂ ਦੀ ਕਿਰਪਾ ਨਾਲ ਸੋਨੇ ਵਰਗਾ ਤੇਰਾ ਨਰੋਆ ਸਰੀਰ ਹੈ ਉਸ ਪਿਆਰੇ ਰਾਮ ਨਾਲ ਲਿਵ ਜੋੜ।

ਜਿਸ ਦੀ ਮਿਹਰ ਨਾਲ ਤੇਰਾ ਪਰਦਾ ਬਣਿਆ ਰਹਿੰਦਾ ਹੈ, ਹੇ ਮਨ! ਉਸ ਪ੍ਰਭੂ ਦੇ ਗੁਣ ਗਾਉਂਦਾ ਤੂੰ ਸੁਖ ਪਾਏਂਗਾ।

ਜਿਸ ਦੀ ਦਇਆ ਨਾਲ ਤੇਰੇ ਸਾਰੇ ਐਬ ਢਕੇ ਰਹਿੰਦੇ ਹਨ, ਹੇ ਮਨ! ਉਸ ਪ੍ਰਭੂ ਠਾਕਰ ਦੀ ਸ਼ਰਨ ਪਉ।

ਜਿਸ ਦੀ ਕਿਰਪਾ ਨਾਲ ਤੇਰੀ ਕੋਈ ਬਰਾਬਰੀ ਨਹੀਂ ਕਰ ਸਕਦਾ, ਹੇ ਮਨ! ਉਸ ਉੱਚੇ ਪ੍ਰਭੂ ਨੂੰ ਸ੍ਵਾਸ ਸ੍ਵਾਸ ਯਾਦ ਕਰ।

ਹੇ ਨਾਨਕ! ਜਿਸ ਦੀ ਕਿਰਪਾ ਨਾਲ ਤੈਨੂੰ ਇਹ ਮਨੁੱਖਾ ਸਰੀਰ ਮਿਲਿਆ ਹੈ, ਜੋ ਕਿ ਬੜੀ ਮੁਸ਼ਕਲ ਨਾਲ ਮਿਲਦਾ ਹੈ, ਉਸ ਪ੍ਰਭੂ ਦੀ ਭਗਤੀ ਕਰ॥ ੩॥

ਜਿਹ ਪ੍ਰਸਾਦਿ ਆਭੂਖਨ ਪਹਿਰੀਜੈ॥ ਮਨ ਤਿਸੁ ਸਿਮਰਤ ਕਿਉ ਆਲਸੁ ਕੀਜੈ॥
ਜਿਹ ਪ੍ਰਸਾਦਿ ਅਸ੍ਵ ਹਸਤਿ ਅਸਵਾਰੀ॥ ਮਨ ਤਿਸੁ ਪ੍ਰਭ ਕਉ ਕਬਹੂ ਨ ਬਿਸਾਰੀ॥
ਜਿਹ ਪ੍ਰਸਾਦਿ ਬਾਗ ਮਿਲਖ ਧਨਾ॥ ਰਾਖੁ ਪਰੋਇ ਪ੍ਰਭੁ ਅਪੁਨੇ ਮਨਾ॥
ਜਿਨਿ ਤੇਰੀ ਮਨ ਬਨਤ ਬਨਾਈ॥ ਊਠਤ ਬੈਠਤ ਸਦ ਤਿਸਹਿ ਧਿਆਈ॥
ਤਿਸਹਿ ਧਿਆਇ ਜੋ ਏਕ ਅਲਖੈ॥ ਈਹਾ ਊਹਾ ਨਾਨਕ ਤੇਰੀ ਰਖੈ॥ ੪॥

ਪਦ ਅਰਥ : ਆਭੂਖਨ-ਗਹਿਣੇ। ਪਹਿਰੀਜੈ-ਪਹਿਨੀਦੇ ਹਨ। ਅਸ੍ਵ-ਘੋੜੇ। ਹਸਤਿ-ਹਾਥੀ। ਮਿਲਖ-ਜ਼ਮੀਨ। ਬਨਤ-ਬਨਾਵਟ। ਅਲਖ-ਜੋ ਲਖਿਆ ਨਹੀਂ ਜਾ ਸਕਦਾ, ਬਿਆਨ ਨਹੀਂ ਕੀਤਾ ਜਾ ਸਕਦਾ। ਈਹਾ-ਇਸ ਲੋਕ ਵਿਚ। ਊਹਾ-ਉੱਥੇ, ਪਰਲੋਕ ਵਿਚ। ਰਖੈ-ਤੇਰੀ ਲਾਜ ਰਖਦਾ ਹੈ।

ਅਰਥ : ਜਿਸ ਪ੍ਰਭੂ ਦੀ ਮਿਹਰ ਨਾਲ ਗਹਿਣੇ ਪਹਿਨੀਦੇ ਹਨ, ਹੇ ਮਨ! ਉਸ ਦਾ ਸਿਮਰਨ ਕੀਤਿਆਂ ਆਲਸ ਕਿਉਂ ਕੀਤਾ ਜਾਏ?

ਜਿਸ ਦੀ ਮਿਹਰ ਨਾਲ ਤੂੰ ਘੋੜਿਆਂ ਅਤੇ ਹਾਥੀਆਂ ਦੀ ਸਵਾਰੀ ਕਰਦਾ ਹੈਂ, ਹੇ ਮਨ! ਉਸ ਪ੍ਰਭੂ ਨੂੰ ਕਦੇ ਨਾ ਵਿਸਾਰੀਂ।

ਜਿਸ ਦੀ ਮਿਹਰ ਨਾਲ ਬਾਗ, ਜ਼ਮੀਨਾਂ ਤੇ ਧਨ ਤੈਨੂੰ ਨਸੀਬ ਹੁੰਦੇ ਹਨ, ਉਸ ਪ੍ਰਭੂ ਨੂੰ ਆਪਣੇ ਮਨ ਵਿਚ ਪ੍ਰੋ ਰੱਖ।

ਹੇ ਮਨ! ਜਿਸ ਪ੍ਰਭੂ ਨੇ ਤੈਨੂੰ ਸਾਜਿਆ ਹੈ, ਉਠਦੇ ਬੈਠਦੇ ਹਰ ਵੇਲੇ ਉਸ ਨੂੰ ਸਿਮਰ।

ਹੇ ਨਾਨਕ! ਉਸ ਪ੍ਰਭੂ ਨੂੰ ਸਿਮਰ, ਜੋ ਇਕ ਹੈ ਤੇ ਬੇਅੰਤ ਹੈ। ਲੋਕ ਤੇ ਪਰਲੋਕ ਵਿਚ ਉਹੀ ਤੇਰੀ ਲਾਜ ਰੱਖਣ ਵਾਲਾ ਹੈ॥ ੪॥

ਜਿਹ ਪ੍ਰਸਾਦਿ ਕਰਹਿ ਪੁੰਨ ਬਹੁ ਦਾਨ ॥ ਮਨ ਆਠ ਪਹਰ ਕਰਿ ਤਿਸ ਕਾ ਧਿਆਨ ॥
ਜਿਹ ਪ੍ਰਸਾਦਿ ਤੂ ਆਚਾਰ ਬਿਉਹਾਰੀ ॥ ਤਿਸੁ ਪ੍ਰਭ ਕਉ ਸਾਸਿ ਸਾਸਿ ਚਿਤਾਰੀ ॥
ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ ॥ ਸੋ ਪ੍ਰਭੁ ਸਿਮਰਹੁ ਸਦਾ ਅਨੂਪੁ ॥
ਜਿਹ ਪ੍ਰਸਾਦਿ ਤੇਰੀ ਨੀਕੀ ਜਾਤਿ ॥ ਸੋ ਪ੍ਰਭੁ ਸਿਮਰਿ ਸਦਾ ਦਿਨ ਰਾਤਿ ॥
ਜਿਹ ਪ੍ਰਸਾਦਿ ਤੇਰੀ ਪਤਿ ਰਹੈ ॥ ਗੁਰ ਪ੍ਰਸਾਦਿ ਨਾਨਕ ਜਸੁ ਕਹੈ ॥ ੫ ॥

ਪਦ ਅਰਥ : ਆਚਾਰ—ਰਸਮ ਰਿਵਾਜ। ਅਨੂਪ—ਜਿਸ ਵਰਗਾ ਹੋਰ ਕੋਈ ਨਹੀਂ। ਨੀਕੀ—ਚੰਗੀ। ਪਤਿ—ਇੱਜ਼ਤ।

ਅਰਥ : ਜਿਸ ਪ੍ਰਭੂ ਦੀ ਕਿਰਪਾ ਨਾਲ ਤੂੰ ਬਹੁਤ ਪੁੰਨ ਦਾਨ ਕਰਦਾ ਹੈਂ, ਹੇ ਮਨ ਅੱਠੇ ਪਹਿਰ ਉਸ ਨੂੰ ਯਾਦ ਕਰ।

ਜਿਸ ਦੀ ਮਿਹਰ ਨਾਲ ਤੂੰ ਕਾਰ-ਬਿਉਹਾਰ ਕਰਨ ਜੋਗਾ ਹੋਇਆ ਹੈਂ, ਉਸ ਪ੍ਰਭੂ ਨੂੰ ਸੁਆਸ ਸੁਆਸ ਯਾਦ ਕਰ।

ਜਿਸ ਦੀ ਮਿਹਰ ਨਾਲ ਤੇਰੀ ਸੋਹਣੀ ਸੂਰਤ ਹੈ, ਉਸ ਸੋਹਣੇ ਮਾਲਕ ਨੂੰ ਸਦਾ ਸਿਮਰ।

ਜਿਸ ਪ੍ਰਭੂ ਦੀ ਕਿਰਪਾ ਨਾਲ ਤੈਨੂੰ ਚੰਗੀ (ਮਨੁੱਖ) ਜਾਤੀ ਮਿਲੀ ਹੈ, ਉਸ ਨੂੰ ਸਦਾ ਦਿਨ ਰਾਤ ਯਾਦ ਕਰ।

ਜਿਸ ਦੀ ਮਿਹਰ ਨਾਲ ਤੇਰੀ ਇੱਜ਼ਤ ਸੰਸਾਰ ਵਿਚ ਬਣੀ ਹੋਈ ਹੈ, ਉਸ ਦਾ ਨਾਮ ਸਿਮਰ। ਹੇ ਨਾਨਕ! ਗੁਰੂ ਦੀ ਬਰਕਤ ਲੈ ਕੇ ਵਡਭਾਗੀ ਮਨੁੱਖ ਉਸ ਦੀ ਸਿਫਤ-ਸਲਾਹ ਕਰਦਾ ਹੈ॥ ੫॥

ਜਿਹ ਪ੍ਰਸਾਦਿ ਸੁਨਹਿ ਕਰਨ ਨਾਦ ॥ ਜਿਹ ਪ੍ਰਸਾਦਿ ਪੇਖਹਿ ਬਿਸਮਾਦ ॥
ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ ॥ ਜਿਹ ਪ੍ਰਸਾਦਿ ਸੁਖਿ ਸਹਜੇ ਬਸਨਾ ॥
ਜਿਹ ਪ੍ਰਸਾਦਿ ਹਸਤ ਕਰ ਚਲਹਿ ॥ ਜਿਹ ਪ੍ਰਸਾਦਿ ਸੰਪੂਰਨ ਫਲਹਿ ॥
ਜਿਹ ਪ੍ਰਸਾਦਿ ਪਰਮ ਗਤਿ ਪਾਵਹਿ ॥ ਜਿਹ ਪ੍ਰਸਾਦਿ ਸੁਖਿ ਸਹਜਿ ਸਮਾਵਹਿ ॥
ਐਸਾ ਪ੍ਰਭੁ ਤਿਆਗਿ ਅਵਰ ਕਤ ਲਾਗਹੁ ॥ ਗੁਰ ਪ੍ਰਸਾਦਿ ਨਾਨਕ ਮਨਿ ਜਾਗਹੁ ॥ ੬ ॥

ਪਦ ਅਰਥ : ਕਰਨ—ਕੰਨ। ਨਾਦ—ਰਸੀਲੇ ਬੋਲ। ਪੇਖਹਿ—ਤੂੰ ਵੇਖਦਾ ਹੈਂ।

ਬਿਸਮਾਦ—ਅਸਚਰਜ। ਰਸਨਾ—ਜੀਭ। ਸਹਜੇ—ਸੁਭਾਵਕ ਹੀ। ਹਸਤ—ਹੱਥ। ਕਰ—ਹੱਥ। ਫਲਹਿ—ਫਲਦਾ ਹੈ। ਜਾਗਹੁ—ਹੁਸ਼ਿਆਰ ਹੋਵੇ।

ਅਰਥ : ਜਿਸ ਦੀ ਮਿਹਰ ਨਾਲ ਤੂੰ ਆਪਣੇ ਕੰਨਾਂ ਨਾਲ ਸੋਹਣੇ ਬੋਲ ਸੁਣਦਾ ਹੈਂ, ਜਿਸ ਦੀ ਮਿਹਰ ਨਾਲ ਅਸਚਰਜ ਨਜ਼ਾਰੇ ਵੇਖਦਾ ਹੈਂ;

ਜਿਸ ਦੀ ਬਰਕਤ ਪਾ ਕੇ ਜੀਭ ਨਾਲ ਮਿੱਠੇ ਬੋਲ ਬੋਲਦਾ ਹੈਂ, ਜਿਸ ਦੀ ਕਿਰਪਾ ਨਾਲ ਸੁਭਾਵਕ ਹੀ ਸੁਖੀ ਵੱਸ ਰਿਹਾ ਹੈਂ;

ਜਿਸ ਦੀ ਮਿਹਰ ਨਾਲ ਤੇਰੇ ਹੱਥ ਆਦਿਕ ਸਾਰੇ ਅੰਗ ਕੰਮ ਦੇ ਰਹੇ ਹਨ, ਜਿਸ ਦੀ ਕਿਰਪਾ ਨਾਲ ਤੂੰ ਹਰੇਕ ਕਾਰ-ਵਿਹਾਰ ਵਿਚ ਸਫ਼ਲ ਹੁੰਦਾ ਹੈਂ ;

ਜਿਸਦੀ ਬਖਸ਼ਸ਼ ਨਾਲ ਤੈਨੂੰ ਉੱਚਾ ਦਰਜਾ ਮਿਲਦਾ ਹੈ ਅਤੇ ਤੂੰ ਸੁਖ ਤੇ ਬੇ-ਫਿਕਰੀ ਵਿਚ ਮਸਤ ਹੈਂ;

ਅਜਿਹਾ ਪ੍ਰਭੂ ਵਿਸਾਰ ਕੇ ਤੂੰ ਹੋਰ ਕਿਸ ਪਾਸੇ ਲਗ ਰਿਹਾ ਹੈਂ? ਹੇ ਨਾਨਕ! ਗੁਰੂ ਦੀ ਬਖਸ਼ਸ਼ ਲੈ ਕੇ ਮਨ ਵਿਚ ਹੁਸ਼ਿਆਰ ਹੋ॥ ੬॥

ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ॥ ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ॥
ਜਿਹ ਪ੍ਰਸਾਦਿ ਤੇਰਾ ਪਰਤਾਪੁ॥ ਰੇ ਮਨ ਮੂੜ ਤੂ ਤਾ ਕਉ ਜਾਪੁ॥
ਜਿਹ ਪ੍ਰਸਾਦਿ ਤੇਰੇ ਕਾਰਜ ਪੂਰੇ॥ ਤਿਸਹਿ ਜਾਨੁ ਮਨ ਸਦਾ ਹਜੂਰੇ॥
ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ॥ ਰੇ ਮਨ ਮੇਰੇ ਤੂੰ ਤਾ ਸਿਉ ਰਾਚੁ॥
ਜਿਹ ਪ੍ਰਸਾਦਿ ਸਭ ਕੀ ਗਤਿ ਹੋਇ॥ ਨਾਨਕ ਜਾਪੁ ਜਪੈ ਜਪੁ ਸੋਇ॥ ੭॥

ਪਦ ਅਰਥ : ਪ੍ਰਗਟੁ—ਮਸ਼ਹੂਰ। ਮੂੜ—ਮੂਰਖ। ਕਾਰਜ—ਕੰਮ। ਹਜੂਰੇ—ਅੰਗ ਸੰਗ। ਰਾਚੁ—ਰਚ, ਜੁੜਿਆ ਰਹੁ। ਗਤਿ—ਪਹੁੰਚ।

ਅਰਥ : ਜਿਸ ਪ੍ਰਭੂ ਦੀ ਕਿਰਪਾ ਨਾਲ ਤੂੰ ਸੰਸਾਰ ਵਿਚ ਸੋਭਾ ਵਾਲਾ ਹੈਂ, ਉਸ ਨੂੰ ਕਦੇ ਵੀ ਮਨੋਂ ਨਾ ਭੁਲਾ।

ਜਿਸ ਦੀ ਕਿਰਪਾ ਨਾਲ ਤੈਨੂੰ ਵਡਿਆਈ ਮਿਲੀ ਹੋਈ ਹੈ, ਹੇ ਮੂਰਖ ਮਨ! ਤੂੰ ਉਸ ਪ੍ਰਭੂ ਨੂੰ ਜਪ।

ਜਿਸ ਦੀ ਕਿਰਪਾ ਨਾਲ ਤੇਰੇ ਸਾਰੇ ਕੰਮ ਸਿਰੇ ਚੜ੍ਹਦੇ ਹਨ, ਹੇ ਮਨ! ਤੂੰ ਉਸ ਪ੍ਰਭੂ ਨੂੰ ਸਦਾ ਅੰਗ-ਸੰਗ ਜਾਣ।

ਜਿਸ ਦੀ ਬਰਕਤ ਨਾਲ ਤੈਨੂੰ ਸੱਚ ਪ੍ਰਾਪਤ ਹੁੰਦਾ ਹੈ, ਹੇ ਮੇਰੇ ਮਨ! ਤੂੰ ਉਸ ਪ੍ਰਭੂ ਨਾਲ ਜੁੜਿਆ ਰਹੁ।

ਜਿਸ ਪਰਮਾਤਮਾ ਦੀ ਕਿਰਪਾ ਨਾਲ ਹਰੇਕ ਜੀਵ ਦੀ ਉਸ ਤੱਕ ਪਹੁੰਚ ਹੋ ਜਾਂਦੀ ਹੈ, ਉਸ ਨੂੰ ਜਪ। ਹੇ ਨਾਨਕ! ਜਿਸ ਨੂੰ ਇਹ ਦਾਤ ਮਿਲਦੀ ਹੈ, ਉਹ ਹਰੀ ਦਾ ਜਾਪ ਹੀ ਜਪਦਾ ਹੈ॥ ੭॥

ਆਪਿ ਜਪਾਏ ਜਪੈ ਸੋ ਨਾਉ॥ ਆਪਿ ਗਾਵਾਏ ਸੁ ਹਰਿ ਗੁਨ ਗਾਉ॥
ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ॥ ਪ੍ਰਭੂ ਦਇਆ ਤੇ ਕਮਲ ਬਿਗਾਸੁ॥
ਪ੍ਰਭ ਸੁਪ੍ਰਸੰਨ ਬਸੈ ਮਨਿ ਸੋਇ॥ ਪ੍ਰਭ ਦਇਆ ਤੇ ਮਤਿ ਊਤਮ ਹੋਇ॥
ਸਰਬ ਨਿਧਾਨ ਪ੍ਰਭ ਤੇਰੀ ਮਇਆ॥ ਆਪਹੁ ਕਛੂ ਨ ਕਿਨਹੂ ਲਇਆ॥
ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ॥ ਨਾਨਕ ਇਨ ਕੈ ਕਛੂ ਨ ਹਾਥ॥ ੮॥ ੬॥

ਪਦ ਅਰਥ : ਪ੍ਰਗਾਸੁ—ਚਾਨਣ। ਕਮਲ ਬਿਗਾਸੁ—ਹਿਰਦੇ ਰੂਪੀ ਕੌਲ ਫੁੱਲ ਦਾ ਖਿੜਾਉ। ਨਿਧਾਨ—ਖਜ਼ਾਨੇ।

ਅਰਥ : ਉਹੀ ਮਨੁੱਖ ਹਰੀ ਦਾ ਨਾਮ ਜਪਦਾ ਹੈ ਜਿਸ ਪਾਸੋਂ ਪ੍ਰਭੂ ਆਪ ਜਪਾਉਂਦਾ ਹੈ। ਉਹੀ ਮਨੁੱਖ ਹਰੀ ਦੇ ਗੁਣ ਗਾਉਂਦਾ ਹੈ ਜਿਸ ਨੂੰ ਗਾਉਣ ਲਈ ਪ੍ਰੇਰਦਾ ਹੈ।

ਪ੍ਰਭੂ ਦੀ ਕਿਰਪਾ ਨਾਲ ਮਨ ਵਿਚ ਗਿਆਨ ਦਾ ਪ੍ਰਕਾਸ਼ ਹੁੰਦਾ ਹੈ। ਉਸ ਦੀ ਦਇਆ ਨਾਲ ਹਿਰਦਾ ਰੂਪ ਕਉਲ ਫੁੱਲ ਖਿੜਦਾ ਹੈ।

ਉਹ ਪ੍ਰਭੂ ਉਸ ਮਨੁੱਖ ਦੇ ਮਨ ਵਿਚ ਵੱਸਦਾ ਹੈ ਜਿਸ ਉਤੇ ਉਹ ਤਰੁੱਠਦਾ ਹੈ। ਪ੍ਰਭੂ ਦੀ ਮਿਹਰ ਨਾਲ ਮਨੁੱਖ ਦੀ ਮੱਤ ਚੰਗੀ ਹੁੰਦੀ ਹੈ।

ਹੇ ਪ੍ਰਭੂ! ਤੇਰੀ ਮਿਹਰ ਦੀ ਨਜ਼ਰ ਵਿਚ ਸਾਰੇ ਖਜ਼ਾਨੇ ਹਨ, ਆਪਣੇ ਜਤਨ ਨਾਲ ਕਿਸੇ ਨੇ ਵੀ ਕੁਝ ਨਹੀਂ ਲੱਭਾ।

ਹੇ ਹਰੀ! ਹੇ ਨਾਥ! ਜਿਧਰ ਤੂੰ ਲਾਉਂਦਾ ਹੈਂ, ਉਧਰ ਇਹ ਜੀਵ ਲਗਦੇ ਹਨ। ਹੇ ਨਾਨਕ! ਇਨ੍ਹਾਂ ਜੀਵਾਂ ਦੇ ਵੱਸ ਵਿਚ ਕੁਝ ਨਹੀਂ॥ ੮॥ ੬॥

ਸ਼ਬਦ ਉਚਾਰਨ : ਖਾਹਿੰ, ਮਾਹਿੰ, ਲਾਵਹਿੰ, ਪਾਵਹਿੰ, ਬਸਹਿੰ, ਤਿਸਹਿੰ, ਹਢਾਵਹਿੰ, ਲੁਭਾਵਹਿੰ, ਤਾਂ ਕੋ, ਪਾਵਹਿੰ, ਜਾਵਹਿੰ, ਤਾਂ ਕੀ, ਕਿਉਂ, ਬਿਸਾਰੀਂ, ਈਹਾਂ, ਊਹਾਂ, ਕਰਹਿੰ, ਚਿਤਾਰੀਂ, ਸੁਨਹਿੰ, ਪੇਖਹਿੰ, ਬੋਲਹਿੰ, ਚਲਹਿੰ, ਫਲਹਿੰ, ਪਾਵਹਿੰ, ਸਮਾਵਹਿੰ, ਮਨਹੁੰ, ਤਾਂ ਕਉ, ਤਿਸਹਿੰ, ਪਾਵਹਿੰ, ਨਾਊਂ, ਆਪਹੁੰ, ਕਿਨਹੂੰ, ਲਗਹਿੰ, ਬਿੰਦੀ ਸਹਿਤ ਬੋਲਣੇ ਹਨ।

॥ ਸਲੋਕੁ ॥

ਅਗਮ ਅਗਾਧਿ ਪਾਰਬ੍ਰਹਮੁ ਸੋਇ॥ ਜੋ ਜੋ ਕਹੈ ਸੁ ਮੁਕਤਾ ਹੋਇ॥
ਸੁਨਿ ਮੀਤਾ ਨਾਨਕੁ ਬਿਨਵੰਤਾ॥ ਸਾਧ ਜਨਾ ਕੀ ਅਚਰਜ ਕਥਾ॥ ੧॥

ਪਦ ਅਰਥ : ਅਗਮ—ਜਿਸ ਤੱਕ ਪਹੁੰਚ ਨਾ ਹੋ ਸਕੇ। ਅਗਾਧਿ—ਅਥਾਹ। ਮੁਕਤਾ—ਮਾਇਆ ਦੇ ਬੰਧਨਾਂ ਤੋਂ ਆਜ਼ਾਦ। ਨਾਨਕ ਬਿਨਵੰਤਾ—ਨਾਨਕ ਬੇਨਤੀ ਕਰਦਾ ਹੈ। ਸਾਧ—ਜਿਸ ਮਨੁੱਖ ਨੇ ਆਪਣੇ ਆਪ ਨੂੰ (ਮਨ ਨੂੰ) ਸਾਧਿਆ ਅਥਵਾ ਵੱਸ ਕੀਤਾ ਹੈ, ਗੁਰਮੁਖ। ਅਚਰਜ—ਹੈਰਾਨ ਕਰਨ ਵਾਲੀ। ਕਥਾ—ਗੱਲ ਬਾਤ।

ਅਰਥ : ਉਹ ਬੇਅੰਤ ਪ੍ਰਭੂ ਜੀਵ ਦੀ ਪਹੁੰਚ ਤੋਂ ਪਰੇ ਹੈ ਤੇ ਅਥਾਹ ਹੈ।

ਜੋ ਜੋ ਪ੍ਰਾਣੀ ਉਸ ਨੂੰ ਸਿਮਰਦਾ ਹੈ, ਉਹ ਵਿਕਾਰਾਂ ਦੇ ਜਾਲ ਤੋਂ ਖ਼ਲਾਸੀ ਪਾ ਲੈਂਦਾ ਹੈ।

ਹੇ ਮਿੱਤਰ! ਸੁਣ, ਨਾਨਕ ਬੇਨਤੀ ਕਰਦਾ ਹੈ :

ਸਿਮਰਨ ਕਰਨ ਵਾਲੇ ਗੁਰਮੁਖਾਂ ਦੇ ਗੁਣਾਂ ਦਾ ਜ਼ਿਕਰ ਵਿਸਮਾਦ ਪੈਦਾ ਕਰਨ ਵਾਲਾ ਹੈ॥ ੧॥

ਅਸਟਪਦੀ॥

ਸਾਧ ਕੈ ਸੰਗਿ ਮੁਖ ਊਜਲ ਹੋਤ॥ ਸਾਧ ਸੰਗਿ ਮਲੁ ਸਗਲੀ ਖੋਤ॥
ਸਾਧ ਕੈ ਸੰਗਿ ਮਿਟੈ ਅਭਿਮਾਨੁ॥ ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ॥
ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ॥ ਸਾਧ ਸੰਗਿ ਸਭੁ ਹੋਤ ਨਿਬੇਰਾ॥
ਸਾਧ ਕੈ ਸੰਗਿ ਪਾਏ ਨਾਮ ਰਤਨੁ॥ ਸਾਧ ਕੈ ਸੰਗਿ ਏਕ ਊਪਰਿ ਜਤਨੁ॥
ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ॥
ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ॥ ੧॥

ਪਦ ਅਰਥ : ਮੁਖ—ਮੂੰਹ। **ਊਜਲ ਹੋਤ**—ਉਜਲਾ ਹੁੰਦਾ ਹੈ। **ਸਗਲੀ**—ਸਾਰੀ। **ਖੋਤ**—ਨਾਸ ਹੋ ਜਾਂਦੀ ਹੈ। **ਸੁਗਿਆਨ**—ਸ੍ਰੇਸ਼ਟ ਗਿਆਨ। **ਨੇਰਾ**—ਨੇੜੇ। **ਨਿਬੇਰਾ**—ਨਿਬੇੜਾ, ਫੈਸਲਾ। **ਮਹਿਮਾ**—ਵਡਿਆਈ। **ਬਰਨੈ**—ਬਿਆਨ ਕਰੇ।

ਅਰਥ : ਗੁਰਮੁਖਾਂ ਦੀ ਸੰਗਤਿ ਵਿਚ ਰਿਹਾਂ ਮੁੱਖ ਉਜਲੇ ਹੁੰਦੇ ਹਨ, ਇੱਜ਼ਤ ਮਿਲਦੀ ਹੈ ਕਿਉਂਕਿ ਸਾਧੂ ਜਨਾਂ ਦੇ ਕੋਲ ਰਿਹਾਂ ਵਿਕਾਰਾਂ ਦੀ ਸਾਰੀ ਮੈਲ ਦੂਰ ਹੋ ਜਾਂਦੀ ਹੈ।

ਸਾਧੂਆਂ ਦੀ ਸੰਗਤਿ ਵਿਚ ਅਹੰਕਾਰ ਦੂਰ ਹੁੰਦਾ ਹੈ ਅਤੇ ਸ੍ਰੇਸ਼ਟ ਗਿਆਨ ਪ੍ਰਗਟ ਹੁੰਦਾ ਹੈ।

ਸੰਤਾਂ ਦੀ ਸੰਗਤਿ ਵਿਚ ਪ੍ਰਭੂ ਅੰਗ ਸੰਗ ਵੱਸਦਾ ਪ੍ਰਤੀਤ ਹੁੰਦਾ ਹੈ, ਜਿਸ ਕਰਕੇ ਮੰਦੇ ਸੰਸਕਾਰਾਂ ਦਾ ਸਾਰਾ ਨਿਬੇੜਾ ਹੋ ਜਾਂਦਾ ਹੈ।

ਗੁਰਮੁਖਾਂ ਦੀ ਸੰਗਤਿ ਵਿਚ ਮਨੁੱਖ ਨਾਮ-ਰੂਪ ਰਤਨ ਲੱਭ ਲੈਂਦਾ ਹੈ ਤੇ ਇਕ ਪਰਮਾਤਮਾ ਨੂੰ ਮਿਲਣ ਦਾ ਜਤਨ ਕਰਦਾ ਹੈ।

ਸਾਧੂਆਂ ਦੀ ਵਡਿਆਈ ਕਿਹੜਾ ਮਨੁੱਖ ਬਿਆਨ ਕਰ ਸਕਦਾ ਹੈ? ਹੇ ਨਾਨਕ! ਸਾਧ ਜਨਾਂ ਦੀ ਸੋਭਾ ਪ੍ਰਭੂ ਦੀ ਸੋਭਾ ਵਰਗੀ ਹੋ ਜਾਂਦੀ ਹੈ॥ ੧॥

ਸਾਧ ਕੈ ਸੰਗਿ ਅਗੋਚਰੁ ਮਿਲੈ॥ ਸਾਧ ਕੈ ਸੰਗਿ ਸਦਾ ਪਰਫੁਲੈ॥
ਸਾਧ ਕੈ ਸੰਗਿ ਆਵਹਿ ਬਸਿ ਪੰਚਾ॥ ਸਾਧ ਸੰਗਿ ਅੰਮ੍ਰਿਤ ਰਸੁ ਭੁੰਚਾ॥
ਸਾਧ ਸੰਗਿ ਹੋਇ ਸਭ ਕੀ ਰੇਨ॥ ਸਾਧ ਕੈ ਸੰਗਿ ਮਨੋਹਰ ਬੈਨ॥

ਸਾਧ ਕੈ ਸੰਗਿ ਨ ਕਤਹੂੰ ਧਾਵੈ॥ ਸਾਧ ਸੰਗਿ ਅਸਥਿਤਿ ਮਨੁ ਪਾਵੈ॥
ਸਾਧ ਕੈ ਸੰਗਿ ਮਾਇਆ ਤੇ ਭਿੰਨ॥ ਸਾਧ ਸੰਗਿ ਨਾਨਕ ਪ੍ਰਭ ਸੁਪ੍ਰਸੰਨ॥ ੨॥

ਪਦ ਅਰਥ : **ਅਗੋਚਰੁ**—ਉਹ ਪ੍ਰਭੂ ਜੋ ਸਰੀਰਕ ਇੰਦਰੀਆਂ ਦੀ ਪਹੁੰਚ ਤੋਂ ਪਰੇ ਹੈ। **ਪਰਫੁਲੈ**—ਖਿੜਦਾ ਹੈ। **ਅੰਮ੍ਰਿਤ ਰਸੁ**—ਨਾਮ-ਰੂਪ ਅੰਮ੍ਰਿਤ ਦਾ ਸੁਆਦ। **ਭੁੰਚਾ**—ਚੱਖਿਆ। **ਰੇਨ**—ਧੂੜ। **ਬੈਨ**—ਬਚਨ। **ਕਤਹੂੰ**—ਕਿਸੇ ਪਾਸੇ। **ਧਾਵੈ**—ਦੌੜਦਾ। **ਅਸਥਿਤਿ**—ਟਿਕਾਉ। **ਭਿੰਨ**—ਵੱਖਰਾ।

ਅਰਥ : ਗੁਰਮੁਖਾਂ ਦੀ ਸੰਗਤਿ ਵਿਚ ਮਨੁੱਖ ਨੂੰ ਉਹ ਪ੍ਰਭੂ ਮਿਲ ਪੈਂਦਾ ਹੈ ਜੋ ਸਰੀਰਕ ਇੰਦਰੀਆਂ ਦੀ ਪਹੁੰਚ ਤੋਂ ਪਰੇ ਹੈ ਅਤੇ ਅਜਿਹਾ ਮਨੁੱਖ ਸਦਾ ਖਿੜੇ ਮੱਥੇ ਰਹਿੰਦਾ ਹੈ।

ਸਾਧ ਜਨਾਂ ਦੀ ਸੰਗਤਿ ਵਿਚ ਰਿਹਾਂ ਕਾਮਾਦਿਕ ਪੰਜ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਕਾਬੂ ਵਿਚ ਆ ਜਾਂਦੇ ਹਨ ਕਿਉਂਕਿ ਮਨੁੱਖ ਨਾਮ ਰੂਪ ਅੰਮ੍ਰਿਤ ਦਾ ਰਸ ਚੱਖ ਲੈਂਦਾ ਹੈ।

ਸਾਧ ਜਨਾਂ ਦੀ ਸੰਗਤਿ ਕੀਤਿਆਂ ਮਨੁੱਖ ਸਾਰੇ ਪ੍ਰਾਣੀਆਂ ਦੇ ਚਰਨਾਂ ਦੀ ਧੂੜ ਬਣ ਜਾਂਦਾ ਹੈ ਅਤੇ ਸਭ ਨਾਲ ਮਿੱਠੇ ਬਚਨ ਬੋਲਦਾ ਹੈ।

ਸੰਤ ਜਨਾਂ ਦੇ ਸੰਗ ਰਿਹਾਂ ਮਨੁੱਖ ਦਾ ਮਨ ਕਿਸੇ ਪਾਸੇ ਨਹੀਂ ਦੌੜਦਾ ਅਤੇ ਪ੍ਰਭੂ ਦੇ ਚਰਨਾਂ ਵਿਚ ਟਿਕਾਉ ਹਾਸਲ ਕਰ ਲੈਂਦਾ ਹੈ।

ਹੇ ਨਾਨਕ! ਗੁਰਮੁਖਾਂ ਦੀ ਸੰਗਤਿ ਵਿਚ ਟਿਕਿਆ ਮਨੁੱਖ ਮਾਇਆ ਦੇ ਅਸਰ ਤੋਂ ਬੇ-ਦਾਗ ਹੁੰਦਾ ਹੈ ਅਤੇ ਅਕਾਲ ਪੁਰਖ ਉਸ ਉੱਤੇ ਦਇਆਵਾਨ ਹੁੰਦਾ ਹੈ॥ ੨॥

ਸਾਧ ਸੰਗਿ ਦੁਸਮਨ ਸਭਿ ਮੀਤ॥ ਸਾਧੂ ਕੈ ਸੰਗਿ ਮਹਾ ਪੁਨੀਤ॥
ਸਾਧ ਸੰਗਿ ਕਿਸ ਸਿਉ ਨਹੀ ਬੈਰੁ॥ ਸਾਧ ਕੈ ਸੰਗਿ ਨ ਬੀਗਾ ਪੈਰੁ॥
ਸਾਧ ਕੈ ਸੰਗਿ ਨਾਹੀ ਕੋ ਮੰਦਾ॥ ਸਾਧ ਸੰਗਿ ਜਾਨੇ ਪਰਮਾਨੰਦਾ॥
ਸਾਧ ਕੈ ਸੰਗਿ ਨਾਹੀ ਹਉ ਤਾਪੁ॥ ਸਾਧ ਕੈ ਸੰਗਿ ਤਜੈ ਸਭੁ ਆਪੁ॥
ਆਪੇ ਜਾਨੈ ਸਾਧ ਬਡਾਈ॥ ਨਾਨਕ ਸਾਧ ਪ੍ਰਭੂ ਬਨਿ ਆਈ॥ ੩॥

ਪਦ ਅਰਥ : **ਮਹਾ ਪੁਨੀਤ**—ਬਹੁਤ ਪਵਿੱਤਰ। **ਬੀਗਾ**—ਵਿੰਗਾ। **ਪਰਮਾਨੰਦਾ**—ਪਰਮ ਅਨੰਦਾ (ਵਾਹਿਗੁਰੂ)। **ਤਜੈ**—ਦੂਰ ਕਰ ਦਿੰਦਾ ਹੈ। **ਬਨਿ ਆਈ**—ਪੱਕੀ ਪ੍ਰੀਤ ਬੱਝ ਗਈ।

ਅਰਥ : ਗੁਰਮੁਖਾਂ ਦੀ ਸੰਗਤਿ ਵਿਚ ਰਿਹਾਂ ਸਾਰੇ ਵੈਰੀ ਵੀ ਮਿੱਤਰ ਦਿੱਸਣ ਲੱਗ ਪੈਂਦੇ ਹਨ ਕਿਉਂਕਿ ਸਾਧ ਜਨਾਂ ਦੀ ਸੰਗਤਿ ਵਿਚ ਮਨੁੱਖ ਦਾ ਆਪਣਾ ਹਿਰਦਾ ਬਹੁਤ ਸਾਫ਼ ਹੋ ਜਾਂਦਾ ਹੈ।

ਸੰਤਾਂ ਦੀ ਸੰਗਤਿ ਵਿਚ ਬੈਠਿਆਂ ਕਿਸੇ ਨਾਲ ਵੈਰ ਨਹੀਂ ਰਹਿ ਜਾਂਦਾ ਅਤੇ ਕਿਸੇ ਮੰਦੇ ਪਾਸੇ ਪੈਰ ਨਹੀਂ ਪੁਟੀਂਦਾ।

ਭਲਿਆਂ ਦੀ ਸੰਗਤਿ ਵਿਚ ਕੋਈ ਮਨੁੱਖ ਭੈੜਾ ਨਹੀਂ ਦਿੱਸਦਾ ਕਿਉਂਕਿ ਮਨੁੱਖ ਹਰ ਥਾਂ ਉੱਚੇ ਸੁਖ ਦੇ ਮਾਲਕ ਪ੍ਰਭੂ ਨੂੰ ਹੀ ਜਾਣਦਾ ਹੈ।

ਗੁਰਮੁਖ ਦੀ ਸੰਗਤਿ ਕੀਤਿਆਂ ਹਉਮੈ ਰੂਪ ਤਾਪ ਲਹਿ ਜਾਂਦਾ ਹੈ ਕਿਉਂਕਿ ਸਾਧੂ ਦੀ ਸੰਗਤ ਵਿਚ ਮਨੁੱਖ ਸਾਰੀ ਅਪਣੱਤ ਛੱਡ ਦਿੰਦਾ ਹੈ।

ਸਾਧ ਦੀ ਵਡਿਆਈ ਪ੍ਰਭੂ ਆਪ ਹੀ ਜਾਣਦਾ ਹੈ ਕਿਉਂਕਿ ਹੇ ਨਾਨਕ! ਸਾਧ ਤੇ ਪ੍ਰਭੂ ਦਾ ਪੱਕਾ ਪਿਆਰ ਪੈ ਜਾਂਦਾ ਹੈ॥ ੩॥

ਸਾਧ ਕੈ ਸੰਗਿ ਨ ਕਬਹੂ ਧਾਵੈ॥ ਸਾਧ ਕੈ ਸੰਗਿ ਸਦਾ ਸੁਖੁ ਪਾਵੈ॥
ਸਾਧ ਸੰਗਿ ਬਸਤੁ ਅਗੋਚਰ ਲਹੈ॥ ਸਾਧੂ ਕੈ ਸੰਗਿ ਅਜਰੁ ਸਹੈ॥
ਸਾਧ ਕੈ ਸੰਗਿ ਬਸੈ ਥਾਨਿ ਊਚੈ॥ ਸਾਧੂ ਕੈ ਸੰਗਿ ਮਹਲਿ ਪਹੂਚੈ॥
ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ॥ ਸਾਧ ਕੈ ਸੰਗਿ ਕੇਵਲ ਪਾਰਬ੍ਰਹਮ॥
ਸਾਧ ਕੈ ਸੰਗਿ ਪਾਏ ਨਾਮ ਨਿਧਾਨ॥ ਨਾਨਕ ਸਾਧੂ ਕੈ ਕੁਰਬਾਨ॥ ੪॥

ਪਦ ਅਰਥ : ਕਬਹੂ—ਕਦੇ ਵੀ। ਧਾਵੈ—ਦੌੜਦਾ, ਭਟਕਦਾ। ਲਹੈ—ਲੱਭ ਲੈਂਦਾ ਹੈ। ਅਜਰੁ—ਜੋ ਜਰਿਆ ਨਾ ਜਾ ਸਕੇ। ਥਾਨਿ—ਥਾਂ। ਮਹਲਿ—ਮਹਲ ਵਿਚ, ਪ੍ਰਭੂ ਦੇ ਟਿਕਾਣੇ 'ਤੇ। ਦ੍ਰਿੜੈ—ਦ੍ਰਿੜ੍ਹ ਕਰ ਲੈਂਦਾ ਹੈ। ਨਿਧਾਨ—ਖਜ਼ਾਨਾ।

ਅਰਥ : ਗੁਰਮੁਖਾਂ ਦੀ ਸੰਗਤਿ ਵਿਚ ਰਿਹਾਂ ਮਨੁੱਖ ਦਾ ਮਨ ਕਦੇ ਭਟਕਦਾ ਨਹੀਂ ਕਿਉਂਕਿ ਸਾਧ ਜਨਾਂ ਦੀ ਸੰਗਤਿ ਵਿਚ ਮਨੁੱਖ ਸਦਾ ਸੁਖ ਮਾਣਦਾ ਹੈ।

ਸੰਤ ਜਨਾਂ ਦੀ ਸੰਗਤਿ ਵਿਚ ਨਾਮ-ਰੂਪ ਅਗੋਚਰ ਵਸਤ ਮਿਲ ਜਾਂਦੀ ਹੈ ਅਤੇ ਮਨੁੱਖ ਅਜਰ ਨੂੰ ਜਰ ਲੈਂਦਾ ਹੈ।

ਗੁਰਮੁਖਾਂ ਦੀ ਸੰਗਤਿ ਵਿਚ ਰਹਿ ਕੇ ਮਨੁੱਖ ਉੱਚੇ ਆਤਮਕ ਟਿਕਾਣੇ 'ਤੇ ਵਸਦਾ ਹੈ ਅਤੇ ਪ੍ਰਭੂ ਦੇ ਚਰਨਾਂ ਨਾਲ ਜੁੜਿਆ ਰਹਿੰਦਾ ਹੈ।

ਸੰਤਾਂ ਦੀ ਸੰਗਤਿ ਵਿਚ ਰਹਿ ਕੇ ਮਨੁੱਖ ਸਾਰੇ ਧਰਮਾਂ (ਫਰਜ਼ਾਂ) ਨੂੰ ਚੰਗੀ ਤਰ੍ਹਾਂ ਸਮਝ ਲੈਂਦਾ ਹੈ ਅਤੇ ਕੇਵਲ ਪ੍ਰਭੂ ਨੂੰ ਹਰ ਥਾਂ ਵੇਖਦਾ ਹੈ।

ਸਾਧ ਜਨਾਂ ਦੀ ਸੰਗਤਿ ਵਿਚ ਮਨੁੱਖ ਨਾਮ ਖਜ਼ਾਨਾ ਲੱਭ ਲੈਂਦਾ ਹੈ। ਹੇ ਨਾਨਕ! ਇਉਂ ਆਖ ਕਿ ਮੈਂ ਸਾਧ ਜਨਾਂ ਤੋਂ ਸਦਕੇ ਜਾਂਦਾ ਹਾਂ॥ ੪॥

ਸਾਧ ਕੈ ਸੰਗਿ ਸਭ ਕੁਲ ਉਧਾਰੈ॥ ਸਾਧ ਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ॥
ਸਾਧੂ ਕੈ ਸੰਗਿ ਸੋ ਧਨੁ ਪਾਵੈ॥ ਜਿਸੁ ਧਨ ਤੇ ਸਭੁ ਕੋ ਵਰਸਾਵੈ॥
ਸਾਧ ਸੰਗਿ ਧਰਮਰਾਇ ਕਰੇ ਸੇਵਾ॥ ਸਾਧ ਕੈ ਸੰਗਿ ਸੋਭਾ ਸੁਰ ਦੇਵਾ॥
ਸਾਧੂ ਕੈ ਸੰਗਿ ਪਾਪ ਪਲਾਇਨ॥ ਸਾਧ ਸੰਗਿ ਅੰਮ੍ਰਿਤ ਗੁਨ ਗਾਇਨ॥
ਸਾਧ ਕੈ ਸੰਗਿ ਸ੍ਰਬ ਥਾਨ ਗੰਮਿ॥ ਨਾਨਕ ਸਾਧ ਕੈ ਸੰਗਿ ਸਫਲ ਜਨੰਮ॥ ੫॥

ਪਦ ਅਰਥ : ਉਧਾਰੈ—ਬਚਾ ਲੈਂਦਾ ਹੈ। ਕੁਟੰਬ—ਪਰਿਵਾਰ। ਨਿਸਤਾਰੈ—ਤਾਰ ਲੈਂਦਾ

ਹੈ। **ਸੁਰ**—ਦੇਵਤੇ। **ਪਲਾਇਨ**—ਨਾਸ ਹੋ ਜਾਂਦੇ ਹਨ। **ਗੰਮਿ**—ਪਹੁੰਚ।

ਅਰਥ : ਗੁਰਮੁਖਾਂ ਦੀ ਸੰਗਤਿ ਵਿਚ ਰਹਿ ਕੇ ਮਨੁੱਖ ਆਪਣੀਆਂ ਸਾਰੀਆਂ ਕੁਲਾਂ ਨੂੰ ਵਿਕਾਰਾਂ ਤੋਂ ਬਚਾ ਲੈਂਦਾ ਹੈ ਅਤੇ ਆਪਣੇ ਸੱਜਣਾਂ ਮਿੱਤਰਾਂ ਤੇ ਪਰਿਵਾਰ ਨੂੰ ਤਾਰ ਲੈਂਦਾ ਹੈ।

ਸੰਤਾਂ ਦੀ ਸੰਗਤਿ ਵਿਚ ਮਨੁੱਖ ਨੂੰ ਉਹ ਧਨ ਲੱਭ ਪੈਂਦਾ ਹੈ, ਜਿਸ ਧਨ ਦੇ ਮਿਲਣ ਨਾਲ ਹਰੇਕ ਮਨੁੱਖ ਨਾਮਣੇ ਵਾਲਾ ਹੋ ਜਾਂਦਾ ਹੈ।

ਸਾਧੂ ਜਨਾਂ ਦੀ ਸੰਗਤਿ ਵਿਚ ਰਿਹਾਂ ਧਰਮਰਾਜ ਵੀ ਸੇਵਾ ਕਰਦਾ ਹੈ ਅਤੇ ਦੇਵਤੇ ਵੀ ਸ਼ੋਭਾ ਕਰਦੇ ਹਨ।

ਗੁਰਮੁਖਾਂ ਦੀ ਸੰਗਤਿ ਵਿਚ ਪਾਪ ਦੂਰ ਹੋ ਜਾਂਦੇ ਹਨ ਕਿਉਂਕਿ ਉੱਥੇ ਅਮਰ ਕਰਨ ਵਾਲੇ ਪ੍ਰਭੂ ਦੇ ਗੁਣ ਗਾਏ ਜਾਂਦੇ ਹਨ।

ਸੰਤਾਂ ਦੀ ਸੰਗਤਿ ਵਿਚ ਰਹਿ ਕੇ ਸਭ ਥਾਈਂ ਪਹੁੰਚ ਹੋ ਜਾਂਦੀ ਹੈ। ਹੇ ਨਾਨਕ! ਸਾਧੂ ਦੀ ਸੰਗਤਿ ਵਿਚ ਮਨੁੱਖਾ ਜਨਮ ਦਾ ਫਲ ਮਿਲ ਜਾਂਦਾ ਹੈ॥ ੫॥

ਸਾਧ ਕੈ ਸੰਗਿ ਨਹੀ ਕਛੁ ਘਾਲ॥ ਦਰਸਨੁ ਭੇਟਤ ਹੋਤ ਨਿਹਾਲ॥
ਸਾਧ ਕੈ ਸੰਗਿ ਕਲੂਖਤ ਹਰੈ॥ ਸਾਧ ਕੈ ਸੰਗਿ ਨਰਕ ਪਰਹਰੈ॥
ਸਾਧ ਕੈ ਸੰਗਿ ਈਹਾ ਊਹਾ ਸੁਹੇਲਾ॥ ਸਾਧ ਸੰਗਿ ਬਿਛੁਰਤ ਹਰਿ ਮੇਲਾ॥
ਜੋ ਇਛੈ ਸੋਈ ਫਲੁ ਪਾਵੈ॥ ਸਾਧ ਕੈ ਸੰਗਿ ਨ ਬਿਰਥਾ ਜਾਵੈ॥
ਪਾਰਬ੍ਰਹਮੁ ਸਾਧ ਰਿਦ ਬਸੈ॥ ਨਾਨਕ ਉਧਰੈ ਸਾਧ ਸੁਨਿ ਰਸੈ॥ ੬॥

ਪਦ ਅਰਥ : **ਘਾਲ**—ਤਪ ਆਦਿਕ ਸਹਾਰਨੇ। **ਨਿਹਾਲ**—ਪ੍ਰਸੰਨ। **ਕਲੂਖਤ**—ਪਾਪ। **ਹਰੈ**—ਦੂਰ ਕਰ ਲੈਂਦਾ ਹੈ। **ਪਰਹਰੈ**—ਪਰੇ ਹਟਾ ਲੈਂਦਾ ਹੈ। **ਸੁਹੇਲਾ**—ਸੁਖੀ। **ਬਿਛੁਰਤ**—ਵਿਛੜੇ ਹੋਏ ਦਾ। **ਬਿਰਥਾ**—ਖਾਲੀ। **ਸਾਧ ਰਸੈ**—ਸਾਧੂ ਦੀ ਰਸਨਾ ਤੋਂ।

ਅਰਥ : ਸਾਧ ਜਨਾਂ ਦੀ ਸੰਗਤਿ ਵਿਚ ਰਿਹਾਂ ਤਪ ਆਦਿਕ ਤਾਪਣ ਦੀ ਲੋੜ ਨਹੀਂ ਰਹਿੰਦੀ ਕਿਉਂਕਿ ਉਨ੍ਹਾਂ ਦੇ ਦਰਸ਼ਨ ਕਰਕੇ ਹੀ ਹਿਰਦਾ ਖਿੜ ਜਾਂਦਾ ਹੈ।

ਗੁਰਮੁਖਾਂ ਦੀ ਸੰਗਤਿ ਵਿਚ ਮਨੁੱਖ ਆਪਣੇ ਪਾਪ ਨਾਸ ਕਰ ਲੈਂਦਾ ਹੈ ਤੇ ਨਰਕਾਂ ਤੋਂ ਬਚ ਜਾਂਦਾ ਹੈ।

ਸੰਤਾਂ ਦੀ ਸੰਗਤਿ ਵਿਚ ਰਹਿ ਕੇ ਮਨੁੱਖ ਇਸ ਲੋਕ ਅਤੇ ਪਰਲੋਕ ਵਿਚ ਸੌਖਾ ਹੋ ਜਾਂਦਾ ਹੈ ਅਤੇ ਪ੍ਰਭੂ ਤੋਂ ਵਿਛੜਿਆ ਹੋਇਆ ਮੁੜ ਉਸ ਨੂੰ ਮਿਲ ਪੈਂਦਾ ਹੈ।

ਗੁਰਮੁਖਾਂ ਦੀ ਸੰਗਤਿ ਵਿਚੋਂ ਮਨੁੱਖ ਬੇ-ਮੁਰਾਦ ਹੋ ਕੇ ਨਹੀਂ ਜਾਂਦਾ ਸਗੋਂ ਜੋ ਇੱਛਾ ਕਰਦਾ ਹੈ, ਉਹੀ ਫਲ ਪਾਉਂਦਾ ਹੈ।

ਵਾਹਿਗੁਰੂ ਸੰਤ ਜਨਾਂ ਦੇ ਹਿਰਦੇ ਵਿਚ ਵਸਦਾ ਹੈ। ਹੇ ਨਾਨਕ! ਮਨੁੱਖ ਗੁਰਮੁਖਾਂ ਦੀ ਰਸਨਾ ਤੋਂ ਉਪਦੇਸ਼ ਸੁਣ ਕੇ ਵਿਕਾਰਾਂ ਤੋਂ ਬਚ ਜਾਂਦਾ ਹੈ॥ ੬॥

ਸਾਧ ਕੈ ਸੰਗਿ ਸੁਨਉ ਹਰਿ ਨਾਉ॥ ਸਾਧ ਸੰਗਿ ਹਰਿ ਕੇ ਗੁਨ ਗਾਉ॥
ਸਾਧ ਕੈ ਸੰਗਿ ਨ ਮਨ ਤੇ ਬਿਸਰੈ॥ ਸਾਧ ਸੰਗਿ ਸਰਪਰ ਨਿਸਤਰੈ॥
ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ॥ ਸਾਧੂ ਕੈ ਸੰਗਿ ਘਟਿ ਘਟਿ ਡੀਠਾ॥
ਸਾਧ ਸੰਗਿ ਭਏ ਆਗਿਆਕਾਰੀ॥ ਸਾਧ ਸੰਗਿ ਗਤਿ ਭਈ ਹਮਾਰੀ॥
ਸਾਧ ਕੈ ਸੰਗਿ ਮਿਟੇ ਸਭਿ ਰੋਗ॥ ਨਾਨਕ ਸਾਧ ਭੇਟੇ ਸੰਜੋਗ॥੭॥

ਪਦ ਅਰਥ : ਸੁਨਉ—ਮੈਂ ਸੁਣਾਂ। ਬਿਸਰੈ—ਭੁੱਲ ਜਾਏ। ਸਰਪਰ—ਜ਼ਰੂਰ। ਘਟਿ ਘਟਿ—ਹਰੇਕ ਸਰੀਰ ਵਿਚ। ਆਗਿਆਕਾਰੀ—ਹੁਕਮ ਮੰਨਣ ਵਾਲੇ। ਗਤਿ—ਚੰਗੀ ਹਾਲਤ। ਭੇਟੇ—ਮਿਲਦੇ ਹਨ। ਸੰਜੋਗ—ਭਾਗਾਂ ਨਾਲ।

ਅਰਥ : ਮੈਂ ਗੁਰਮੁਖਾਂ ਦੀ ਸੰਗਤਿ ਵਿਚ ਰਹਿ ਕੇ ਹਰੀ ਦਾ ਨਾਮ ਸੁਣਾਂ ਅਤੇ ਹਰੀ ਦੇ ਗੁਣ ਗਾਵਾਂ।

ਸੰਤ ਜਨਾਂ ਦੀ ਸੰਗਤਿ ਵਿਚ ਰਹਿਆਂ ਪ੍ਰਭੂ ਮਨ ਤੋਂ ਭੁਲਦਾ ਨਹੀਂ। ਸਾਧ ਜਨਾਂ ਦੀ ਸੰਗਤਿ ਵਿਚ ਮਨੁੱਖ ਜ਼ਰੂਰ ਵਿਕਾਰਾਂ ਤੋਂ ਬਚ ਨਿਕਲਦਾ ਹੈ।

ਗੁਰਮੁਖਾਂ ਦੀ ਸੰਗਤਿ ਵਿਚ ਰਿਹਾਂ ਪ੍ਰਭੂ ਪਿਆਰਾ ਲੱਗਣ ਲੱਗ ਪੈਂਦਾ ਹੈ ਅਤੇ ਉਹ ਹਰ ਸਰੀਰ ਵਿਚ ਦਿਖਾਈ ਦੇਣ ਲੱਗ ਜਾਂਦਾ ਹੈ।

ਸਾਧੂਆਂ ਦੀ ਸੰਗਤਿ ਕੀਤਿਆਂ ਅਸੀਂ ਪ੍ਰਭੂ ਦਾ ਹੁਕਮ ਮੰਨਣ ਵਾਲੇ ਹੋ ਜਾਂਦੇ ਹਾਂ ਅਤੇ ਸਾਡੀ ਆਤਮਕ ਅਵਸਥਾ ਸੁਧਰ ਜਾਂਦੀ ਹੈ।

ਸੰਤ ਜਨਾਂ ਦੀ ਸੰਗਤਿ ਵਿਚ ਵਿਕਾਰ ਆਦਿਕ ਸਾਰੇ ਰੋਗ ਮਿਟ ਜਾਂਦੇ ਹਨ। ਹੇ ਨਾਨਕ! ਵੱਡੇ ਭਾਗਾਂ ਨਾਲ ਸਾਧ ਜਨ ਮਿਲਦੇ ਹਨ॥ ੭॥

ਸਾਧ ਕੀ ਮਹਿਮਾ ਬੇਦ ਨ ਜਾਨਹਿ॥ ਜੇਤਾ ਸੁਨਹਿ ਤੇਤਾ ਬਖਿਆਨਹਿ॥
ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥ ਸਾਧ ਕੀ ਉਪਮਾ ਰਹੀ ਭਰਪੂਰਿ॥
ਸਾਧ ਕੀ ਸੋਭਾ ਕਾ ਨਾਹੀ ਅੰਤ॥ ਸਾਧ ਕੀ ਸੋਭਾ ਸਦਾ ਬੇਅੰਤ॥
ਸਾਧ ਕੀ ਸੋਭਾ ਊਚ ਤੇ ਊਚੀ॥ ਸਾਧ ਕੀ ਸੋਭਾ ਮੂਚ ਤੇ ਮੂਚੀ॥
ਸਾਧ ਕੀ ਸੋਭਾ ਸਾਧ ਬਨਿ ਆਈ॥ ਨਾਨਕ ਸਾਧ ਪ੍ਰਭ ਭੇਦੁ ਨ ਭਾਈ॥੮॥੭॥

ਪਦ ਅਰਥ : ਮਹਿਮਾ—ਵਡਿਆਈ। ਜੇਤਾ—ਜਿਤਨਾ। ਤੇਤਾ—ਉਤਨਾ। ਬਖਿਆਨਹਿ—ਬਿਆਨ ਕਰਦੇ ਹਨ। ਉਪਮਾ—ਵਡਿਆਈ, ਸਮਾਨਤਾ। ਰਹੀ ਭਰਪੂਰਿ—ਸਭ ਥਾਈਂ ਵਿਆਪਕ ਹੈ। ਮੂਚੀ—ਵੱਡੀ। ਬਨਿ ਆਈ—ਫਬਦੀ ਹੈ। ਭੇਦੁ—ਫਰਕ।

ਅਰਥ : ਸਾਧ ਦੀ ਵਡਿਆਈ ਵੇਦ ਵੀ ਨਹੀਂ ਜਾਣਦੇ। ਉਹ ਤਾਂ ਜਿਤਨਾ ਸੁਣਦੇ ਹਨ ਉਤਨਾ ਹੀ ਬਿਆਨ ਕਰਦੇ ਹਨ।

ਸਾਧ ਦੀ ਸਮਾਨਤਾ ਤਿੰਨਾਂ ਗੁਣਾਂ ਤੋਂ ਪਰੇ ਹੈ। ਸਾਧ ਦੀ ਸਮਾਨਤਾ ਉਸ ਪ੍ਰਭੂ

ਨਾਲ ਹੀ ਹੋ ਸਕਦੀ ਹੈ ਜੋ ਸਾਰੇ ਵਿਆਪਕ ਹੈ।

ਸਾਧੂ ਦੀ ਸੋਭਾ ਦਾ ਅੰਦਾਜ਼ਾ ਨਹੀਂ ਲੱਗ ਸਕਦਾ, ਸਦਾ ਇਸ ਨੂੰ ਬੇਅੰਤ ਹੀ ਕਿਹਾ ਜਾ ਸਕਦਾ ਹੈ।

ਸਾਧੂ ਦੀ ਸੋਭਾ ਹੋਰ ਸਭ ਦੀ ਸੋਭਾ ਤੋਂ ਬਹੁਤ ਉੱਚੀ ਹੈ ਤੇ ਬਹੁਤ ਵੱਡੀ ਹੈ।

ਸਾਧੂ ਦੀ ਸੋਭਾ ਸਾਧੂ ਨੂੰ ਹੀ ਫਬਦੀ ਹੈ। ਹੇ ਨਾਨਕ! ਇਉਂ ਆਖ ਕਿ ਹੇ ਭਾਈ! ਸਾਧੂ ਤੇ ਪ੍ਰਭੂ ਵਿਚ ਕੋਈ ਫਰਕ ਨਹੀਂ॥ ੮॥ ੭॥

ਸ਼ਬਦ ਉਚਾਰਨ : ਮਾਹਿਂ, ਆਵਹਿਂ, ਸਿਉਂ, ਬੀਂਗਾ, ਨਾਹੀਂ, ਹਉਂ, ਈਹਾਂ, ਊਹਾਂ, ਸੁਨਉਂ, ਨਾਉਂ, ਗਾਉਂ, ਜਾਨਹਿਂ, ਸੁਨਹਿਂ, ਬਖਿਆਨਹਿਂ, ਤਿਹੁੰ, ਨਾਹੀਂ ਬਿੰਦੀ ਸਹਿਤ ਬੁਲਾਉਣੇ ਹਨ। ਅਜਰ ਦਾ ਉਚਾਰਨ (ਅ+ਜਰ) ਕਰਨਾ ਹੈ।

॥ ਸਲੋਕੁ ॥

ਮਨਿ ਸਾਚਾ ਮੁਖਿ ਸਾਚਾ ਸੋਇ॥ ਅਵਰ ਨ ਪੇਖੈ ਏਕਸੁ ਬਿਨੁ ਕੋਇ॥
ਨਾਨਕ ਇਹ ਲਛਣ ਬ੍ਰਹਮਗਿਆਨੀ ਹੋਇ॥ ੧॥

ਪਦ ਅਰਥ : ਸਾਚਾ—ਸਦਾ ਕਾਇਮ ਰਹਿਣ ਵਾਲਾ ਵਾਹਿਗੁਰੂ। ਮੁਖਿ—ਮੂੰਹ ਵਿਚ। ਅਵਰੁ ਕੋਇ—ਹੋਰ ਕੋਈ। ਪੇਖੈ—ਵੇਖਦਾ ਹੈ। ਲਛਣ—ਗੁਣ। ਬ੍ਰਹਮਗਿਆਨੀ—ਅਕਾਲ ਪੁਰਖ ਦੇ ਗਿਆਨ ਵਾਲਾ। ਗਿਆਨ—ਜਾਣ-ਪਛਾਣ, ਡੂੰਘੀ ਸਾਂਝ।

ਅਰਥ : ਜਿਸ ਮਨੁੱਖ ਦੇ ਮਨ ਵਿਚ ਸਦਾ ਥਿਰ ਰਹਿਣ ਵਾਲਾ ਪ੍ਰਭੂ ਵੱਸਦਾ ਹੈ, ਜੋ ਮੂੰਹੋਂ ਵੀ ਉਸ ਪ੍ਰਭੂ ਨੂੰ ਜਪਦਾ ਹੈ, ਜੋ ਮਨੁੱਖ ਇਕ ਵਾਹਿਗੁਰੂ ਤੋਂ ਬਿਨਾਂ ਕਿਤੇ ਵੀ ਕਿਸੇ ਨੂੰ ਨਹੀਂ ਦੇਖਦਾ, ਹੇ ਨਾਨਕ! ਉਹ ਮਨੁੱਖ ਇਨ੍ਹਾਂ ਗੁਣਾਂ ਦੇ ਕਾਰਨ ਬ੍ਰਹਮਗਿਆਨੀ ਹੋ ਜਾਂਦਾ ਹੈ॥ ੧॥

ਅਸਟਪਦੀ॥

ਬ੍ਰਹਮਗਿਆਨੀ ਸਦਾ ਨਿਰਲੇਪ॥ ਜੈਸੇ ਜਲ ਮਹਿ ਕਮਲ ਅਲੇਪ॥
ਬ੍ਰਹਮਗਿਆਨੀ ਸਦਾ ਨਿਰਦੋਖ॥ ਜੈਸੇ ਸੂਰੁ ਸਰਬ ਕਉ ਸੋਖ॥
ਬ੍ਰਹਮਗਿਆਨੀ ਕੈ ਦ੍ਰਿਸਟਿ ਸਮਾਨਿ॥ ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥
ਬ੍ਰਹਮਗਿਆਨੀ ਕੈ ਧੀਰਜੁ ਏਕ॥ ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥
ਬ੍ਰਹਮਗਿਆਨੀ ਕਾ ਇਹੈ ਗੁਨਾਉ॥ ਨਾਨਕ ਜਿਉ ਪਾਵਕ ਕਾ ਸਹਜ ਸੁਭਾਉ॥ ੧॥

ਪਦ ਅਰਥ : ਨਿਰਲੇਪ—ਬੇ-ਦਾਗ਼। ਅਲੇਪ—ਲੇਪ ਤੋਂ ਬਿਨਾਂ ਅਥਵਾ ਸਾਫ਼। ਨਿਰਦੋਖ—ਦੋਸ਼-ਰਹਿਤ। ਸੂਰੁ—ਸੂਰਜ। ਸੋਖ—ਸੁਕਾਉਣ ਵਾਲਾ। ਦ੍ਰਿਸਟਿ—ਨਜ਼ਰ। ਸਮਾਨਿ—ਇਕੋ ਜਿਹਾ। ਰੰਕ—ਕੰਗਾਲ। ਤੁਲਿ—ਬਰਾਬਰ। ਪਵਾਨ—ਪਵਨ, ਹਵਾ। ਬਸੁਧਾ—ਧਰਤੀ। ਗੁਨਾਉ—ਗੁਣ। ਪਾਵਕ—ਅੱਗ।

ਅਰਥ : ਬ੍ਰਹਮਗਿਆਨੀ ਮਨੁੱਖ ਵਿਕਾਰਾਂ ਵਲੋਂ ਬੇ-ਦਾਗ਼ ਰਹਿੰਦੇ ਹਨ; ਜਿਵੇਂ

ਪਾਣੀ ਵਿਚ ਉੱਗੇ ਹੋਏ ਕੌਲ ਫੁੱਲ ਚਿੱਕੜ ਤੋਂ ਸਾਫ ਹੁੰਦੇ ਹਨ।

ਜਿਵੇਂ ਸੂਰਜ ਸਾਰੇ ਰਸਾਂ ਨੂੰ ਸੁਕਾ ਦਿੰਦਾ ਹੈ, ਤਿਵੇਂ ਬ੍ਰਹਮਗਿਆਨੀ ਮਨੁੱਖ ਸਾਰੇ ਪਾਪਾਂ ਨੂੰ ਸਾੜ ਦਿੰਦੇ ਹਨ ਅਤੇ ਪਾਪਾਂ ਤੋਂ ਬਚੇ ਰਹਿੰਦੇ ਹਨ।

ਜਿਵੇਂ ਹਵਾ ਰਾਜੇ ਤੇ ਕੰਗਾਲ ਨੂੰ ਇਕੋ ਜਿਹੀ ਲਗਦੀ ਹੈ, ਤਿਵੇਂ ਬ੍ਰਹਮਗਿਆਨੀ ਦੇ ਅੰਦਰ ਸਭ ਵੱਲ ਇਕੋ ਜਿਹੀ ਨਜ਼ਰ ਨਾਲ ਦੇਖਣ ਦਾ ਸੁਭਾਉ ਹੁੰਦਾ ਹੈ।

ਬ੍ਰਹਮਗਿਆਨੀ ਮਨੁੱਖਾਂ ਦੇ ਅੰਦਰ ਇਕ-ਤਾਰ ਹੌਸਲਾ ਕਾਇਮ ਰਹਿੰਦਾ ਹੈ; ਜਿਵੇਂ ਧਰਤੀ ਨੂੰ ਕੋਈ ਤਾਂ ਖੋਤਰਦਾ ਹੈ ਤੇ ਕੋਈ ਚੰਦਨ ਦੇ ਲੇਪਨ ਕਰਦਾ ਹੈ (ਪਰ ਧਰਤੀ ਨੂੰ ਕੋਈ ਪਰਵਾਹ ਨਹੀਂ)।

ਹੇ ਨਾਨਕ! ਜਿਵੇਂ ਅੱਗ ਦਾ ਕੁਦਰਤੀ ਸੁਭਾਉ ਹੈ ਹਰੇਕ ਚੀਜ਼ ਦੀ ਮੈਲ ਸਾੜ ਦੇਣੀ ਤਿਵੇਂ ਬ੍ਰਹਮਗਿਆਨੀ ਮਨੁੱਖਾਂ ਦਾ ਵੀ ਇਹੀ ਗੁਣ ਹੈ॥ ੧॥

ਬ੍ਰਹਮਗਿਆਨੀ ਨਿਰਮਲ ਤੇ ਨਿਰਮਲਾ॥ ਜੈਸੇ ਮੈਲੁ ਨ ਲਾਗੈ ਜਲਾ॥
ਬ੍ਰਹਮਗਿਆਨੀ ਕੈ ਮਨਿ ਹੋਇ ਪ੍ਰਗਾਸੁ॥ ਜੈਸੇ ਧਰ ਊਪਰਿ ਆਕਾਸੁ॥
ਬ੍ਰਹਮਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ॥ ਬ੍ਰਹਮਗਿਆਨੀ ਕੈ ਨਾਹੀ ਅਭਿਮਾਨ॥
ਬ੍ਰਹਮਗਿਆਨੀ ਊਚ ਤੇ ਊਚਾ॥ ਮਨਿ ਅਪਨੈ ਹੈ ਸਭ ਤੇ ਨੀਚਾ॥
ਬ੍ਰਹਮਗਿਆਨੀ ਸੇ ਜਨ ਭਏ॥ ਨਾਨਕ ਜਿਨ ਪ੍ਰਭੁ ਆਪਿ ਕਰੇਇ॥ ੨॥

ਪਦ ਅਰਥ : ਪ੍ਰਗਾਸੁ—ਚਾਨਣ। ਧਰ—ਧਰਤੀ। ਸਤ੍ਰੁ—ਵੈਰੀ।

ਅਰਥ : ਜਿਵੇਂ ਪਾਣੀ ਨੂੰ ਕਦੇ ਮੈਲ ਨਹੀਂ ਲੱਗ ਸਕਦੀ, ਬੁਖਾਰਾਤ ਆਦਿਕ ਬਣ ਕੇ ਮੁੜ ਸਾਫ ਦਾ ਸਾਫ; ਤਿਵੇਂ ਬ੍ਰਹਮਗਿਆਨੀ ਮਨੁੱਖ ਮਹਾਂ ਨਿਰਮਲ ਹੈ।

ਜਿਵੇਂ ਧਰਤੀ ਉੱਤੇ ਅਕਾਸ਼ ਸਭ ਥਾਂ ਵਿਆਪਕ ਹੈ ਤਿਵੇਂ ਬ੍ਰਹਮਗਿਆਨੀ ਦੇ ਮਨ ਵਿਚ ਇਹ ਚਾਨਣ ਹੋ ਜਾਂਦਾ ਹੈ ਕਿ ਪਰਮਾਤਮਾ ਹਰ ਥਾਂ ਮੌਜੂਦ ਹੈ।

ਬ੍ਰਹਮਗਿਆਨੀ ਨੂੰ ਸੱਜਣ ਤੇ ਵੈਰੀ ਇਕੋ ਜਿਹਾ ਹੈ ਕਿਉਂਕਿ ਉਸ ਦੇ ਅੰਦਰ ਅਹੰਕਾਰ ਨਹੀਂ ਹੈ।

ਬ੍ਰਹਮਗਿਆਨੀ ਆਤਮਕ ਅਵਸਥਾ ਵਿਚ ਸਭ ਤੋਂ ਉੱਚਾ ਹੁੰਦਾ ਹੈ ਪਰ ਆਪਣੇ ਮਨ ਵਿਚ ਆਪਣੇ ਆਪ ਨੂੰ ਸਭ ਤੋਂ ਨੀਵਾਂ ਜਾਣਦਾ ਹੈ।

ਹੇ ਨਾਨਕ! ਉਹੀ ਮਨੁੱਖ ਬ੍ਰਹਮਗਿਆਨੀ ਬਣਦੇ ਹਨ ਜਿਨ੍ਹਾਂ ਨੂੰ ਪ੍ਰਭੂ ਆਪ ਬਣਾਉਂਦਾ ਹੈ॥ ੨॥

ਬ੍ਰਹਮਗਿਆਨੀ ਸਗਲ ਕੀ ਰੀਨਾ॥ ਆਤਮ ਰਸੁ ਬ੍ਰਹਮਗਿਆਨੀ ਚੀਨਾ॥
ਬ੍ਰਹਮਗਿਆਨੀ ਕੀ ਸਭ ਊਪਰ ਮਇਆ॥ ਬ੍ਰਹਮਗਿਆਨੀ ਤੇ ਕਛੁ ਬੁਰਾ ਨ ਭਇਆ॥
ਬ੍ਰਹਮਗਿਆਨੀ ਸਦਾ ਸਮਦਰਸੀ॥ ਬ੍ਰਹਮਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥

ਬ੍ਰਹਮਗਿਆਨੀ ਬੰਧਨ ਤੇ ਮੁਕਤਾ॥ ਬ੍ਰਹਮਗਿਆਨੀ ਕੀ ਨਿਰਮਲ ਜੁਗਤਾ॥
ਬ੍ਰਹਮਗਿਆਨੀ ਕਾ ਭੋਜਨੁ ਗਿਆਨ॥
ਨਾਨਕ ਬ੍ਰਹਮਗਿਆਨੀ ਕਾ ਬ੍ਰਹਮ ਧਿਆਨੁ॥ ੩॥

ਪਦ ਅਰਥ : **ਰੀਨਾ**—ਧੂੜ। **ਚੀਨਾ**—ਪਛਾਣਿਆ। **ਮਇਆ**—ਖੁਸ਼ੀ। **ਸਮਦਰਸੀ**—ਸਭ ਨੂੰ ਇਕੋ ਜਿਹਾ ਦੇਖਣ ਵਾਲਾ। **ਬਰਸੀ**—ਵਰਖਾ ਕਰਨ ਵਾਲੀ। **ਮੁਕਤਾ**—ਆਜ਼ਾਦ। **ਜੁਗਤਾ**—ਜੁਗਤੀ।

ਅਰਥ : ਬ੍ਰਹਮਗਿਆਨੀ ਸਾਰੇ ਬੰਦਿਆਂ ਦੇ ਪੈਰਾਂ ਦੀ ਖਾਕ ਬਣ ਕੇ ਰਹਿੰਦਾ ਹੈ। ਬ੍ਰਹਮਗਿਆਨੀ ਨੇ ਆਤਮਕ ਅਨੰਦ ਨੂੰ ਪਛਾਣ ਲਿਆ ਹੈ।

ਬ੍ਰਹਮਗਿਆਨੀ ਦੀ ਸਭ ਉੱਤੇ ਖੁਸ਼ੀ ਹੁੰਦੀ ਹੈ ਅਤੇ ਉਹ ਕੋਈ ਮੰਦਾ ਨਹੀਂ ਕਰਦਾ।

ਬ੍ਰਹਮਗਿਆਨੀ ਸਦਾ ਸਭ ਵੱਲ ਇਕੋ ਜਿਹੀ ਨਜ਼ਰ ਨਾਲ ਦੇਖਦਾ ਹੈ। ਉਸ ਦੀ ਨਜ਼ਰ ਤੋਂ ਸਭ ਉੱਤੇ ਅੰਮ੍ਰਿਤ ਦੀ ਵਰਖਾ ਹੁੰਦੀ ਹੈ।

ਬ੍ਰਹਮਗਿਆਨੀ ਮਾਇਆ ਦੇ ਬੰਧਨਾਂ ਤੋਂ ਮੁਕਤ ਹੁੰਦਾ ਹੈ ਅਤੇ ਉਸ ਦੀ ਜੀਵਨ-ਜੁਗਤੀ ਵਿਕਾਰਾਂ ਤੋਂ ਰਹਿਤ ਹੁੰਦੀ ਹੈ।

ਰੱਬੀ ਗਿਆਨ ਬ੍ਰਹਮਗਿਆਨੀ ਦੀ ਖੁਰਾਕ ਹੈ। ਹੇ ਨਾਨਕ! ਬ੍ਰਹਮਗਿਆਨੀ ਦੀ ਸੁਰਤ ਪਰਮਾਤਮਾ ਨਾਲ ਜੁੜੀ ਰਹਿੰਦੀ ਹੈ॥ ੩॥

ਬ੍ਰਹਮਗਿਆਨੀ ਏਕ ਊਪਰਿ ਆਸ॥ ਬ੍ਰਹਮਗਿਆਨੀ ਕਾ ਨਹੀ ਬਿਨਾਸ॥
ਬ੍ਰਹਮਗਿਆਨੀ ਕੈ ਗਰੀਬੀ ਸਮਾਹਾ॥ ਬ੍ਰਹਮਗਿਆਨੀ ਪਰਉਪਕਾਰ ਉਮਾਹਾ॥
ਬ੍ਰਹਮਗਿਆਨੀ ਕੈ ਨਾਹੀ ਧੰਧਾ॥ ਬ੍ਰਹਮਗਿਆਨੀ ਲੇ ਧਾਵਤੁ ਬੰਧਾ॥
ਬ੍ਰਹਮਗਿਆਨੀ ਕੈ ਹੋਇ ਸੁ ਭਲਾ॥ ਬ੍ਰਹਮਗਿਆਨੀ ਸੁਫਲ ਫਲਾ॥
ਬ੍ਰਹਮਗਿਆਨੀ ਸੰਗਿ ਸਗਲ ਉਧਾਰੁ॥ ਨਾਨਕ ਬ੍ਰਹਮਗਿਆਨੀ ਜਪੈ ਸਗਲ ਸੰਸਾਰੁ॥ ੪॥

ਪਦ ਅਰਥ : **ਆਸ**—ਟੇਕ। **ਬਿਨਾਸ**—ਨਾਸ। **ਉਮਾਹਾ**—ਉਤਸ਼ਾਹ। **ਬੰਧਾ**—ਰੋਕ ਰੱਖਦਾ ਹੈ। **ਸੁਫਲ**—ਚੰਗੇ ਫਲ ਵਾਲਾ। **ਫਲਾ**—ਫਲਦਾ ਹੈ।

ਅਰਥ : ਬ੍ਰਹਮਗਿਆਨੀ ਇਕ ਅਕਾਲ ਪੁਰਖ 'ਤੇ ਟੇਕ ਰੱਖਦਾ ਹੈ। ਬ੍ਰਹਮਗਿਆਨੀ ਦੀ ਉੱਚੀ ਆਤਮਕ ਅਵਸਥਾ ਦਾ ਕਦੇ ਨਾਸ ਨਹੀਂ ਹੁੰਦਾ।

ਬ੍ਰਹਮਗਿਆਨੀ ਦੇ ਹਿਰਦੇ ਵਿਚ ਗ਼ਰੀਬੀ (ਨਿਮ੍ਰਤਾ) ਟਿਕੀ ਰਹਿੰਦੀ ਹੈ ਅਤੇ ਉਸ ਨੂੰ ਦੂਜਿਆਂ ਦੀ ਭਲਾਈ ਕਰਨ ਦਾ ਸਦਾ ਚਾਉ ਚੜ੍ਹਿਆ ਰਹਿੰਦਾ ਹੈ।

ਬ੍ਰਹਮਗਿਆਨੀ ਦੇ ਮਨ ਵਿਚ ਮਾਇਆ ਦਾ ਜੰਜਾਲ ਨਹੀਂ ਪੈਂਦਾ ਕਿਉਂਕਿ ਉਹ ਭਟਕਦੇ ਮਨ ਨੂੰ ਕਾਬੂ ਕਰਕੇ ਮਾਇਆ ਵਲੋਂ ਰੋਕ ਰਖਦਾ ਹੈ।

ਜੋ ਕੁਝ ਰੱਬ ਵਲੋਂ ਹੁੰਦਾ ਹੈ ਬ੍ਰਹਮਗਿਆਨੀ ਨੂੰ ਆਪਣੇ ਮਨ ਵਿਚ ਭਲਾ ਪ੍ਰਤੀਤ ਹੁੰਦਾ ਹੈ। ਇਸ ਤਰ੍ਹਾਂ ਉਸ ਦਾ ਮਨੁੱਖਾ ਜਨਮ ਚੰਗੀ ਤਰ੍ਹਾਂ ਸਫ਼ਲ ਹੁੰਦਾ ਹੈ।

ਬ੍ਰਹਮਗਿਆਨੀ ਦੀ ਸੰਗਤਿ ਵਿਚ ਸਭ ਦਾ ਬੇੜਾ ਪਾਰ ਹੁੰਦਾ ਹੈ। ਹੇ ਨਾਨਕ! ਬ੍ਰਹਮਗਿਆਨੀ ਦੀ ਰਾਹੀਂ ਸਾਰਾ ਸੰਸਾਰ ਹੀ ਪ੍ਰਭੂ ਦਾ ਨਾਮ ਜਪਣ ਲੱਗ ਪੈਂਦਾ ਹੈ॥ ੪॥

ਬ੍ਰਹਮਗਿਆਨੀ ਕੈ ਏਕੈ ਰੰਗ॥ ਬ੍ਰਹਮਗਿਆਨੀ ਕੈ ਬਸੈ ਪ੍ਰਭੁ ਸੰਗ॥
ਬ੍ਰਹਮਗਿਆਨੀ ਕੈ ਨਾਮੁ ਆਧਾਰੁ॥ ਬ੍ਰਹਮਗਿਆਨੀ ਕੈ ਨਾਮੁ ਪਰਵਾਰੁ॥
ਬ੍ਰਹਮਗਿਆਨੀ ਸਦਾ ਸਦ ਜਾਗਤ॥ ਬ੍ਰਹਮਗਿਆਨੀ ਅਹੰਬੁਧਿ ਤਿਆਗਤ॥
ਬ੍ਰਹਮਗਿਆਨੀ ਕੈ ਮਨਿ ਪਰਮਾਨੰਦ॥ ਬ੍ਰਹਮਗਿਆਨੀ ਕੈ ਘਰਿ ਸਦਾ ਅਨੰਦ॥
ਬ੍ਰਹਮਗਿਆਨੀ ਸੁਖ ਸਹਜ ਨਿਵਾਸ॥ ਨਾਨਕ ਬ੍ਰਹਮਗਿਆਨੀ ਕਾ ਨਹੀ ਬਿਨਾਸ॥ ੫॥

ਪਦ ਅਰਥ : **ਰੰਗ**—ਪਿਆਰ। **ਆਧਾਰੁ**—ਆਸਰਾ। **ਅਹੰਬੁਧਿ**—"ਮੈਂ" ਆਖਣ ਵਾਲੀ ਬੁੱਧ, ਅਹੰਕਾਰ ਵਾਲੀ ਮੱਤ। **ਪਰਮਾਨੰਦ**—ਪਰਮ ਅਨੰਦ ਵਾਲਾ ਪ੍ਰਭੂ। **ਬਿਨਾਸ**—ਨਾਸ।

ਅਰਥ : ਬ੍ਰਹਮਗਿਆਨੀ ਦੇ ਹਿਰਦੇ ਵਿਚ ਸਦਾ ਵਾਹਿਗੁਰੂ ਦਾ ਪਿਆਰ ਵੱਸਦਾ ਹੈ। ਇਸੇ ਹੀ ਕਰਕੇ ਪ੍ਰਭੂ ਬ੍ਰਹਮਗਿਆਨੀ ਦੇ ਅੰਗ ਸੰਗ ਰਹਿੰਦਾ ਹੈ।

ਬ੍ਰਹਮਗਿਆਨੀ ਦੇ ਮਨ ਵਿਚ ਪ੍ਰਭੂ ਦਾ ਨਾਮ ਹੀ ਟੇਕ ਹੈ ਅਤੇ ਨਾਮ ਹੀ ਉਸ ਦਾ ਪਰਿਵਾਰ ਹੈ।

ਬ੍ਰਹਮਗਿਆਨੀ ਸਦਾ ਵਿਕਾਰਾਂ ਦੇ ਹਮਲੇ ਵਲੋਂ ਸੁਚੇਤ ਰਹਿੰਦਾ ਹੈ ਅਤੇ 'ਮੈਂ' 'ਮੈਂ' ਕਰਨ ਵਾਲੀ ਮੱਤ ਛੱਡ ਦਿੰਦਾ ਹੈ।

ਬ੍ਰਹਮਗਿਆਨੀ ਦੇ ਮਨ ਵਿਚ ਉੱਚੇ ਸੁਖ ਦਾ ਮਾਲਕ ਵਾਹਿਗੁਰੂ ਵੱਸਦਾ ਹੈ, ਤਾਹੀਏਂ ਉਸ ਦੇ ਹਿਰਦੇ ਰੂਪ ਘਰ ਵਿਚ ਸਦਾ ਖੁਸ਼ੀ ਦਾ ਖਿੜਾਉ ਹੈ।

ਬ੍ਰਹਮਗਿਆਨੀ ਸੁਖ ਅਤੇ ਸ਼ਾਂਤੀ ਵਿਚ ਟਿਕਿਆ ਰਹਿੰਦਾ ਹੈ। ਹੇ ਨਾਨਕ! ਬ੍ਰਹਮਗਿਆਨੀ ਦੀ ਇਸ ਉੱਚੀ ਆਤਮਕ ਅਵਸਥਾ ਦਾ ਕਦੇ ਨਾਸ ਨਹੀਂ ਹੁੰਦਾ॥ ੫॥

ਬ੍ਰਹਮਗਿਆਨੀ ਬ੍ਰਹਮ ਕਾ ਬੇਤਾ॥ ਬ੍ਰਹਮਗਿਆਨੀ ਏਕ ਸੰਗਿ ਹੇਤਾ॥
ਬ੍ਰਹਮਗਿਆਨੀ ਕੈ ਹੋਇ ਅਚਿੰਤ॥ ਬ੍ਰਹਮਗਿਆਨੀ ਕਾ ਨਿਰਮਲ ਮੰਤ॥
ਬ੍ਰਹਮਗਿਆਨੀ ਜਿਸ ਕਰੈ ਪ੍ਰਭੁ ਆਪਿ॥ ਬ੍ਰਹਮਗਿਆਨੀ ਕਾ ਬਡ ਪਰਤਾਪ॥
ਬ੍ਰਹਮਗਿਆਨੀ ਕਾ ਦਰਸੁ ਬਡਭਾਗੀ ਪਾਈਐ॥ ਬ੍ਰਹਮਗਿਆਨੀ ਕਉ ਬਲਿ ਬਲਿ ਜਾਈਐ॥
ਬ੍ਰਹਮਗਿਆਨੀ ਕਉ ਖੋਜਹਿ ਮਹੇਸੁਰ॥ ਨਾਨਕ ਬ੍ਰਹਮਗਿਆਨੀ ਆਪਿ ਪਰਮੇਸੁਰ॥ ੬॥

ਪਦ ਅਰਥ : **ਬੇਤਾ**—ਜਾਣਨ ਵਾਲਾ। **ਹੇਤ**—ਪਿਆਰ। **ਅਚਿੰਤ**—ਬੇ-ਫ਼ਿਕਰੀ। **ਨਿਰਮਲ**—ਪਵਿੱਤਰ। **ਮੰਤ**—ਮੰਤ੍ਰ, ਉਪਦੇਸ਼। **ਦਰਸੁ**—ਦਰਸ਼ਨ। **ਬਲਿ ਬਲਿ**—ਸਦਕੇ। **ਮਹੇਸੁਰ**—ਮਹਾਂ-ਈਸ਼ਰ, ਸ਼ਿਵਜੀ ਆਦਿਕ ਦੇਵਤੇ। **ਪਰਮੇਸੁਰ**—ਪਰਮਾਤਮਾ।

ਅਰਥ : ਬ੍ਰਹਮਗਿਆਨੀ ਮਨੁੱਖ ਪਰਮਾਤਮਾ ਦਾ ਮਹਿਰਮ ਬਣ ਜਾਂਦਾ ਹੈ ਤੇ ਉਹ ਇਕ ਪ੍ਰਭੂ ਨਾਲ ਹੀ ਪਿਆਰ ਕਰਦਾ ਹੈ।

ਬ੍ਰਹਮਗਿਆਨੀ ਦੇ ਮਨ ਵਿਚ ਸਦਾ ਬੇ-ਫ਼ਿਕਰੀ ਰਹਿੰਦੀ ਹੈ। ਉਸ ਦਾ ਉਪਦੇਸ਼ ਵੀ ਹੋਰਨਾਂ ਨੂੰ ਪਵਿੱਤਰ ਕਰਨ ਵਾਲਾ ਹੁੰਦਾ ਹੈ।

ਬ੍ਰਹਮਗਿਆਨੀ ਦਾ ਬੜਾ ਨਾਮਣਾ ਹੋ ਜਾਂਦਾ ਹੈ, ਪਰ ਉਹੀ ਮਨੁੱਖ ਬ੍ਰਹਮਗਿਆਨੀ ਬਣਦਾ ਹੈ ਜਿਸਨੂੰ ਪ੍ਰਭੂ ਆਪ ਬਣਾਉਂਦਾ ਹੈ।

ਬ੍ਰਹਮਗਿਆਨੀ ਦਾ ਦੀਦਾਰ ਵੱਡੇ ਭਾਗਾਂ ਨਾਲ ਪਾਈਦਾ ਹੈ। ਬ੍ਰਹਮਗਿਆਨੀ ਤੋਂ ਸਦਾ ਸਦਕੇ ਜਾਈਏ।

ਸ਼ਿਵ ਆਦਿਕ ਦੇਵਤੇ ਵੀ ਬ੍ਰਹਮਗਿਆਨੀ ਨੂੰ ਭਾਲਦੇ ਫਿਰਦੇ ਹਨ। ਹੇ ਨਾਨਕ! ਅਕਾਲ ਪੁਰਖ ਆਪ ਬ੍ਰਹਮਗਿਆਨੀ ਦਾ ਰੂਪ ਹੈ॥ ੬॥

ਬ੍ਰਹਮਗਿਆਨੀ ਕੀ ਕੀਮਤਿ ਨਾਹਿ॥ ਬ੍ਰਹਮਗਿਆਨੀ ਕੈ ਸਗਲ ਮਨ ਮਾਹਿ॥
ਬ੍ਰਹਮਗਿਆਨੀ ਕਾ ਕਉਨ ਜਾਨੈ ਭੇਦੁ॥ ਬ੍ਰਹਮਗਿਆਨੀ ਕਉ ਸਦਾ ਅਦੇਸੁ॥
ਬ੍ਰਹਮਗਿਆਨੀ ਕਾ ਕਥਿਆ ਨ ਜਾਇ ਅਧਾਖ੍ਹਰੁ॥ ਬ੍ਰਹਮਗਿਆਨੀ ਸਰਬ ਕਾ ਠਾਕੁਰੁ॥
ਬ੍ਰਹਮਗਿਆਨੀ ਕੀ ਮਿਤਿ ਕਉਨੁ ਬਖਾਨੈ॥ ਬ੍ਰਹਮਗਿਆਨੀ ਕੀ ਗਤਿ ਬ੍ਰਹਮਗਿਆਨੀ ਜਾਨੈ॥
ਬ੍ਰਹਮਗਿਆਨੀ ਕਾ ਅੰਤੁ ਨ ਪਾਰੁ॥ ਨਾਨਕ ਬ੍ਰਹਮਗਿਆਨੀ ਕਉ ਸਦਾ ਨਮਸਕਾਰੁ॥ ੭॥

ਪਦ ਅਰਥ : ਸਗਲ—ਸਾਰੇ। ਆਦੇਸੁ—ਪ੍ਰਣਾਮ। ਅਧਾਖ੍ਹਰੁ—ਮਹਿਮਾ ਦਾ ਅੱਧਾ ਅੱਖਰ ਵੀ। ਮਿਤਿ—ਮਾਪ, ਅੰਦਾਜ਼ਾ। ਗਤਿ—ਹਾਲਤ। ਬਖਾਨੈ—ਬਿਆਨ ਕਰੇ।

ਅਰਥ : ਬ੍ਰਹਮਗਿਆਨੀ ਦੇ ਗੁਣਾਂ ਦਾ ਮੁੱਲ ਨਹੀਂ ਪੈ ਸਕਦਾ, ਸਾਰੇ ਹੀ ਗੁਣ ਬ੍ਰਹਮਗਿਆਨੀ ਦੇ ਅੰਦਰ ਹਨ।

ਕਿਹੜਾ ਮਨੁੱਖ ਬ੍ਰਹਮਗਿਆਨੀ ਦੇ ਉੱਚੇ ਜੀਵਨ ਦਾ ਭੇਦ ਪਾ ਸਕਦਾ ਹੈ? ਬ੍ਰਹਮਗਿਆਨੀ ਦੇ ਅੱਗੇ ਸਦਾ ਨਿਉਣਾ ਹੀ ਫਬਦਾ ਹੈ।

ਬ੍ਰਹਮਗਿਆਨੀ ਦੀ ਮਹਿਮਾ ਦਾ ਅੱਧਾ ਅੱਖਰ ਵੀ ਨਹੀਂ ਕਿਹਾ ਜਾ ਸਕਦਾ। ਬ੍ਰਹਮਗਿਆਨੀ ਸਾਰੇ ਜੀਵਾਂ ਦਾ ਪੂਜਯ ਹੈ।

ਬ੍ਰਹਮਗਿਆਨੀ ਦੇ ਉੱਚੇ ਜੀਵਨ ਦਾ ਅੰਦਾਜ਼ਾ ਕੌਣ ਲਗਾ ਸਕਦਾ ਹੈ? ਉਸ ਦੀ ਹਾਲਤ ਉਸ ਵਰਗਾ ਬ੍ਰਹਮਗਿਆਨੀ ਹੀ ਜਾਣਦਾ ਹੈ।

ਬ੍ਰਹਮਗਿਆਨੀ ਦੇ ਗੁਣਾਂ ਦੇ ਸਮੁੰਦਰ ਦਾ ਕੋਈ ਹੱਦ ਬੰਨਾ ਨਹੀਂ। ਹੇ ਨਾਨਕ! ਸਦਾ ਬ੍ਰਹਮਗਿਆਨੀ ਦੇ ਚਰਨਾਂ ਉੱਤੇ ਪਿਆ ਰਹੁ॥ ੭॥

ਬ੍ਰਹਮਗਿਆਨੀ ਸਭ ਸ੍ਰਿਸਟਿ ਕਾ ਕਰਤਾ॥ ਬ੍ਰਹਮਗਿਆਨੀ ਸਦ ਜੀਵੈ ਨਹੀ ਮਰਤਾ॥
ਬ੍ਰਹਮਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ॥ ਬ੍ਰਹਮਗਿਆਨੀ ਪੂਰਨ ਪੁਰਖੁ ਬਿਧਾਤਾ॥
ਬ੍ਰਹਮਗਿਆਨੀ ਅਨਾਥ ਕਾ ਨਾਥੁ॥ ਬ੍ਰਹਮਗਿਆਨੀ ਕਾ ਸਭ ਊਪਰਿ ਹਾਥੁ॥

ਬ੍ਰਹਮਗਿਆਨੀ ਕਾ ਸਗਲ ਅਕਾਰੁ॥ ਬ੍ਰਹਮਗਿਆਨੀ ਆਪਿ ਨਿਰੰਕਾਰੁ॥
ਬ੍ਰਹਮਗਿਆਨੀ ਕੀ ਸੋਭਾ ਬ੍ਰਹਮਗਿਆਨੀ ਬਨੀ॥
ਨਾਨਕ ਬ੍ਰਹਮਗਿਆਨੀ ਸਰਬ ਕਾ ਧਨੀ॥ ੮॥ ੮॥

ਪਦ ਅਰਥ : ਸ੍ਰਿਸਟ—ਦੁਨੀਆਂ। ਮੁਕਤਿ ਜੁਗਤਿ—ਮੁਕਤੀ ਦਾ ਰਸਤਾ। ਬਿਧਾਤਾ—ਪੈਦਾ ਕਰਨ ਵਾਲਾ। ਪੂਰਨ ਪੁਰਖ—ਪ੍ਰਭੂ। ਨਾਥੁ—ਖਸਮ। ਸਭ ਊਪਰਿ ਹਾਥੁ—ਸਭ ਦੀ ਸਹਾਇਤਾ ਕਰਦਾ ਹੈ। ਸਗਲ ਅਕਾਰੁ—ਸਾਰਾ ਦਿਸਦਾ ਸੰਸਾਰ। ਅਕਾਰੁ—ਸਰੂਪ। ਬਨੀ—ਫਬਦੀ ਹੈ। ਧਨੀ—ਮਾਲਕ।

ਅਰਥ : ਬ੍ਰਹਮਗਿਆਨੀ ਸਾਰੇ ਜਗਤ ਨੂੰ ਬਣਾਉਣ ਵਾਲੇ ਪ੍ਰਭੂ ਵਰਗਾ ਹੈ, ਸਦਾ ਹੀ ਜੀਉਂਦਾ ਹੈ, ਕਦੇ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦਾ।

ਬ੍ਰਹਮਗਿਆਨੀ ਮੁਕਤੀ ਦਾ ਰਾਹ ਦੱਸਣ ਵਾਲਾ ਤੇ ਉੱਚਾ ਆਤਮਕ ਜੀਵਨ ਦੇਣ ਵਾਲਾ ਹੈ। ਉਹੀ ਪੂਰਨ ਪੁਰਖ ਤੇ ਕਾਦਰ ਹੈ।

ਬ੍ਰਹਮਗਿਆਨੀ ਨਿਖਸਮਿਆਂ ਦਾ ਖਸਮ ਹੈ, ਸਭ ਦੀ ਹੀ ਸਹਾਇਤਾ ਕਰਦਾ ਹੈ।

ਸਾਰਾ ਦਿਸਦਾ ਜਗਤ ਬ੍ਰਹਮਗਿਆਨੀ ਦਾ ਆਪਣਾ ਹੈ, ਉਹ ਤਾਂ ਪ੍ਰਤੱਖ ਆਪ ਹੀ ਰੱਬ ਹੈ।

ਬ੍ਰਹਮਗਿਆਨੀ ਦੀ ਮਹਿਮਾ ਕੋਈ ਬ੍ਰਹਮਗਿਆਨੀ ਹੀ ਕਰ ਸਕਦਾ ਹੈ। ਹੇ ਨਾਨਕ! ਬ੍ਰਹਮਗਿਆਨੀ ਸਭ ਜੀਵਾਂ ਦਾ ਮਾਲਕ ਹੈ॥ ੮॥ ੮॥

ਸ਼ਬਦ ਉਚਾਰਨ : ਬਸੁਧਾ ਦਾ ਉਚਾਰਨ ਬਿਨਾਂ ਅੱਧਕ ਲਗਾਏ ਕਰਨਾ ਹੈ। ਸੁਫਲ ਨੂੰ (ਸੁ+ਫਲ) ਪੜ੍ਹਨਾ ਗ਼ਲਤ ਹੈ।

ਬਡਭਾਗੀਂ, ਖੋਜਹਿਂ, ਨਾਹਿਂ, ਮਾਹਿਂ ਬਿੰਦੀ ਸਹਿਤ ਉਚਾਰਨੇ ਹਨ।

ਨੋਟ : ਜਿਹੜਾ ਮਨੁੱਖ ਮਨ, ਬਚਨ, ਕਰਮ ਕਰਕੇ ਅਕਾਲ ਪੁਰਖ ਨਾਲ ਹਮੇਸ਼ਾ ਜੁੜਿਆ ਰਹਿੰਦਾ ਹੈ, ਉਹ ਅਕਾਲ ਪੁਰਖ ਵਰਗਾ ਹੀ ਹੋ ਜਾਂਦਾ ਹੈ—ਜਿਨ ਹਰਿ ਜਪਿਆ, ਸੇ ਹਰਿ ਹੋਏ... (੬੬੭) ਇਸ ਲਈ ਇੱਥੇ ਅਕਾਲ ਪੁਰਖ ਦੁਆਰਾ ਕੀਤੇ ਮਹਾਨ ਕਾਰਜਾਂ ਦਾ 'ਕਰਤਾ' ਵੀ ਬ੍ਰਹਮਗਿਆਨੀ ਨੂੰ ਕਿਹਾ ਗਿਆ ਹੈ।

॥ ਸਲੋਕੁ॥

ਉਰਿ ਧਾਰੈ ਜੋ ਅੰਤਰਿ ਨਾਮੁ॥ ਸਰਬ ਮੈ ਪੇਖੈ ਭਗਵਾਨੁ॥
ਨਿਮਖ ਨਿਮਖ ਠਾਕੁਰ ਨਮਸਕਾਰੈ॥
ਨਾਨਕ ਓਹੁ ਅਪਰਸੁ ਸਗਲ ਨਿਸਤਾਰੈ॥ ੧॥

ਪਦ ਅਰਥ : ਉਰਿ—ਹਿਰਦੇ ਵਿਚ। ਧਾਰੈ—ਟਿਕਾਏ। ਅੰਤਰਿ—ਅੰਦਰ, ਮਨ ਵਿਚ। ਸਰਬ ਮੈ—ਸਾਰਿਆਂ ਵਿਚ ਵਿਆਪਕ। ਨਿਮਖ—ਅੱਖ ਦੇ ਫਰਕਣ ਜਿੰਨਾ ਸਮਾਂ। ਅਪਰਸੁ—ਅਛੋਹ।

ਅਰਥ : ਜੋ ਮਨੁੱਖ ਸਦਾ ਆਪਣੇ ਹਿਰਦੇ ਵਿਚ ਅਕਾਲ ਪੁਰਖ ਦਾ ਨਾਮ ਟਿਕਾ ਰਖਦਾ ਹੈ ਅਤੇ ਪਰਮਾਤਮਾ ਨੂੰ ਸਭਨਾਂ ਵਿਚ ਵਿਆਪਕ ਵੇਖਦਾ ਹੈ, ਜੋ ਪਲ ਪਲ ਆਪਣੇ ਪ੍ਰਭੂ ਨੂੰ ਨਮਸਕਾਰਦਾ ਹੈ, ਹੇ ਨਾਨਕ! ਉਹ ਅਸਲੀ ਅਪਰਸ ਹੈ ਅਤੇ ਉਹ ਸਭ ਜੀਵਾਂ ਨੂੰ ਸੰਸਾਰ-ਸਮੁੰਦਰ ਤੋਂ ਤਾਰ ਲੈਂਦਾ ਹੈ॥ ੧॥

ਅਸਟਪਦੀ ॥

ਮਿਥਿਆ ਨਾਹੀ ਰਸਨਾ ਪਰਸ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ॥
ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ ਸਾਧ ਕੀ ਟਹਲ ਸੰਤ ਸੰਗਿ ਹੇਤ॥
ਕਰਨ ਨ ਸੁਨੈ ਕਾਹੂ ਕੀ ਨਿੰਦਾ॥ ਸਭ ਤੇ ਜਾਨੈ ਆਪਸ ਕਉ ਮੰਦਾ॥
ਗੁਰ ਪ੍ਰਸਾਦਿ ਬਿਖਿਆ ਪਰਹਰੈ॥ ਮਨ ਕੀ ਬਾਸਨਾ ਮਨ ਤੇ ਟਰੈ॥
ਇੰਦ੍ਰੀਜਿਤ ਪੰਚ ਦੋਖ ਤੇ ਰਹਤ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ॥ ੧॥

ਪਦ ਅਰਥ : **ਮਿਥਿਆ**—ਝੂਠ। **ਪਰਸ**—ਛੋਹ। **ਤ੍ਰਿਅ ਰੂਪੁ**—ਇਸਤ੍ਰੀ ਦਾ ਰੂਪ। **ਹੇਤ**—ਪਿਆਰ। **ਕਰਨ**—ਕੰਨਾਂ ਨਾਲ। **ਕਾਹੂ ਕੀ**—ਕਿਸੇ ਦੀ ਵੀ। **ਬਿਖਿਆ**—ਮਾਇਆ। **ਪਰਹਰੈ**—ਛੱਡ ਦੇਵੇ। **ਬਾਸਨਾ**—ਵਾਸ਼ਨਾ। **ਟਰੈ**—ਟਲ ਜਾਏ। **ਇੰਦ੍ਰੀਜਿਤ**—ਗਿਆਨ ਇੰਦਰੀਆਂ ਨੂੰ ਜਿੱਤਣ ਵਾਲਾ। **ਦੋਖ**—ਵਿਕਾਰ। **ਪੰਚ ਦੋਖ**—ਪੰਜ ਵਿਕਾਰ : ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ। **ਕੋਟਿ**—ਕਰੋੜ। **ਮਧੇ**—ਵਿਚ। **ਕੋ**—ਕੋਈ, ਵਿਰਲਾ।

ਅਰਥ : ਜੋ ਮਨੁੱਖ ਝੂਠ ਨੂੰ ਜੀਭ ਨਾਲ ਛੋਹਣ ਨਹੀਂ ਦਿੰਦਾ, ਮਨ ਵਿਚ ਅਕਾਲ ਪੁਰਖ ਦੇ ਦਰਸ਼ਨ ਦੀ ਤਾਂਘ ਰੱਖਦਾ ਹੈ;

ਜੋ ਪਰਾਈ ਇਸਤ੍ਰੀ ਦੇ ਹੁਸਨ ਨੂੰ ਆਪਣੀਆਂ ਅੱਖਾਂ ਨਾਲ ਨਹੀਂ ਤੱਕਦਾ, ਭਲੇ ਮਨੁੱਖਾਂ ਦੀ ਸੇਵਾ ਕਰਦਾ ਹੈ ਤੇ ਸੰਤ ਜਨਾਂ ਦੀ ਸੰਗਤ ਦੀ ਪ੍ਰੀਤ ਰੱਖਦਾ ਹੈ;

ਜੋ ਕੰਨਾਂ ਨਾਲ ਕਿਸੇ ਦੀ ਵੀ ਨਿੰਦਿਆ ਨਹੀਂ ਸੁਣਦਾ ਸਗੋਂ ਸਾਰਿਆਂ ਨਾਲੋਂ ਆਪਣੇ ਆਪ ਨੂੰ ਮਾੜਾ ਸਮਝਦਾ ਹੈ;

ਜੋ ਗੁਰੂ ਦੀ ਮਿਹਰ ਦਾ ਸਦਕਾ ਮਾਇਆ ਦਾ ਪ੍ਰਭਾਵ ਪਰੇ ਹਟਾ ਦਿੰਦਾ ਹੈ ਤੇ ਜਿਸ ਦੇ ਮਨ ਦੀ ਵਾਸ਼ਨਾ ਮਨ ਤੋਂ ਟਲ ਜਾਂਦੀ ਹੈ;

ਜੋ ਆਪਣੇ ਗਿਆਨ ਇੰਦਰਿਆਂ ਨੂੰ ਵੱਸ ਵਿਚ ਰੱਖ ਕੇ ਕਾਮਾਦਿਕ ਪੰਜੇ ਹੀ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ, ਹੇ ਨਾਨਕ! ਕਰੋੜਾਂ ਵਿਚੋਂ ਕੋਈ ਏਹੋ ਜਿਹਾ ਵਿਰਲਾ ਬੰਦਾ 'ਅਪਰਸ' ਕਿਹਾ ਜਾ ਸਕਦਾ ਹੈ॥ ੧॥

ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ॥ ਬਿਸਨ ਕੀ ਮਾਇਆ ਤੇ ਹੋਇ ਭਿੰਨ॥
ਕਰਮ ਕਰਤ ਹੋਵੈ ਨਿਹਕਰਮ॥ ਤਿਸੁ ਬੈਸਨੋ ਕਾ ਨਿਰਮਲ ਧਰਮ॥
ਕਾਹੂ ਫਲ ਕੀ ਇਛਾ ਨਹੀ ਬਾਛੈ॥ ਕੇਵਲ ਭਗਤਿ ਕੀਰਤਨ ਸੰਗਿ ਰਾਚੈ॥
ਮਨ ਤਨ ਅੰਤਰਿ ਸਿਮਰਨ ਗੋਪਾਲ॥ ਸਭ ਊਪਰਿ ਹੋਵਤ ਕਿਰਪਾਲ॥

ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ ॥ ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ ॥ ੨ ॥

ਪਦ ਅਰਥ : **ਬੈਸਨੋ**—ਵਿਸ਼ਨੂ ਦਾ ਪੁਜਾਰੀ। **ਬਿਸਨ**—ਵਿਸ਼ਨੂੰ, ਜਗਤ ਪਾਲਕ ਪ੍ਰਭੂ! **ਨਿਹਕਰਮ**—ਕਰਮ-ਰਹਿਤ। **ਬਾਛੈ**—ਚਾਹੁੰਦਾ ਹੈ। **ਦ੍ਰਿੜੈ**—ਪੱਕਾ ਕਰਦਾ ਹੈ।

ਅਰਥ : ਜੋ ਮਨੁੱਖ ਪ੍ਰਭੂ ਦੀ ਮਾਇਆ ਤੋਂ ਬੇ-ਦਾਗ਼ ਹੈ ਤੇ ਜਿਸ ਉੱਤੇ ਪ੍ਰਭੂ ਆਪ ਤਰੁੱਠਦਾ ਹੈ, ਉਹ ਅਸਲੀ ਵੈਸ਼ਨੋ ਹੈ।

ਉਸ ਵੈਸ਼ਨੂੰ ਦਾ ਧਰਮ ਵੀ ਪਵਿੱਤਰ ਹੈ ਜੋ ਧਰਮ ਦੇ ਕੰਮ ਕਰਦਾ ਹੋਇਆ ਇਨ੍ਹਾਂ ਕੰਮਾਂ ਦੇ ਫਲ ਦੀ ਇੱਛਾ ਨਹੀਂ ਰੱਖਦਾ।

ਜੋ ਮਨੁੱਖ ਨਿਰਾ ਭਗਤੀ ਤੇ ਕੀਰਤਨ ਵਿਚ ਮਸਤ ਰਹਿੰਦਾ ਹੈ ਤੇ ਕਿਸੇ ਵੀ ਫਲ ਦੀ ਇੱਛਾ ਨਹੀਂ ਰੱਖਦਾ;

ਜਿਸ ਦੇ ਮਨ ਤਨ ਵਿਚ ਪ੍ਰਭੂ ਦਾ ਸਿਮਰਨ ਵੱਸ ਰਿਹਾ ਹੈ, ਜੋ ਸਭ ਜੀਵਾਂ ਉੱਤੇ ਦਇਆ ਕਰਦਾ ਹੈ;

ਜੋ ਆਪ ਪ੍ਰਭੂ ਦੇ ਨਾਮ ਨੂੰ ਆਪਣੇ ਮਨ ਵਿਚ ਟਿਕਾਉਂਦਾ ਹੈ ਤੇ ਹੋਰਨਾਂ ਨੂੰ ਨਾਮ ਜਪਾਉਂਦਾ ਹੈ; ਹੇ ਨਾਨਕ! ਉਹ ਵੈਸ਼ਨੂ ਉੱਚਾ ਦਰਜਾ ਹਾਸਲ ਕਰਦਾ ਹੈ॥੨॥

ਭਗਉਤੀ ਭਗਵੰਤ ਭਗਤਿ ਕਾ ਰੰਗੁ ॥ ਸਗਲ ਤਿਆਗੈ ਦੁਸਟ ਕਾ ਸੰਗੁ ॥
ਮਨ ਤੇ ਬਿਨਸੈ ਸਗਲਾ ਭਰਮੁ ॥ ਕਰਿ ਪੂਜੈ ਸਗਲ ਪਾਰਬ੍ਰਹਮੁ ॥
ਸਾਧ ਸੰਗਿ ਪਾਪਾ ਮਲੁ ਖੋਵੈ ॥ ਤਿਸੁ ਭਗਉਤੀ ਕੀ ਮਤਿ ਊਤਮ ਹੋਵੈ ॥
ਭਗਵੰਤ ਕੀ ਟਹਲ ਕਰੈ ਨਿਤ ਨੀਤਿ ॥ ਮਨੁ ਤਨੁ ਅਰਪੈ ਬਿਸਨ ਪਰੀਤਿ ॥
ਹਰਿ ਕੇ ਚਰਨ ਹਿਰਦੈ ਬਸਾਵੈ ॥ ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥ ੩ ॥

ਪਦ ਅਰਥ : **ਭਗਉਤੀ**—ਭਗਵਾਨ ਦਾ ਉਪਾਸ਼ਕ, ਪਵਿੱਤਰ ਆਤਮਾ। **ਅਰਪੈ**—ਕੁਰਬਾਨ ਕਰਦਾ ਹੈ।

ਅਰਥ : ਭਗਵਾਨ ਦਾ ਅਸਲੀ ਉਪਾਸ਼ਕ ਉਹ ਹੈ ਜਿਸ ਦੇ ਹਿਰਦੇ ਵਿਚ ਭਗਵਾਨ ਦੀ ਭਗਤੀ ਦਾ ਪਿਆਰ ਹੈ ਤੇ ਜੋ ਸਭ ਮੰਦ-ਕਰਮੀਆਂ ਦੀ ਸੰਗਤ ਛੱਡ ਦਿੰਦਾ ਹੈ;

ਜਿਸ ਦੇ ਮਨ ਵਿਚੋਂ ਹਰ ਤਰ੍ਹਾਂ ਦਾ ਵਹਿਮ ਮਿਟ ਜਾਂਦਾ ਹੈ, ਜੋ ਅਕਾਲ ਪੁਰਖ ਨੂੰ ਹਰ ਥਾਂ ਮੌਜੂਦ ਜਾਣ ਕੇ ਪੂਜਦਾ ਹੈ;

ਉਸ ਭਗਉਤੀ ਦੀ ਮੱਤ ਉੱਚੀ ਹੁੰਦੀ ਹੈ ਜੋ ਗੁਰਮੁਖਾਂ ਦੀ ਸੰਗਤ ਵਿਚ ਰਹਿ ਕੇ ਪਾਪਾਂ ਦੀ ਮੈਲ ਮਨ ਤੋਂ ਦੂਰ ਕਰਦਾ ਹੈ;

ਜੋ ਨਿੱਤ ਭਗਵਾਨ ਦਾ ਸਿਮਰਨ ਕਰਦਾ ਹੈ, ਜੋ ਪ੍ਰਭੂ ਪਿਆਰ ਤੋਂ ਆਪਣਾ ਮਨ ਤੇ ਤਨ ਕੁਰਬਾਨ ਕਰ ਦਿੰਦਾ ਹੈ;

ਜੋ ਪ੍ਰਭੂ ਦੇ ਚਰਨ ਸਦਾ ਆਪਣੇ ਹਿਰਦੇ ਵਿਚ ਵਸਾਉਂਦਾ ਹੈ। ਹੇ ਨਾਨਕ! ਅਜਿਹਾ ਭਗਉਤੀ ਭਗਵਾਨ ਨੂੰ ਲੱਭ ਲੈਂਦਾ ਹੈ॥ ੩॥

ਸੋ ਪੰਡਿਤੁ ਜੋ ਮਨੁ ਪਰਬੋਧੈ॥ ਰਾਮ ਨਾਮੁ ਆਤਮ ਮਹਿ ਸੋਧੈ॥
ਰਾਮ ਨਾਮ ਸਾਰੁ ਰਸੁ ਪੀਵੈ॥ ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ॥
ਹਰਿ ਕੀ ਕਥਾ ਹਿਰਦੈ ਬਸਾਵੈ॥ ਸੋ ਪੰਡਿਤੁ ਫਿਰਿ ਜੋਨਿ ਨ ਆਵੈ॥
ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ॥ ਸੂਖਮ ਮਹਿ ਜਾਨੈ ਅਸਥੂਲੁ॥
ਚਹੁ ਵਰਨਾ ਕਉ ਦੇ ਉਪਦੇਸੁ॥ ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ॥ ੪॥

ਪਦ ਅਰਥ : ਪਰਬੋਧੈ—ਜਗਾਉਂਦਾ ਹੈ। ਸੋਧੈ—ਪੜਤਾਲ ਕਰਦਾ ਹੈ। ਸਾਰੁ—ਚੰਗਾ। ਪੁਰਾਨ—ਵਿਆਸ ਰਿਸ਼ੀ ਦੀਆਂ ਲਿਖੀਆਂ ਹੋਈਆਂ 18 ਧਰਮ ਪੁਸਤਕਾਂ। ਸੂਖਮ—ਨਾ ਦਿਸਣ ਵਾਲਾ ਪ੍ਰਭੂ। ਅਸਥੂਲੁ—ਦ੍ਰਿਸ਼ਟਮਾਨ ਜਗਤ। ਅਦੇਸੁ—ਨਮਸਕਾਰ, ਪ੍ਰਣਾਮ।

ਅਰਥ : ਅਸਲੀ ਪੰਡਤ ਉਹ ਹੈ ਜੋ ਆਪਣੇ ਮਨ ਨੂੰ ਸਿੱਖਿਆ ਦਿੰਦਾ ਹੈ ਅਤੇ ਪ੍ਰਭੂ ਦੇ ਨਾਮ ਨੂੰ ਆਪਣੇ ਮਨ ਵਿਚ ਭਾਲਦਾ ਹੈ।

ਉਸ ਪੰਡਤ ਦੇ ਉਪਦੇਸ਼ ਨਾਲ ਸਾਰਾ ਸੰਸਾਰ ਰੂਹਾਨੀ ਜ਼ਿੰਦਗੀ ਹਾਸਲ ਕਰਦਾ ਹੈ, ਜੋ ਪ੍ਰਭੂ-ਨਾਮ ਦਾ ਮਿੱਠਾ ਸੁਆਦ ਚੱਖਦਾ ਹੈ।

ਉਹ ਪੰਡਤ ਮੁੜ ਜਨਮ ਮਰਨ ਵਿਚ ਨਹੀਂ ਆਉਂਦਾ ਜੋ ਅਕਾਲ ਪੁਰਖ ਦੀ ਸਿਫਤ-ਸਲਾਹ ਦੀਆਂ ਗੱਲਾਂ ਆਪਣੇ ਹਿਰਦੇ ਵਿਚ ਵਸਾਉਂਦਾ ਹੈ।

ਜੋ ਵੇਦ, ਪੁਰਾਣ, ਸਿਮ੍ਰਿਤੀਆਂ ਦਾ ਮੁੱਢ ਪ੍ਰਭੂ ਨੂੰ ਸਮਝਦਾ ਹੈ, ਜੋ ਇਹ ਜਾਣਦਾ ਹੈ ਕਿ ਇਹ ਸਾਰਾ ਦਿਸਦਾ ਸੰਸਾਰ ਅਦ੍ਰਿਸ਼ਟ ਪ੍ਰਭੂ ਦੇ ਆਸਰੇ ਹੈ;

ਜੋ ਬ੍ਰਾਹਮਣ, ਖੱਤ੍ਰੀ, ਵੈਸ਼, ਸ਼ੂਦਰ ਚਾਰੇ ਹੀ ਜਾਤੀਆਂ ਨੂੰ ਸਿੱਖਿਆ ਦਿੰਦਾ ਹੈ, ਹੇ ਨਾਨਕ! ਇਉਂ ਆਖ ਕਿ ਅਸੀਂ ਉਸ ਪੰਡਤ ਅੱਗੇ ਸਦਾ ਸਿਰ ਨਿਵਾਉਂਦੇ ਹਾਂ॥ ੪॥

ਬੀਜ ਮੰਤ੍ਰੁ ਸਰਬ ਕੋ ਗਿਆਨੁ॥ ਚਹੁ ਵਰਨਾ ਮਹਿ ਜਪੈ ਕੋਊ ਨਾਮੁ॥
ਜੋ ਜੋ ਜਪੈ ਤਿਸ ਕੀ ਗਤਿ ਹੋਇ॥ ਸਾਧ ਸੰਗਿ ਪਾਵੈ ਜਨੁ ਕੋਇ॥
ਕਰਿ ਕਿਰਪਾ ਅੰਤਰਿ ਉਰ ਧਾਰੈ॥ ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ॥
ਸਰਬ ਰੋਗ ਕਾ ਅਉਖਦੁ ਨਾਮੁ॥ ਕਲਿਆਣ ਰੂਪ ਮੰਗਲ ਗੁਣ ਗਾਮ॥
ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ॥
ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ॥ ੫॥

ਪਦ ਅਰਥ : ਬੀਜ ਮੰਤ੍ਰੁ—ਸਭ ਮੰਤ੍ਰਾਂ ਦਾ ਮੁੱਢ-ਮੰਤ੍ਰ। ਅੰਤਰਿ ਉਰ—ਹਿਰਦੇ ਵਿਚ। ਮੁਘਦ—ਮੂਰਖ। ਪ੍ਰੇਤ—ਚੰਦਰੀ ਰੂਹ। ਅਉਖਦੁ—ਦਵਾਈ। ਕਲਿਆਣ—ਸੁਖ। ਮੰਗਲ—ਚੰਗੇ ਭਾਗ। ਗਾਮ—ਗਾਉਣੇ। ਕਰਮਿ—ਮਿਹਰ ਅਨੁਸਾਰ।

ਅਰਥ : ਚਾਰੇ ਹੀ ਜਾਤੀਆਂ ਵਿਚੋਂ ਕੋਈ ਵੀ ਮਨੁੱਖ ਪ੍ਰਭੂ ਦਾ ਨਾਮ ਜਪ ਕੇ ਵੇਖ ਲਵੇ। ਨਾਮ ਹੋਰ ਸਭ ਮੰਤ੍ਰਾਂ ਦਾ ਮੁੱਢ ਮੰਤ੍ਰ ਹੈ ਅਤੇ ਸਭ ਦਾ ਗਿਆਨ ਦਾਤਾ ਹੈ।

ਜੋ ਜੋ ਮਨੁੱਖ ਨਾਮ ਜਪਦਾ ਹੈ ਉਸ ਦੀ ਉੱਚੀ ਜ਼ਿੰਦਗੀ ਬਣ ਜਾਂਦੀ ਹੈ, ਪਰ ਕੋਈ ਵਿਰਲਾ ਮਨੁੱਖ ਸਾਧ ਸੰਗਤ ਵਿਚ ਰਹਿ ਕੇ ਇਸ ਨੂੰ ਹਾਸਲ ਕਰਦਾ ਹੈ।

ਪਸ਼ੂ, ਚੰਦਰੀ ਰੂਹ, ਮੂਰਖ, ਪੱਥਰ-ਦਿਲ, ਕੋਈ ਵੀ ਹੋਵੇ, ਸਭ ਨੂੰ ਨਾਮ ਤਾਰ ਦਿੰਦਾ ਹੈ, ਜੇ ਪ੍ਰਭੂ ਮਿਹਰ ਕਰਕੇ ਉਸਦੇ ਹਿਰਦੇ ਵਿਚ ਨਾਮ ਟਿਕਾ ਦੇਵੇ।

ਪ੍ਰਭੂ ਦਾ ਨਾਮ ਸਾਰੇ ਰੋਗਾਂ ਦੀ ਦਵਾਈ ਹੈ। ਪ੍ਰਭੂ ਦੇ ਗੁਣ ਗਾਉਣੇ ਚੰਗੇ ਭਾਗਾਂ ਤੇ ਸੁਖ ਦਾ ਰੂਪ ਹੈ।

ਪਰ ਇਹ ਨਾਮ ਕਿਸੇ ਹੋਰ ਢੰਗ ਨਾਲ ਜਾਂ ਕਿਸੇ ਧਾਰਮਕ ਰਸਮ ਰਿਵਾਜ ਦੇ ਕਰਨ ਨਾਲ ਨਹੀਂ ਮਿਲਦਾ। ਹੇ ਨਾਨਕ! ਇਹ ਨਾਮ ਉਸ ਮਨੁੱਖ ਨੂੰ ਮਿਲਦਾ ਹੈ ਜਿਸ ਦੇ ਮੱਥੇ 'ਤੇ ਧੁਰੋਂ ਪ੍ਰਭੂ ਦੀ ਮਿਹਰ ਅਨੁਸਾਰ ਲਿਖਿਆ ਜਾਂਦਾ ਹੈ॥ ੫॥

ਜਿਸ ਕੈ ਮਨਿ ਪਾਰਬ੍ਰਹਮ ਕਾ ਨਿਵਾਸੁ॥ ਤਿਸ ਕਾ ਨਾਮੁ ਸਤਿ ਰਾਮਦਾਸੁ॥
ਆਤਮ ਰਾਮੁ ਤਿਸੁ ਨਦਰੀ ਆਇਆ॥ ਦਾਸ ਦਸੰਤਣ ਭਾਇ ਤਿਨਿ ਪਾਇਆ॥
ਸਦਾ ਨਿਕਟਿ ਨਿਕਟਿ ਹਰਿ ਜਾਨੁ॥ ਸੋ ਦਾਸੁ ਦਰਗਹ ਪਰਵਾਨੁ॥
ਅਪੁਨੇ ਦਾਸ ਕਉ ਆਪਿ ਕਿਰਪਾ ਕਰੈ॥ ਤਿਸੁ ਦਾਸ ਕਉ ਸਭ ਸੋਝੀ ਪਰੈ॥
ਸਗਲ ਸੰਗਿ ਆਤਮ ਉਦਾਸੁ॥ ਐਸੀ ਜੁਗਤਿ ਨਾਨਕ ਰਾਮਦਾਸੁ॥ ੬॥

ਪਦ ਅਰਥ : ਸਤਿ—ਅਸਲੀ। **ਰਾਮਦਾਸੁ**—ਰਾਮ ਦਾ ਦਾਸ, ਪ੍ਰਭੂ ਦਾ ਸੇਵਕ। **ਆਤਮ ਰਾਮੁ**—ਸਭ ਵਿਚ ਵਿਆਪਕ ਪ੍ਰਭੂ। **ਭਾਇ**—ਭਾਵਨਾ ਨਾਲ। **ਦਾਸ ਦਸੰਤਰ ਭਾਇ**—ਦਾਸਾਂ ਦਾ ਦਾਸ ਹੋਣ ਦੀ ਭਾਵਨਾ। **ਨਿਕਟਿ**—ਨੇੜੇ। **ਆਤਮ ਉਦਾਸੁ**—ਅੰਦਰੋਂ ਨਿਰਮੋਹ।

ਅਰਥ : ਜਿਸ ਦੇ ਮਨ ਵਿਚ ਅਕਾਲ ਪੁਰਖ ਵੱਸਦਾ ਹੈ, ਉਸ ਮਨੁੱਖ ਦਾ ਨਾਮ ਅਸਲੀ ਅਰਥਾਂ ਵਿਚ 'ਰਾਮ ਦਾਸ' ਅਥਵਾ ਪ੍ਰਭੂ ਦਾ ਸੇਵਕ ਹੈ;

ਉਸ ਨੂੰ ਸਰਬ-ਵਿਆਪੀ ਪ੍ਰਭੂ ਦਿਸ ਪੈਂਦਾ ਹੈ, ਦਾਸਾਂ ਦਾ ਦਾਸ ਹੋਣ ਦੇ ਸੁਭਾਉ ਕਾਰਨ ਉਸ ਨੇ ਪ੍ਰਭੂ ਨੂੰ ਲੱਭ ਲਿਆ ਹੈ।

ਜੋ ਮਨੁੱਖ ਪ੍ਰਭੂ ਨੂੰ ਨੇੜੇ ਜਾਣਦਾ ਹੈ, ਉਹ ਸੇਵਕ ਦਰਗਾਹ ਵਿਚ ਕਬੂਲ ਹੁੰਦਾ ਹੈ।

ਪ੍ਰਭੂ ਉਸ ਸੇਵਕ ਉੱਤੇ ਆਪ ਮਿਹਰ ਕਰਦਾ ਹੈ ਤੇ ਉਸ ਸੇਵਕ ਨੂੰ ਸਾਰੀ ਸੋਝੀ ਆ ਜਾਂਦੀ ਹੈ।

ਸਾਰੇ ਪਰਿਵਾਰ ਵਿਚ ਰਹਿੰਦਾ ਹੋਇਆ ਵੀ ਉਹ ਅੰਦਰੋਂ ਨਿਰਮੋਹ ਹੁੰਦਾ ਹੈ। ਹੇ

ਨਾਨਕ! ਇਹੋ ਜਿਹੀ ਜੀਵਨ ਜੁਗਤੀ ਨਾਲ ਉਹ ਅਸਲੀ ਰਾਮਦਾਸ ਹੈ॥ ੬॥

ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥
ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀ ਬਿਓਗੁ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥
ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥
ਜੋ ਵਰਤਾਏ ਸਾਈ ਜੁਗਤਿ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥ ੭॥

ਪਦ ਅਰਥ : ਆਗਿਆ—ਹੁਕਮ। ਆਤਮ—ਆਪਣੇ ਅੰਦਰ। ਹਿਤਾਵੈ—ਹਿਤ ਵਾਲੀ ਜਾਣੇ। ਜੀਵਨ ਮੁਕਤਿ—ਜਿਸ ਨੂੰ ਜਿਊਂਦਿਆਂ ਹੀ ਮਾਇਆ ਦੇ ਬੰਧਨਾਂ ਤੋਂ ਖ਼ਲਾਸੀ ਮਿਲ ਗਈ ਹੈ। ਹਰਖੁ—ਖ਼ੁਸ਼ੀ। ਸੋਗ—ਗ਼ਮੀ। ਬਿਓਗੁ—ਵਿਛੋੜਾ। ਸੁਵਰਨੁ—ਸੋਨਾ। ਬਿਖੁ—ਜ਼ਹਿਰ। ਖਾਟੀ—ਕੌੜੀ। ਮਾਨੁ—ਆਦਰ। ਰੰਕੁ—ਕੰਗਾਲ। ਜੁਗਤਿ—ਤਰੀਕਾ।

ਅਰਥ : ਜੋ ਮਨੁੱਖ ਪ੍ਰਭੂ ਦੀ ਰਜ਼ਾ ਨੂੰ ਮਨ ਵਿਚ ਮਿੱਠੀ ਕਰਕੇ ਮੰਨਦਾ ਹੈ ਉਹੀ ਜਿਊਂਦਾ-ਮੁਕਤ ਅਖਵਾਉਂਦਾ ਹੈ;

ਉਸ ਨੂੰ ਖ਼ੁਸ਼ੀ ਤੇ ਗ਼ਮੀ ਇਕੋ ਜਿਹੀ ਹੈ। ਉਸ ਨੂੰ ਸਦਾ ਅਨੰਦ ਹੈ ਕਿਉਂਕਿ ਉਸ ਦੇ ਹਿਰਦੇ ਵਿਚ ਪ੍ਰਭੂ ਚਰਨਾਂ ਤੋਂ ਵਿਛੋੜਾ ਨਹੀਂ ਹੈ।

ਸੋਨਾ ਤੇ ਮਿੱਟੀ ਵੀ ਉਸ ਵਾਸਤੇ ਬਰਾਬਰ ਹੈ। ਅੰਮ੍ਰਿਤ ਤੇ ਕੌੜੀ ਜ਼ਹਿਰ ਵੀ ਉਸ ਲਈ ਇਕੋ ਜਿਹੀ ਹੈ।

ਕਿਸੇ ਵਲੋਂ ਆਦਰ ਹੋਵੇ ਜਾਂ ਅਹੰਕਾਰ ਦਾ ਵਤੀਰਾ, ਉਸ ਵਾਸਤੇ ਇਕ ਬਰਾਬਰ ਹੈ। ਕੰਗਾਲ ਤੇ ਸ਼ਹਿਨਸ਼ਾਹ ਵੀ ਉਸ ਦੀ ਨਜ਼ਰ ਵਿਚ ਇਕੋ ਜਿਹੇ ਹਨ।

ਜੋ ਰਜ਼ਾ ਪ੍ਰਭੂ ਵਰਤਾਉਂਦਾ ਹੈ ਉਹੀ ਉਸ ਵਾਸਤੇ ਗਾਡੀ-ਰਾਹ ਹੈ। ਹੇ ਨਾਨਕ! ਉਹ ਮਨੁੱਖ ਜਿਊਂਦਾ ਮੁਕਤ ਕਿਹਾ ਜਾ ਸਕਦਾ ਹੈ॥ ੭॥

ਪਾਰਬ੍ਰਹਮ ਕੇ ਸਗਲੇ ਠਾਉ॥ ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥
ਆਪੇ ਕਰਨ ਕਰਾਵਨ ਜੋਗੁ॥ ਪ੍ਰਭ ਭਾਵੈ ਸੋਈ ਫੁਨਿ ਹੋਗੁ॥
ਪਸਰਿਓ ਆਪਿ ਹੋਇ ਅਨਤ ਤਰੰਗ॥ ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥
ਜੈਸੀ ਮਤਿ ਦੇਇ ਤੈਸਾ ਪਰਗਾਸ॥ ਪਾਰਬ੍ਰਹਮੁ ਕਰਤਾ ਅਬਿਨਾਸ॥
ਸਦਾ ਸਦਾ ਸਦਾ ਦਇਆਲ॥ ਸਿਮਰਿ ਸਿਮਰਿ ਨਾਨਕ ਭਏ ਨਿਹਾਲ॥ ੮॥ ੯॥

ਪਦ ਅਰਥ : ਸਗਲੇ—ਸਾਰੇ। ਠਾਉ—ਥਾਂ। ਜਿਤੁ—ਜਿਸ। ਫੁਨਿ—ਫੇਰ। ਹੋਗੁ—ਹੋਵੇਗਾ। ਪਸਰਿਓ—ਖਿਲਰਿਆ ਹੋਇਆ ਹੈ, ਵਿਆਪਕ ਹੈ। ਅਨਤ—ਬੇਅੰਤ। ਤਰੰਗ—ਲਹਿਰਾਂ। ਲਖੇ ਨ ਜਾਹਿ—ਬਿਆਨ ਨਹੀਂ ਕੀਤੇ ਜਾ ਸਕਦੇ। ਰੰਗ—ਤਮਾਸ਼ੇ। ਪਰਗਾਸ—ਚਾਨਣ। ਅਬਿਨਾਸ—ਨਾਸ ਰਹਿਤ।

ਅਰਥ : ਸਾਰੇ ਥਾਂ (ਸਰੀਰ ਰੂਪ ਘਰ) ਅਕਾਲ ਪੁਰਖ ਦੇ ਹੀ ਹਨ। ਜਿਸ ਜਿਸ ਥਾਂ ਜੀਵਾਂ ਨੂੰ ਰੱਖਦਾ ਹੈ ਉਹੋ ਜਿਹਾ ਉਨ੍ਹਾਂ ਦਾ ਨਾਉਂ ਪੈ ਜਾਂਦਾ ਹੈ।

ਪ੍ਰਭੂ ਆਪ ਹੀ ਸਭ ਕੁਝ ਕਰਨ ਦੀ ਤੇ ਜੀਵਾਂ ਪਾਸੋਂ ਕਰਵਾਉਣ ਦੀ ਸਮਰਥਾ ਰੱਖਦਾ ਹੈ। ਜੋ ਪ੍ਰਭੂ ਨੂੰ ਚੰਗਾ ਲਗਦਾ ਹੈ ਉਹੀ ਹੁੰਦਾ ਹੈ।

ਜੀਵਨ ਦੀਆਂ ਬੇਅੰਤ ਲਹਿਰਾਂ ਬਣ ਕੇ ਵਾਹਿਗੁਰੂ ਆਪ ਸਭ ਥਾਈਂ ਮੌਜੂਦ ਹੈ, ਉਸ ਦੇ ਖੇਲ ਬਿਆਨ ਨਹੀਂ ਕੀਤੇ ਜਾ ਸਕਦੇ।

ਜਿਹੋ ਜਿਹੀ ਅਕਲ ਦੇਂਦਾ ਹੈ, ਓਹੋ ਜਿਹਾ ਪ੍ਰਕਾਸ਼ ਜੀਵ ਅੰਦਰ ਹੁੰਦਾ ਹੈ। ਵਾਹਿਗੁਰੂ ਆਪ ਸਭ ਕੁਝ ਕਰਨ ਵਾਲਾ ਹੈ, ਉਹ ਕਦੇ ਮਰਦਾ ਨਹੀਂ।

ਪ੍ਰਭੂ ਸਦਾ ਮਿਹਰ ਕਰਨ ਵਾਲਾ ਹੈ। ਹੇ ਨਾਨਕ! ਜੀਵ ਉਸ ਨੂੰ ਸਦਾ ਸਿਮਰ ਕੇ ਫੁੱਲ ਵਾਂਗ ਖਿੜੇ ਰਹਿੰਦੇ ਹਨ॥ ੮॥ ੯॥

ਸ਼ਬਦ ਉਚਾਰਨ : ਅਪਰਸ ਦਾ ਉਚਾਰਨ (ਅ+ਪਰਸ) ਕਰਨਾ ਹੈ।

ਨਿਰੰਜਣ ਨੂੰ ਨਰਿੰਜਣ ਤੇ ਤ੍ਰਿਅ ਨੂੰ ਤ੍ਰੀਆ ਪੜ੍ਹਣਾ ਅਸ਼ੁਧ ਪਾਠ ਕਰਨਾ ਹੈ।

ਬਾਂਛੈ, ਅਵਰਹਂ, ਪਾਪਾਂ, ਠਾਉਂ, ਨਾਉਂ, ਜਾਹਿਂ ਬਿੰਦੀ ਸਹਿਤ ਉਚਾਰਨੇ ਹਨ।

॥ ਸਲੋਕੁ ॥

ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ॥
ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ॥ ੧॥

ਪਦ ਅਰਥ : ਉਸਤਤਿ—ਵਡਿਆਈ। ਕਰਹਿ—ਕਰਦੇ ਹਨ। ਰਚਨਾ—ਜਗਤ ਦੀ ਬਣਤਰ। ਬਹੁ ਬਿਧਿ—ਕਈ ਤਰੀਕਿਆਂ ਨਾਲ। ਪ੍ਰਕਾਰ—ਕਿਸਮ।

ਅਰਥ : ਅਨੇਕਾਂ ਮਨੁੱਖ ਪ੍ਰਭੂ ਦੇ ਗੁਣਾਂ ਦਾ ਜ਼ਿਕਰ ਕਰਦੇ ਹਨ ਪਰ ਉਨ੍ਹਾਂ ਨੂੰ ਗੁਣਾਂ ਦਾ ਹੱਦ-ਬੰਨਾ ਨਹੀਂ ਲਭਦਾ। ਹੇ ਨਾਨਕ! ਇਹ ਸਾਰੀ ਸ੍ਰਿਸ਼ਟੀ ਉਸ ਪ੍ਰਭੂ ਨੇ ਕਈ ਕਿਸਮਾਂ ਦੀ ਅਤੇ ਕਈ ਤਰੀਕਿਆਂ ਨਾਲ ਬਣਾਈ ਹੈ॥ ੧॥

ਅਸਟਪਦੀ॥

ਕਈ ਕੋਟਿ ਹੋਏ ਪੂਜਾਰੀ॥ ਕਈ ਕੋਟਿ ਆਚਾਰ ਬਿਉਹਾਰੀ॥
ਕਈ ਕੋਟਿ ਭਏ ਤੀਰਥ ਵਾਸੀ॥ ਕਈ ਕੋਟਿ ਬਨ ਭ੍ਰਮਹਿ ਉਦਾਸੀ॥
ਕਈ ਕੋਟਿ ਬੇਦ ਕੇ ਸ੍ਰੋਤੇ॥ ਕਈ ਕੋਟਿ ਤਪੀਸੁਰ ਹੋਤੇ॥
ਕਈ ਕੋਟਿ ਆਤਮ ਧਿਆਨੁ ਧਾਰਹਿ॥ ਕਈ ਕੋਟਿ ਕਬਿ ਕਾਬਿ ਬੀਚਾਰਹਿ॥
ਕਈ ਕੋਟਿ ਨਵਤਨ ਨਾਮ ਧਿਆਵਹਿ॥ ਨਾਨਕ ਕਰਤੇ ਕਾ ਅੰਤੁ ਨ ਪਾਵਹਿ॥ ੧॥

ਪਦ ਅਰਥ : ਕੋਟਿ—ਕਰੋੜ। ਆਚਾਰ ਬਿਉਹਾਰੀ—ਧਾਰਮਿਕ ਰੀਤਾਂ ਰਸਮਾਂ ਕਰਨ

ਵਾਲੇ। ਭ੍ਰਮਹਿ—ਫਿਰਦੇ ਹਨ। ਸ੍ਰੋਤੇ—ਸੁਣਨ ਵਾਲੇ। ਤਪੀਸੁਰ—ਵੱਡੇ ਵੱਡੇ ਤਪੀਏ। ਕਬਿ—ਕਵੀ। ਕਾਬਿ—ਕਵਿਤਾ। ਨਵਤਨ—ਨਵਾਂ।

ਅਰਥ : ਸੰਸਾਰ ਵਿਚ ਕਈ ਕਰੋੜਾਂ ਮਨੁੱਖ ਪੁਜਾਰੀ ਹਨ ਅਤੇ ਕਈ ਕਰੋੜਾਂ ਧਾਰਮਿਕ ਰੀਤਾਂ ਰਸਮਾਂ ਕਰਨ ਵਾਲੇ ਹਨ;

ਕਈ ਕਰੋੜਾਂ ਬੰਦੇ ਤੀਰਥਾਂ ਦੇ ਵਾਸੀ ਹਨ ਅਤੇ ਕਈ ਕਰੋੜਾਂ ਸੰਸਾਰ ਤੋਂ ਉਪਰਾਮ ਹੋ ਕੇ ਜੰਗਲਾਂ ਵਿਚ ਫਿਰਦੇ ਹਨ;

ਕਈ ਕਰੋੜਾਂ ਮਨੁੱਖ ਵੇਦਾਂ ਦੇ ਸੁਣਨ ਵਾਲੇ ਹਨ ਅਤੇ ਕਈ ਕਰੋੜਾਂ ਵੱਡੇ ਵੱਡੇ ਤਪੀਏ (ਤਪ ਕਰਨ ਵਾਲੇ) ਹੋਏ ਹਨ;

ਕਈ ਕਰੋੜਾਂ ਮਨੁੱਖ ਆਪਣੇ ਅੰਦਰ ਸੁਰਤ ਜੋੜ ਰਹੇ ਹਨ ਅਤੇ ਕਈ ਕਰੋੜਾਂ ਕਵੀਆਂ ਦੀਆਂ ਰਚੀਆਂ ਕਵਿਤਾਵਾਂ ਵਿਚਾਰਦੇ ਹਨ;

ਕਈ ਕਰੋੜਾਂ ਬੰਦੇ ਪ੍ਰਭੂ ਦਾ ਨਿੱਤ ਨਵਾਂ ਨਾਮ ਸਿਮਰਦੇ ਹਨ, ਪਰ ਹੇ ਨਾਨਕ! ਉਸ ਕਰਤਾਰ ਦਾ ਕੋਈ ਅੰਤ ਨਹੀਂ ਪਾ ਸਕਦੇ॥ ੧॥

ਕਈ ਕੋਟਿ ਭਏ ਅਭਿਮਾਨੀ॥ ਕਈ ਕੋਟਿ ਅੰਧ ਅਗਿਆਨੀ॥
ਕਈ ਕੋਟਿ ਕਿਰਪਨ ਕਠੋਰ॥ ਕਈ ਕੋਟਿ ਅਭਿਗ ਆਤਮ ਨਿਕੋਰ॥
ਕਈ ਕੋਟਿ ਪਰ ਦਰਬ ਕਉ ਹਿਰਹਿ॥ ਕਈ ਕੋਟਿ ਪਰ ਦੂਖਨਾ ਕਰਹਿ॥
ਕਈ ਕੋਟਿ ਮਾਇਆ ਸ੍ਰਮ ਮਾਹਿ॥ ਕਈ ਕੋਟਿ ਪਰਦੇਸ ਭ੍ਰਮਾਹਿ॥
ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ॥
ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ॥ ੨॥

ਪਦ ਅਰਥ : ਅਭਿਮਾਨੀ—ਅਹੰਕਾਰੀ। ਅੰਧ—ਅੰਨ੍ਹੇ। ਅਗਿਆਨੀ—ਜਾਹਲ, ਮੂਰਖ। ਕਿਰਪਨ—ਕੰਜੂਸ। ਕਠੋਰ—ਸਖਤ-ਦਿਲ। ਅਭਿਗ—ਨਾ ਭਿੱਜਣ ਅਥਵਾ ਨਰਮ ਹੋਣ ਵਾਲੇ। ਨਿਕੋਰ—ਨਿਰੇ ਕੋਰੇ, ਰੁੱਖੇ। ਦਰਬ—ਧਨ। ਪਰ—ਪਰਾਇਆ। ਹਿਰਹਿ—ਚੁਰਾਉਂਦੇ ਹਨ। ਦੂਖਨਾ—ਨਿੰਦਿਆ। ਸ੍ਰਮ—ਮਿਹਨਤ। ਭ੍ਰਮਾਹਿ—ਫਿਰਦੇ ਹਨ।

ਅਰਥ : ਇਸ ਸੰਸਾਰ ਵਿਚ ਕਈ ਕਰੋੜਾਂ ਅਹੰਕਾਰੀ ਮਨੁੱਖ ਹਨ ਅਤੇ ਕਰੋੜਾਂ ਹੀ ਪੁੱਜ ਕੇ ਜਾਹਲ ਭਾਵ ਮੂਰਖ ਹਨ।

ਕਰੋੜਾਂ ਮਨੁੱਖ ਕੰਜੂਸ ਤੇ ਪੱਥਰ ਦਿਲ ਹਨ ਅਤੇ ਕਈ ਕਰੋੜ ਅੰਦਰੋਂ ਮਹਾਂ ਕੋਰੇ ਹਨ ਜੋ ਕਿਸੇ ਦਾ ਦੁੱਖ ਦੇਖ ਕੇ ਵੀ ਕਦੇ ਪਸੀਜਦੇ ਨਹੀਂ ;

ਕਰੋੜਾਂ ਬੰਦੇ ਦੂਜਿਆਂ ਦਾ ਧਨ ਚੁਰਾਉਂਦੇ ਹਨ ਅਤੇ ਕਰੋੜਾਂ ਹੀ ਦੂਜਿਆਂ ਦੀ ਨਿੰਦਿਆ ਕਰਦੇ ਹਨ;

ਕਰੋੜਾਂ ਮਨੁੱਖ ਧਨ, ਪਦਾਰਥ ਦੀ ਖਾਤਰ ਮਿਹਨਤ ਵਿਚ ਜੁਟੇ ਹੋਏ ਹਨ ਅਤੇ ਕਈ ਕਰੋੜ ਦੂਜੇ ਦੇਸ਼ਾਂ ਵਿਚ ਭਟਕ ਰਹੇ ਹਨ;

ਹੇ ਪ੍ਰਭੂ! ਜਿਸ ਜਿਸ ਆਹਰੇ ਤੂੰ ਲਾਉਂਦਾ ਹੈਂ ਉਸ ਉਸ ਆਹਰ ਵਿਚ ਜੀਵ ਲੱਗੇ ਹੋਏ ਹਨ। ਹੇ ਨਾਨਕ! ਕਰਤਾਰ ਦੀ ਰਚਨਾ ਦਾ ਭੇਦ ਕਰਤਾਰ ਹੀ ਜਾਣਦਾ ਹੈ॥ ੨॥

ਕਈ ਕੋਟਿ ਸਿਧ ਜਤੀ ਜੋਗੀ॥ ਕਈ ਕੋਟਿ ਰਾਜੇ ਰਸ ਭੋਗੀ॥
ਕਈ ਕੋਟਿ ਪੰਖੀ ਸਰਪ ਉਪਾਏ॥ ਕਈ ਕੋਟਿ ਪਾਥਰ ਬਿਰਖ ਨਿਪਜਾਏ॥
ਕਈ ਕੋਟਿ ਪਵਣ ਪਾਣੀ ਬੈਸੰਤਰ॥ ਕਈ ਕੋਟਿ ਦੇਸ ਭੂ ਮੰਡਲ॥
ਕਈ ਕੋਟਿ ਸਸੀਅਰ ਸੂਰ ਨਖ੍ਯ੍ਤ੍ਰ॥ ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ॥
ਸਗਲ ਸਮਗ੍ਰੀ ਅਪਨੈ ਸੂਤਿ ਧਾਰੈ॥ ਨਾਨਕ ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ॥ ੩॥

ਪਦ ਅਰਥ : **ਸਿਧ**—ਪੁੱਗਿਆ ਹੋਇਆ ਜੋਗੀ। **ਜਤੀ**—ਜਿਸ ਨੇ ਕਾਮ ਨੂੰ ਵੱਸ ਕੀਤਾ ਹੋਇਆ ਹੈ। **ਰਸ ਭੋਗੀ**—ਸੁਆਦਲੇ ਪਦਾਰਥਾਂ ਨੂੰ ਮਾਣਨ ਵਾਲੇ। **ਬਿਰਖ**—ਰੁੱਖ। **ਨਿਪਜਾਏ**—ਉਗਾਏ। **ਬੈਸੰਤਰ**—ਅੱਗ। **ਭੂ ਮੰਡਲ**—ਧਰਤੀ ਦੇ ਚੱਕਰ। **ਸਸੀਅਰ**—ਚੰਦ। **ਸੂਰ**—ਸੂਰਜ। **ਨਖ੍ਯ੍ਤ੍ਰ**—ਤਾਰੇ। **ਦਾਨਵ**—ਦੈਂਤ। **ਸਮਗ੍ਰੀ**—ਪਦਾਰਥ। **ਸੂਤਿ**—ਲੜੀ (ਸੂਤ) ਵਿਚ।

ਅਰਥ : ਇਸ ਸ੍ਰਿਸ਼ਟੀ ਰਚਨਾ ਵਿਚ ਕਰੋੜਾਂ ਪੁੱਗੇ ਹੋਏ ਅਤੇ ਕਾਮ ਨੂੰ ਵੱਸ ਵਿਚ ਰੱਖਣ ਵਾਲੇ ਜੋਗੀ ਹਨ, ਕਰੋੜਾਂ ਹੀ ਮੌਜਾਂ ਮਾਣਨ ਵਾਲੇ ਰਾਜੇ ਹਨ;

ਕਰੋੜਾਂ ਪੰਛੀ ਅਤੇ ਸੱਪ ਪ੍ਰਭੂ ਨੇ ਪੈਦਾ ਕੀਤੇ ਹਨ ਅਤੇ ਕਰੋੜਾਂ ਹੀ ਪੱਥਰ ਤੇ ਰੁੱਖ ਉਗਾਏ ਹਨ।

ਕਰੋੜਾਂ ਹਵਾ ਪਾਣੀ ਤੇ ਅੱਗਾਂ ਹਨ, ਕਰੋੜਾਂ ਦੇਸ਼ ਤੇ ਧਰਤੀਆਂ ਦੇ ਚੱਕਰ ਹਨ। ਕਈ ਕਰੋੜਾਂ ਚੰਦ, ਸੂਰਜ ਤੇ ਤਾਰੇ ਹਨ; ਕਰੋੜਾਂ ਦੇਵਤੇ, ਦੈਂਤ ਤੇ ਇੰਦਰ ਹਨ ਜਿਨ੍ਹਾਂ ਦੇ ਸਿਰ ਉੱਤੇ ਛਤਰ ਝੂਲਦੇ ਹਨ।

ਇਨ੍ਹਾਂ ਸਾਰੇ ਜੀਵ ਜੰਤਾਂ ਤੇ ਪਦਾਰਥਾਂ ਨੂੰ ਪ੍ਰਭੂ ਨੇ ਆਪਣੇ ਹੁਕਮ ਦੇ ਧਾਗੇ ਵਿਚ ਪਰੋਇਆ ਹੋਇਆ ਹੈ। ਹੇ ਨਾਨਕ! ਜੋ ਜੋ ਉਸ ਨੂੰ ਭਾਉਂਦਾ ਹੈ, ਉਸ, ਉਸ ਨੂੰ ਪ੍ਰਭੂ ਤਾਰ ਲੈਂਦਾ ਹੈ॥ ੩॥

ਕਈ ਕੋਟਿ ਰਾਜਸ ਤਾਮਸ ਸਾਤਕ॥ ਕਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ॥
ਕਈ ਕੋਟਿ ਕੀਏ ਰਤਨ ਸਮੁਦ॥ ਕਈ ਕੋਟਿ ਨਾਨਾ ਪ੍ਰਕਾਰ ਜੰਤ॥
ਕਈ ਕੋਟਿ ਕੀਏ ਚਿਰ ਜੀਵੇ॥ ਕਈ ਕੋਟਿ ਗਿਰੀ ਮੇਰ ਸੁਵਰਨ ਥੀਵੇ॥
ਕਈ ਕੋਟਿ ਜਖ੍ਯ੍ ਕਿੰਨਰ ਪਿਸਾਚ॥ ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ॥
ਸਭ ਤੇ ਨੇਰੈ ਸਭਹੂ ਤੇ ਦੂਰਿ॥ ਨਾਨਕ ਆਪਿ ਅਲਿਪਤੁ ਰਹਿਆ ਭਰਪੂਰਿ॥ ੪॥

ਪਦ ਅਰਥ : **ਰਾਜਸ ਤਾਮਸ ਸਾਤਕ**—ਮਾਇਆ ਦੇ ਤਿੰਨੇ ਗੁਣ। **ਨਾਨਾ ਪ੍ਰਕਾਰ**—ਕਈ ਕਿਸਮ ਦੇ। **ਚਿਰ ਜੀਵੇ**—ਲੰਮੀਆਂ ਉਮਰਾਂ ਵਾਲੇ। **ਗਿਰੀ**—ਪਹਾੜ। **ਥੀਵੇ**—ਹੋ ਗਏ, ਬਣ ਗਏ। **ਜਖ੍ਯ੍**—ਦੇਵਤੇ ਜੋ ਧਨ-ਦੇਵਤੇ ਦੇ ਅਧੀਨ ਹਨ।

ਕਿੰਨਰ—ਉਹ ਦੇਵਤੇ ਜਿਨ੍ਹਾਂ ਦਾ ਧੜ ਮਨੁੱਖ ਦਾ ਅਤੇ ਸਰੀਰ ਘੋੜੇ ਦਾ ਹੈ। **ਪਿਸਾਚ**—ਨੀਵੀਂਆਂ ਜਾਤਾਂ ਦੇ ਬੰਦੇ। **ਸੂਕਰ**—ਸੂਰ। **ਮ੍ਰਿਗਾਚ**—ਮ੍ਰਿਗਾਂ ਨੂੰ ਖਾਣ ਵਾਲੇ, ਸ਼ੇਰ। **ਅਲਿਪਤੁ**—ਨਿਰਲੇਪ, ਬੇਦਾਗ਼।

ਅਰਥ : ਕਰੋੜਾਂ ਜੀਵ ਮਾਇਆ ਦੇ ਤਿੰਨ ਗੁਣਾਂ—ਰਜੋ, ਤਮੋ ਤੇ ਸਤੋ ਵਿਚ ਹਨ। ਕਰੋੜਾਂ ਮਨੁੱਖ ਵੇਦ, ਪੁਰਾਣ, ਸਿਮ੍ਰਿਤੀਆਂ ਤੇ ਸ਼ਾਸਤ੍ਰਾਂ ਦੇ ਪੜ੍ਹਨ ਵਾਲੇ ਹਨ;

ਸਮੁੰਦਰਾਂ ਵਿਚ ਕਰੋੜਾਂ ਰਤਨ ਪੈਦਾ ਕਰ ਦਿੱਤੇ ਹਨ ਅਤੇ ਕਈ ਕਿਸਮਾਂ ਦੇ ਜੀਅ-ਜੰਤ ਬਣਾ ਦਿੱਤੇ ਹਨ;

ਕਰੋੜਾਂ ਜੀਵ ਲੰਮੀਆਂ ਉਮਰਾਂ ਵਾਲੇ ਪੈਦਾ ਕੀਤੇ ਹਨ, ਕਰੋੜਾਂ ਹੀ ਸੋਨੇ ਦੇ ਸੁਮੇਰ ਪਰਬਤ ਬਣ ਗਏ ਹਨ;

ਕਰੋੜਾਂ ਹੀ ਜੱਖ, ਕਿੰਨਰ ਅਤੇ ਪਿਸ਼ਾਚ ਭਾਂਤ ਦੇ ਦੇਵਤੇ ਹਨ ਅਤੇ ਕਰੋੜਾਂ ਹੀ ਭੂਤ ਪ੍ਰੇਤ, ਸੂਰ ਤੇ ਸ਼ੇਰ ਹਨ; ਪ੍ਰਭੂ ਇਨ੍ਹਾਂ ਸਭਨਾਂ ਦੇ ਨੇੜੇ ਵੀ ਹੈ ਤੇ ਦੂਰ ਵੀ। ਹੇ ਨਾਨਕ! ਪ੍ਰਭੂ ਸਭ ਥਾਈਂ ਵਿਆਪਕ ਵੀ ਹੈ ਤੇ ਨਿਰਲੇਪ ਵੀ॥ ੪॥

ਕਈ ਕੋਟਿ ਪਾਤਾਲ ਕੇ ਵਾਸੀ॥ ਕਈ ਕੋਟਿ ਨਰਕ ਸੁਰਗ ਨਿਵਾਸੀ॥
ਕਈ ਕੋਟਿ ਜਨਮਹਿ ਜੀਵਹਿ ਮਰਹਿ॥ ਕਈ ਕੋਟਿ ਬਹੁ ਜੋਨੀ ਫਿਰਹਿ॥
ਕਈ ਕੋਟਿ ਬੈਠਤ ਹੀ ਖਾਹਿ॥ ਕਈ ਕੋਟਿ ਘਾਲਹਿ ਥਕਿ ਪਾਹਿ॥
ਕਈ ਕੋਟਿ ਕੀਏ ਧਨਵੰਤ॥ ਕਈ ਕੋਟਿ ਮਾਇਆ ਮਹਿ ਚਿੰਤ॥
ਜਹ ਜਹ ਭਾਣਾ ਤਹ ਤਹ ਰਾਖੇ॥ ਨਾਨਕ ਸਭੁ ਕਿਛੁ ਪ੍ਰਭ ਕੈ ਹਾਥੇ॥ ੫॥

ਪਦ ਅਰਥ : **ਘਾਲਹਿ**—ਮਿਹਨਤ ਕਰਦੇ ਹਨ। **ਧਨਵੰਤ**—ਧਨ ਵਾਲੇ। **ਜਹ ਜਹ**—ਜਿਥੇ ਜਿਥੇ। **ਭਾਣਾ**—ਰਜ਼ਾ।

ਅਰਥ : ਕਰੋੜਾਂ ਜੀਵ ਪਾਤਾਲ ਵਿਚ ਵੱਸਣ ਵਾਲੇ ਹਨ ਅਤੇ ਕਰੋੜਾਂ ਹੀ ਨਰਕਾਂ ਤੇ ਸੁਰਗਾਂ ਵਿਚ ਵਸਦੇ ਹਨ।

ਕਰੋੜਾਂ ਜੀਵ ਜੰਮਦੇ ਹਨ, ਕੁਝ ਸਮਾਂ ਜੀਉਂਦੇ ਹਨ ਤੇ ਮੁੜ ਮਰ ਜਾਂਦੇ ਹਨ। ਕਰੋੜਾਂ ਜੀਵ ਕਈ ਜੂਨਾਂ ਵਿਚ ਭਟਕ ਰਹੇ ਹਨ।

ਕਰੋੜਾਂ ਜੀਵ ਬੈਠੇ ਹੀ ਖਾ ਰਹੇ ਹਨ ਅਤੇ ਕਰੋੜਾਂ ਐਸੇ ਹਨ ਜੋ ਰੋਟੀ ਦੀ ਖ਼ਾਤਰ ਮਿਹਨਤ ਕਰਦੇ ਹਨ ਤੇ ਥੱਕ ਟੁੱਟ ਜਾਂਦੇ ਹਨ।

ਕਰੋੜਾਂ ਜੀਵ ਪ੍ਰਭੂ ਨੇ ਧਨ ਵਾਲੇ ਬਣਾਏ ਹਨ ਅਤੇ ਕਰੋੜਾਂ ਐਸੇ ਹਨ ਜਿਨ੍ਹਾਂ ਨੂੰ ਮਾਇਆ ਦਾ ਫ਼ਿਕਰ ਲੱਗਾ ਹੋਇਆ ਹੈ।

ਜਿਥੇ ਜਿਥੇ ਪ੍ਰਭੂ ਚਾਹੁੰਦਾ ਹੈ, ਜੀਵਾਂ ਨੂੰ ਉਥੇ ਉਥੇ ਹੀ ਰੱਖਦਾ ਹੈ। ਹੇ ਨਾਨਕ! ਹਰੇਕ ਗੱਲ ਪ੍ਰਭੂ ਦੇ ਆਪਣੇ ਹੱਥ ਵਿਚ ਹੈ॥ ੫॥

ਕਈ ਕੋਟਿ ਭਏ ਬੈਰਾਗੀ॥ ਰਾਮ ਨਾਮ ਸੰਗਿ ਤਿਨਿ ਲਿਵ ਲਾਗੀ॥
ਕਈ ਕੋਟਿ ਪ੍ਰਭ ਕਉ ਖੋਜੰਤੇ॥ ਆਤਮ ਮਹਿ ਪਾਰਬ੍ਰਹਮੁ ਲਹੰਤੇ॥
ਕਈ ਕੋਟਿ ਦਰਸਨ ਪ੍ਰਭ ਪਿਆਸ॥ ਤਿਨ ਕਉ ਮਿਲਿਓ ਪ੍ਰਭੁ ਅਬਿਨਾਸ॥
ਕਈ ਕੋਟਿ ਮਾਗਹਿ ਸਤਸੰਗੁ॥ ਪਾਰਬ੍ਰਹਮ ਤਿਨ ਲਾਗਾ ਰੰਗੁ॥
ਜਿਨ ਕਉ ਹੋਏ ਆਪਿ ਸੁਪ੍ਰਸੰਨ॥ ਨਾਨਕ ਤੇ ਜਨ ਸਦਾ ਧਨਿ ਧੰਨਿ॥੬॥

ਪਦ ਅਰਥ : ਆਤਮ ਮਹਿ—ਆਪਣੇ (ਮਨ) ਵਿਚ। **ਲਹੰਤੇ**—ਲੱਭਦੇ ਹਨ। **ਅਬਿਨਾਸ**—ਨਾਸ ਰਹਿਤ। **ਰੰਗੁ**—ਪਿਆਰ। **ਧਨਿ ਧੰਨਿ**—ਭਾਗਾਂ ਵਾਲੇ।

ਅਰਥ : ਇਸ ਰਚਨਾ ਵਿਚ ਕਰੋੜਾਂ ਜੀਵ ਵੈਰਾਗ ਵਾਲੇ ਹੋਏ ਹਨ ਜਿਨ੍ਹਾਂ ਦੀ ਸੁਰਤ ਅਕਾਲ ਪੁਰਖ ਦੇ ਨਾਮ ਨਾਲ ਲੱਗੀ ਰਹਿੰਦੀ ਹੈ;

ਕਰੋੜਾਂ ਬੰਦੇ ਪ੍ਰਭੂ ਨੂੰ ਖੋਜਦੇ ਹਨ ਅਤੇ ਆਪਣੇ ਅੰਦਰ ਅਕਾਲ ਪੁਰਖ ਨੂੰ ਭਾਲਦੇ ਹਨ;

ਕਰੋੜਾਂ ਜੀਵਾਂ ਨੂੰ ਪ੍ਰਭੂ ਦੇ ਦਰਸ਼ਨਾਂ ਦੀ ਤਾਂਘ ਲੱਗੀ ਰਹਿੰਦੀ ਹੈ, ਉਨ੍ਹਾਂ ਨੂੰ ਅਬਿਨਾਸੀ ਪ੍ਰਭੂ ਮਿਲ ਪੈਂਦਾ ਹੈ;

ਕਰੋੜਾਂ ਮਨੁੱਖ ਸਤਸੰਗ ਮੰਗਦੇ ਹਨ, ਉਨ੍ਹਾਂ ਨੂੰ ਅਕਾਲ ਪੁਰਖ ਦਾ ਇਸ਼ਕ ਰਹਿੰਦਾ ਹੈ।

ਹੇ ਨਾਨਕ! ਉਹ ਮਨੁੱਖ ਸਦਾ ਭਾਗਾਂ ਵਾਲੇ ਹਨ, ਜਿਨ੍ਹਾਂ ਉੱਤੇ ਪ੍ਰਭੂ ਆਪ ਤਰੁੱਠਦਾ ਹੈ॥ ੬॥

ਕਈ ਕੋਟਿ ਖਾਣੀ ਅਰੁ ਖੰਡ॥ ਕਈ ਕੋਟਿ ਅਕਾਸ ਬ੍ਰਹਮੰਡ॥
ਕਈ ਕੋਟਿ ਹੋਏ ਅਵਤਾਰ॥ ਕਈ ਜੁਗਤਿ ਕੀਨੋ ਬਿਸਥਾਰ॥
ਕਈ ਬਾਰ ਪਸਰਿਓ ਪਾਸਾਰ॥ ਸਦਾ ਸਦਾ ਇਕੁ ਏਕੰਕਾਰ॥
ਕਈ ਕੋਟਿ ਕੀਨੇ ਬਹੁ ਭਾਤਿ॥ ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ॥
ਤਾ ਕਾ ਅੰਤੁ ਨਾ ਜਾਨੈ ਕੋਇ॥ ਆਪੇ ਆਪਿ ਨਾਨਕ ਪ੍ਰਭੁ ਸੋਇ॥੭॥

ਪਦ ਅਰਥ : ਖਾਣੀ—ਜਗਤ-ਜੀਵਾਂ ਦੀ ਉਤਪਤੀ ਦੇ ਵਸੀਲੇ (ਖਾਣਾਂ)। **ਖੰਡ**—ਸਾਰੀ ਧਰਤੀ ਦੇ ਖੰਡ ਜਾਂ ਹਿੱਸੇ। **ਅਵਤਾਰ**—ਪੈਦਾ ਹੋਏ ਜੀਵ। **ਪਸਰਿਓ**—ਖਿਲਾਰਿਆ ਹੈ। **ਪਾਸਾਰ**—ਖਿਲਾਰਾ। **ਸਮਾਤਿ**—ਲੀਨ ਹੋ ਜਾਂਦੇ ਹਨ।

ਅਰਥ : ਧਰਤੀ ਦੇ ਨੌਂ ਖੰਡਾਂ ਵਿਚ ਚਹੁੰ ਖਾਣੀਆਂ ਦੇ ਰਾਹੀਂ ਕਰੋੜਾਂ ਹੀ ਜੀਵ ਪੈਦਾ ਹੁੰਦੇ ਹਨ। ਸਾਰੇ ਆਕਾਸ਼ਾਂ ਅਤੇ ਬ੍ਰਹਿਮੰਡਾਂ ਵਿਚ ਕਰੋੜਾਂ ਹੀ ਜੀਵ ਹਨ;

ਕਰੋੜਾਂ ਹੀ ਪ੍ਰਾਣੀ ਪੈਦਾ ਹੋ ਰਹੇ ਹਨ, ਕਈ ਤਰੀਕਿਆਂ ਨਾਲ ਪ੍ਰਭੂ ਨੇ ਸੰਸਾਰ ਦੀ ਰਚਨਾ ਰਚੀ ਹੈ;

ਪ੍ਰਭੂ ਨੇ ਕਈ ਵਾਰ ਜਗਤ ਰਚਨਾ ਕੀਤੀ ਹੈ, ਮੁੜ ਇਸ ਨੂੰ ਸਮੇਟ ਕੇ ਸਦਾ ਇਕ ਆਪ ਹੀ ਹੋ ਜਾਂਦਾ ਹੈ;

ਪ੍ਰਭੂ ਨੇ ਕਈ ਕਿਸਮਾਂ ਦੇ ਕਰੋੜਾਂ ਹੀ ਜੀਵ ਪੈਦਾ ਕੀਤੇ ਹਨ ਜੋ ਪ੍ਰਭੂ ਤੋਂ ਪੈਦਾ ਹੋ ਕੇ ਫਿਰ ਪ੍ਰਭੂ ਵਿਚ ਲੀਨ ਹੋ ਜਾਂਦੇ ਹਨ।

ਉਸ ਪ੍ਰਭੂ ਦਾ ਅੰਤ ਕੋਈ ਬੰਦਾ ਨਹੀਂ ਜਾਣਦਾ ਕਿਉਂਕਿ ਹੇ ਨਾਨਕ! ਉਹ ਪ੍ਰਭੂ ਆਪਣੇ ਵਰਗਾ ਆਪ ਹੀ ਹੈ॥ ੭॥

ਨੋਟ : ਗੁਰਬਾਣੀ ਵਿਚ ਧਰਤੀ ਦੇ ਕਰੋੜਾਂ ਖੰਡ ਅਤੇ ਜੀਵਾਂ ਦੀ ਉਤਪਤੀ ਦੇ ਅਨੇਕਾਂ ਵਸੀਲੇ ਮੰਨੇ ਗਏ ਹਨ। ਪੁਰਾਤਨ ਸਮਿਆਂ ਵਿਚ ਧਰਤੀ ਦੇ ਨੌਂ ਖੰਡ ਅਤੇ ਉਤਪਤੀ ਦੇ ਚਾਰ ਵਸੀਲੇ (ਅੰਡਜ, ਜੇਰਜ, ਸੇਤਜ, ਉਤਭੁਜ) ਮੰਨੇ ਜਾਂਦੇ ਸਨ। ਲੋਕਾਂ ਨੂੰ ਸਮਝਾਉਣ ਲਈ ਗੁਰਬਾਣੀ ਵਿਚ ਇਹ ਗਿਣਤੀ ਵੀ ਲਿਖੀ ਗਈ ਹੈ।

ਕਈ ਕੋਟਿ ਪਾਰਬ੍ਰਹਮ ਕੇ ਦਾਸ॥ ਤਿਨ ਹੋਵਤ ਆਤਮ ਪਰਗਾਸ॥
ਕਈ ਕੋਟਿ ਤਤ ਕੇ ਬੇਤੇ॥ ਸਦਾ ਨਿਹਾਰਹਿ ਏਕੋ ਨੇਤ੍ਰੇ॥
ਕਈ ਕੋਟਿ ਨਾਮ ਰਸੁ ਪੀਵਹਿ॥ ਅਮਰ ਭਏ ਸਦ ਸਦ ਹੀ ਜੀਵਹਿ॥
ਕਈ ਕੋਟਿ ਨਾਮ ਗੁਨ ਗਾਵਹਿ॥ ਆਤਮ ਰਸਿ ਸੁਖਿ ਸਹਜਿ ਸਮਾਵਹਿ॥
ਅਪੁਨੇ ਜਨ ਕਉ ਸਾਸਿ ਸਾਸਿ ਸਮਾਰੇ॥
ਨਾਨਕ ਓਇ ਪਰਮੇਸੁਰ ਕੇ ਪਿਆਰੇ॥ ੮॥ ੧੦॥

ਪਦ ਅਰਥ : ਪਰਗਾਸ—ਚਾਨਣ। ਤਤ—ਅਸਲੀਅਤ। ਬੇਤੇ—ਜਾਣਨ ਵਾਲੇ। ਨਿਹਾਰਹਿ—ਵੇਖਦੇ ਹਨ। ਨੇਤ੍ਰ—ਅੱਖਾਂ। ਅਮਰ—ਜਨਮ ਮਰਨ ਤੋਂ ਰਹਿਤ। ਸਮਾਰੇ—ਸੰਭਾਲਦਾ ਹੈ।

ਅਰਥ : ਇਸ ਸੰਸਾਰ ਵਿਚ ਕਰੋੜਾਂ ਮਨੁੱਖ ਪ੍ਰਭੂ ਦੇ ਸੇਵਕ (ਭਗਤ) ਹਨ, ਉਨ੍ਹਾਂ ਦੀ ਆਤਮਾ ਵਿਚ ਪ੍ਰਭੂ ਦਾ ਪ੍ਰਕਾਸ਼ ਹੋ ਜਾਂਦਾ ਹੈ;

ਕਰੋੜਾਂ ਮਨੁੱਖ ਜਗਤ ਦੇ ਅਸਲੇ (ਅਕਾਲ-ਪੁਰਖ) ਦੇ ਭੇਦੀ ਹਨ ਜੋ ਸਦਾ ਇਕ ਪ੍ਰਭੂ ਨੂੰ ਅੱਖਾਂ ਨਾਲ ਹਰ ਥਾਂ ਦੇਖਦੇ ਹਨ;

ਕਰੋੜਾਂ ਮਨੁੱਖ ਪ੍ਰਭੂ-ਨਾਮ ਦਾ ਅਨੰਦ ਮਾਣਦੇ ਹਨ, ਉਹ ਜਨਮ ਮਰਨ ਤੋਂ ਰਹਿਤ ਹੋ ਕੇ ਸਦਾ ਹੀ ਜਿਉਂਦੇ ਹਨ।

ਕਰੋੜਾਂ ਮਨੁੱਖ ਪ੍ਰਭੂ-ਨਾਮ ਦੇ ਗੁਣ ਗਾਉਂਦੇ ਹਨ। ਉਹ ਆਤਮਿਕ ਅਨੰਦ ਵਿਚ, ਸੁਖ ਵਿਚ ਅਤੇ ਅਡੋਲ ਅਵਸਥਾ ਵਿਚ ਟਿਕੇ ਰਹਿੰਦੇ ਹਨ।

ਪ੍ਰਭੂ ਆਪਣੇ ਭਗਤਾਂ ਨੂੰ ਦਮ-ਬ-ਦਮ ਚੇਤੇ ਰੱਖਦਾ ਹੈ ਕਿਉਂਕਿ ਹੇ ਨਾਨਕ! ਉਹ ਭਗਤ ਪ੍ਰਭੂ ਦੇ ਪਿਆਰੇ ਹੁੰਦੇ ਹਨ॥ ੧੦॥

ਸ਼ਬਦ ਉਚਾਰਨ : ਕਰਹਿਂ, ਭ੍ਰਮਹਿਂ, ਧਾਰਹਿਂ, ਬੀਚਾਰਹਿਂ, ਧਿਆਵਹਿਂ, ਪਾਵਹਿਂ,

ਹਿਰਹਿੰ, ਮਾਹਿੰ, ਭ੍ਰਮਾਹਿੰ, ਜਨਮਹਿੰ, ਜੀਵਹਿੰ, ਮਰਹਿੰ, ਫਿਰਹਿੰ, ਖਾਹਿੰ, ਪਾਹਿੰ, ਮਹਿੰ, ਜਹਂ ਜਹਂ, ਤਹਂ ਤਹਂ, ਮਹਿੰ, ਮਾਂਗਹਿੰ, ਭਾਂਤ, ਮਾਹਿੰ, ਤਾਂ ਕੋ, ਨਿਹਾਰਹਿੰ, ਪੀਵਹਿੰ, ਜੀਵਹਿੰ, ਗਾਵਹਿੰ, ਸਮਾਵਹਿੰ ਬਿੰਦੀ ਸਹਿਤ ਉਚਾਰਨੇ ਹਨ।

॥ ਸਲੋਕੁ ॥

ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥

ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥ ੧ ॥

ਪਦ ਅਰਥ : ਕਰਣ—ਰਚਨਾ। ਮਹੀਅਲਿ—ਧਰਤੀ ਦੇ ਤਲ 'ਤੇ।

ਅਰਥ : ਇਸ ਸਾਰੇ ਸੰਸਾਰ ਦਾ ਮੂਲ ਕਾਰਨ (ਬਣਾਉਣ ਵਾਲਾ) ਇਕ ਅਕਾਲ ਪੁਰਖ ਹੀ ਹੈ, ਕੋਈ ਦੂਜਾ ਨਹੀਂ। ਹੇ ਨਾਨਕ! ਮੈਂ ਉਸ ਪ੍ਰਭੂ ਤੋਂ ਸਦਕੇ ਜਾਂਦਾ ਹਾਂ ਜੋ ਜਲ ਵਿਚ, ਥਲ ਵਿਚ ਤੇ ਧਰਤੀ ਦੇ ਤਲ ਉੱਤੇ (ਭਾਵ ਆਕਾਸ਼ ਵਿਚ) ਮੌਜੂਦ ਹੈ॥ ੧॥

ਅਸਟਪਦੀ ॥

ਕਰਨ ਕਰਾਵਨ ਕਰਨੈ ਜੋਗੁ ॥ ਜੋ ਤਿਸੁ ਭਾਵੈ ਸੋਈ ਹੋਗੁ ॥
ਖਿਨ ਮਹਿ ਥਾਪਿ ਉਥਾਪਨਹਾਰਾ ॥ ਅੰਤੁ ਨਹੀ ਕਿਛੁ ਪਾਰਾਵਾਰਾ ॥
ਹੁਕਮੇ ਧਾਰਿ ਅਧਰ ਰਹਾਵੈ ॥ ਹੁਕਮੇ ਉਪਜੈ ਹੁਕਮਿ ਸਮਾਵੈ ॥
ਹੁਕਮੇ ਊਚ ਨੀਚ ਬਿਉਹਾਰ ॥ ਹੁਕਮੇ ਅਨਿਕ ਰੰਗ ਪਰਕਾਰ ॥
ਕਰਿ ਕਰਿ ਦੇਖੈ ਅਪਨੀ ਵਡਿਆਈ ॥ ਨਾਨਕ ਸਭ ਮਹਿ ਰਹਿਆ ਸਮਾਈ ॥ ੧ ॥

ਪਦ ਅਰਥ : ਜੋਗੁ—ਸਮਰੱਥ। ਹੋਗੁ—ਹੋਵੇਗਾ। ਥਾਪਿ—ਪੈਦਾ ਕਰਕੇ। ਉਥਾਪਨਹਾਰਾ—ਨਾਸ ਕਰਨ ਵਾਲਾ। ਪਾਰਾਵਾਰ—ਪਾਰਲਾ ਤੇ ਉਰਲਾ ਬੰਨਾ। ਧਾਰਿ—ਟਿਕਾ ਕੇ। ਅਧਰ—ਬਿਨਾਂ ਆਸਰੇ। ਰਹਾਵੈ—ਰਖਾਵੇ, ਰੱਖਦਾ ਹੈ। ਉਪਜੈ—ਪੈਦਾ ਹੁੰਦਾ ਹੈ। ਪਰਕਾਰ—ਕਿਸਮ।

ਅਰਥ : ਪ੍ਰਭੂ ਸਭ ਕੁਝ ਕਰਨ ਦੀ ਸਮਰੱਥਾ ਰੱਖਦਾ ਹੈ ਅਤੇ ਜੀਆਂ ਨੂੰ ਕੰਮ ਕਰਨ ਲਈ ਪ੍ਰੇਰਨ-ਯੋਗ ਵੀ ਹੈ। ਉਹੀ ਕੁਝ ਹੁੰਦਾ ਹੈ ਜੋ ਉਸ ਨੂੰ ਚੰਗਾ ਲਗਦਾ ਹੈ।

ਅੱਖ ਦੇ ਫੋਰ ਵਿਚ ਜਗਤ ਨੂੰ ਪੈਦਾ ਕਰਕੇ ਨਾਸ ਵੀ ਕਰਨ ਵਾਲਾ ਹੈ। ਉਸ ਦੀ ਸ਼ਕਤੀ ਦਾ ਕੋਈ ਹੱਦ-ਬੰਨਾ ਨਹੀਂ ਹੈ।

ਸ੍ਰਿਸ਼ਟੀ ਨੂੰ ਆਪਣੇ ਹੁਕਮ ਵਿਚ ਪੈਦਾ ਕਰਕੇ ਬਿਨਾਂ ਕਿਸੇ ਆਸਰੇ ਟਿਕਾ ਰੱਖਦਾ ਹੈ। ਜਗਤ ਉਸਦੇ ਹੁਕਮ ਵਿਚ ਪੈਦਾ ਹੁੰਦਾ ਹੈ ਅਤੇ ਹੁਕਮ ਵਿਚ ਲੀਨ ਹੋ ਜਾਂਦਾ ਹੈ।

ਉੱਚੇ ਤੇ ਨੀਵੇਂ ਬੰਦਿਆਂ ਵਾਲੀ ਵਰਤੋਂ-ਵਿਹਾਰ ਵੀ ਉਸਦੇ ਹੁਕਮ ਵਿਚ ਹੀ

ਹੈ। ਅਨੇਕਾਂ ਕਿਸਮ ਦੇ ਖੇਡ ਤਮਾਸ਼ੇ ਉਸ ਦੇ ਹੁਕਮ ਵਿਚ ਹੀ ਹੋ ਰਹੇ ਹਨ।

ਆਪਣੀ ਬਜ਼ੁਰਗੀ ਦੇ ਕੰਮ ਕਰ ਕਰ ਕੇ ਆਪ ਹੀ ਵੇਖ ਰਿਹਾ ਹੈ। ਹੇ ਨਾਨਕ! ਪ੍ਰਭੂ ਸਭ ਜੀਵਾਂ ਵਿਚ ਵਿਆਪਕ ਹੈ॥ ੧॥

ਪ੍ਰਭ ਭਾਵੈ ਮਾਨੁਖ ਗਤਿ ਪਾਵੈ॥ ਪ੍ਰਭ ਭਾਵੈ ਤਾ ਪਾਥਰ ਤਰਾਵੈ॥
ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ॥ ਪ੍ਰਭ ਭਾਵੈ ਤਾ ਹਰਿ ਗੁਣ ਭਾਖੈ॥
ਪ੍ਰਭ ਭਾਵੈ ਤਾ ਪਤਿਤ ਉਧਾਰੈ॥ ਆਪਿ ਕਰੈ ਆਪਨ ਬੀਚਾਰੈ॥
ਦੁਹਾ ਸਿਰਿਆ ਕਾ ਆਪਿ ਸੁਆਮੀ॥ ਖੇਲੈ ਬਿਗਸੈ ਅੰਤਰਜਾਮੀ॥
ਜੋ ਭਾਵੈ ਸੋ ਕਾਰ ਕਰਾਵੈ॥ ਨਾਨਕ ਦ੍ਰਿਸਟੀ ਅਵਰੁ ਨ ਆਵੈ॥ ੨॥

ਪਦ ਅਰਥ : **ਪ੍ਰਭ ਭਾਵੈ**—ਜੇ ਪ੍ਰਭੂ ਨੂੰ ਚੰਗਾ ਲੱਗੇ। **ਗਤਿ**—ਉੱਚੀ ਆਤਮਕ ਅਵਸਥਾ। **ਪਤਿਤ**—ਧਰਮ ਤੋਂ ਡਿਗੇ ਹੋਏ। **ਆਪਨ ਬੀਚਾਰੈ**—ਆਪਣੀ ਵਿਚਾਰ ਅਨੁਸਾਰ। **ਦੁਹਾ ਸਿਰਿਆ ਕਾ**—ਲੋਕ ਤੇ ਪਰਲੋਕ ਦਾ। **ਬਿਗਸੈ**—ਖੁਸ਼ ਹੁੰਦਾ ਹੈ। **ਅੰਤਰਜਾਮੀ**—ਅੰਦਰ ਦੀ ਜਾਣਨ ਵਾਲਾ। **ਦ੍ਰਿਸਟੀ**—ਨਜ਼ਰ ਵਿਚ। **ਅਵਰੁ**—ਕੋਈ ਹੋਰ।

ਅਰਥ : ਜੇ ਪ੍ਰਭੂ ਨੂੰ ਚੰਗਾ ਲੱਗੇ ਤਾਂ ਮਨੁੱਖ ਨੂੰ ਉੱਚੀ ਆਤਮਕ ਅਵਸਥਾ ਦਿੰਦਾ ਹੈ ਅਤੇ ਪੱਥਰ-ਦਿਲਾਂ ਨੂੰ ਵੀ ਤਾਰ ਲੈਂਦਾ ਹੈ।

ਜੇ ਪ੍ਰਭੂ ਚਾਹੇ ਤਾਂ ਸੁਆਸਾਂ ਤੋਂ ਬਿਨਾਂ ਵੀ ਪ੍ਰਾਣੀ ਨੂੰ ਮੌਤ ਤੋਂ ਬਚਾ ਰੱਖਦਾ ਹੈ। ਉਸ ਦੀ ਮਿਹਰ ਹੋਵੇ ਤਾਂ ਜੀਵ ਪ੍ਰਭੂ ਦੇ ਗੁਣ ਗਾਉਂਦਾ ਹੈ।

ਜੇ ਅਕਾਲ ਪੁਰਖ ਦੀ ਰਜ਼ਾ ਹੋਵੇ ਤਾਂ ਮਾੜੇ ਆਚਰਣ ਵਾਲਿਆਂ ਨੂੰ ਵਿਕਾਰਾਂ ਤੋਂ ਬਚਾ ਲੈਂਦਾ ਹੈ, ਜੋ ਕੁਝ ਕਰਦਾ ਹੈ ਆਪਣੀ ਮਰਜ਼ੀ ਅਨੁਸਾਰ ਕਰਦਾ ਹੈ।

ਪ੍ਰਭੂ ਆਪ ਹੀ ਲੋਕ ਪਰਲੋਕ ਦਾ ਮਾਲਕ ਹੈ, ਉਹ ਸਭ ਦੇ ਦਿਲ ਦੀ ਜਾਣਨ ਵਾਲਾ ਆਪ ਜਗਤ-ਖੇਡ ਖੇਡਦਾ ਹੈ ਤੇ ਇਸ ਨੂੰ ਵੇਖ ਕੇ ਖੁਸ਼ ਹੁੰਦਾ ਹੈ।

ਜੋ ਉਸ ਨੂੰ ਚੰਗਾ ਲਗਦਾ ਹੈ, ਉਹੀ ਕੰਮ ਕਰਦਾ ਹੈ। ਹੇ ਨਾਨਕ! ਉਸ ਵਰਗਾ ਕੋਈ ਹੋਰ ਨਹੀਂ ਦਿਸਦਾ॥ ੨॥

ਕਹੁ ਮਾਨੁਖ ਤੇ ਕਿਆ ਹੋਇ ਆਵੈ॥ ਜੋ ਤਿਸੁ ਭਾਵੈ ਸੋਈ ਕਰਾਵੈ॥
ਇਸ ਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ॥ ਜੋ ਤਿਸੁ ਭਾਵੈ ਸੋਈ ਕਰੇਇ॥
ਅਨਜਾਨਤ ਬਿਖਿਆ ਮਹਿ ਰਚੈ॥ ਜੇ ਜਾਨਤ ਆਪਨ ਆਪ ਬਚੈ॥
ਭਰਮੇ ਭੂਲਾ ਦਹ ਦਿਸਿ ਧਾਵੈ॥ ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ॥
ਕਰਿ ਕਿਰਪਾ ਜਿਸੁ ਅਪਨੀ ਭਗਤਿ ਦੇਇ॥ ਨਾਨਕ ਤੇ ਜਨ ਨਾਮਿ ਮਿਲੇਇ॥ ੩॥

ਪਦ ਅਰਥ : **ਕਹੁ**—ਦੱਸੋ। **ਬਿਖਿਆ**—ਮਾਇਆ। **ਦਿਸਿ**—ਦਿਸ਼ਾ, ਪਾਸੇ। **ਦਹ ਦਿਸਿ**—ਦਸੀਂ ਪਾਸੀਂ। **ਧਾਵੈ**—ਦੌੜਦਾ ਹੈ। **ਕੁੰਟ**—ਕੂਟ, ਨੁੱਕਰ।

ਅਰਥ : ਦੱਸੋ, ਮਨੁੱਖ ਪਾਸੋਂ ਆਪਣੇ ਆਪ ਕਿਹੜਾ ਕੰਮ ਹੋ ਸਕਦਾ ਹੈ? ਜੋ ਪ੍ਰਭੂ ਨੂੰ ਚੰਗਾ ਲਗਦਾ ਹੈ, ਉਹੀ ਜੀਵ ਪਾਸੋਂ ਕਰਾਉਂਦਾ ਹੈ।

ਇਸ ਮਨੁੱਖ ਦੇ ਵੱਸ ਹੋਵੇ ਤਾਂ ਹਰੇਕ ਚੀਜ਼ ਸਾਂਭ ਲਵੇ ਪਰ ਪ੍ਰਭੂ ਉਹੀ ਕੁਝ ਕਰਦਾ ਹੈ ਜੋ ਉਸ ਨੂੰ ਭਾਉਂਦਾ ਹੈ।

ਮੂਰਖਤਾ ਦੇ ਕਾਰਨ ਮਨੁੱਖ ਮਾਇਆ ਵਿਚ ਰੁੱਝ ਜਾਂਦਾ ਹੈ। ਜੇ ਸਮਝ ਵਾਲਾ ਹੋਵੇ ਤਾਂ ਆਪਣੇ ਆਪ ਇਸ ਤੋਂ ਬਚਿਆ ਰਹੇ;

ਪਰ ਇਸਦਾ ਮਨ ਭੁਲੇਖੇ ਵਿਚ ਭੁੱਲਾ ਹੋਇਆ ਹੈ, ਮਾਇਆ ਦੀ ਖ਼ਾਤਰ ਦਸੀਂ ਪਾਸੀਂ ਦੌੜਦਾ ਹੈ, ਅੱਖ ਦੇ ਫੋਰ ਵਿਚ ਚਹੁੰ ਕੂਟਾਂ ਵਿਚ ਭੱਜ ਦੌੜ ਆਉਂਦਾ ਹੈ।

ਪ੍ਰਭੂ ਮਿਹਰ ਕਰਕੇ ਜਿਸ ਜਿਸ ਮਨੁੱਖ ਨੂੰ ਆਪਣੀ ਭਗਤੀ ਵਿਚ ਲਾਉਂਦਾ ਹੈ, ਹੇ ਨਾਨਕ! ਉਹ ਮਨੁੱਖ ਨਾਮ ਵਿਚ ਟਿਕੇ ਰਹਿੰਦੇ ਹਨ॥ ੩॥

ਖਿਨ ਮਹਿ ਨੀਚ ਕੀਟ ਕਉ ਰਾਜ॥ ਪਾਰਬ੍ਰਹਮ ਗਰੀਬ ਨਿਵਾਜ॥
ਜਾ ਕਾ ਦ੍ਰਿਸਟਿ ਕਛੂ ਨ ਆਵੈ॥ ਤਿਸੁ ਤਤਕਾਲ ਦਹ ਦਿਸ ਪ੍ਰਗਟਾਵੈ॥
ਜਾ ਕਉ ਅਪੁਨੀ ਕਰੈ ਬਖਸੀਸ॥ ਤਾ ਕਾ ਲੇਖਾ ਨ ਗਨੈ ਜਗਦੀਸ॥
ਜੀਉ ਪਿੰਡੁ ਸਭ ਤਿਸ ਕੀ ਰਾਸਿ॥ ਘਟਿ ਘਟਿ ਪੂਰਨ ਬ੍ਰਹਮ ਪ੍ਰਗਾਸ॥
ਅਪਨੀ ਬਣਤ ਆਪਿ ਬਨਾਈ॥ ਨਾਨਕ ਜੀਵੈ ਦੇਖਿ ਬਡਾਈ॥ ੪॥

ਪਦ ਅਰਥ : ਕੀਟ—ਕੀੜਾ। ਨਿਵਾਜ—ਮਿਹਰ ਕਰਨ ਵਾਲਾ। ਦ੍ਰਿਸਟਿ ਨ ਆਵੈ—ਨਹੀਂ ਦਿਸਦਾ। ਤਤਕਾਲ—ਤੁਰਤ। ਜਗਦੀਸ—ਜਗਤ ਈਸ, ਜਗਤ ਦਾ ਮਾਲਕ। ਰਾਸਿ—ਪੂੰਜੀ। ਘਟਿ ਘਟਿ—ਹਰੇਕ ਸਰੀਰ ਵਿਚ। ਪ੍ਰਗਾਸ—ਜਲਵਾ। ਬਣਤ—ਬਨਾਵਟ।

ਅਰਥ : ਖਿਨ ਵਿਚ ਪ੍ਰਭੂ ਕੀੜੇ ਵਰਗੇ ਨੀਵੇਂ ਮਨੁੱਖ ਨੂੰ ਰਾਜ ਦੇ ਦਿੰਦਾ ਹੈ, ਪ੍ਰਭੂ ਗ਼ਰੀਬਾਂ ਉੱਤੇ ਮਿਹਰ ਕਰਨ ਵਾਲਾ ਹੈ।

ਜਿਸ ਮਨੁੱਖ ਦਾ ਕੋਈ ਗੁਣ ਨਹੀਂ ਦਿੱਸ ਆਉਂਦਾ, ਉਸ ਨੂੰ ਪਲ ਵਿਚ ਉੱਘਾ ਕਰ ਦਿੰਦਾ ਹੈ।

ਜਿਸ ਮਨੁੱਖ 'ਤੇ ਜਗਤ ਦਾ ਮਾਲਕ ਪ੍ਰਭੂ ਆਪਣੀ ਮਿਹਰ ਕਰਦਾ ਹੈ, ਉਸ ਦਾ ਕਰਮਾਂ ਦਾ ਲੇਖਾ ਨਹੀਂ ਗਿਣਦਾ।

ਇਹ ਜਿੰਦ ਤੇ ਸਰੀਰ ਸਭ ਉਸ ਪ੍ਰਭੂ ਦੀ ਦਿੱਤੀ ਹੋਈ ਪੂੰਜੀ ਹੈ। ਹਰੇਕ ਸਰੀਰ ਵਿਚ ਵਿਆਪਕ ਪ੍ਰਭੂ ਦਾ ਹੀ ਜਲਵਾ ਹੈ।

ਇਹ ਜਗਤ ਰਚਨਾ ਉਸ ਨੇ ਆਪ ਰਚੀ ਹੈ। ਹੇ ਨਾਨਕ! ਉਹ ਆਪਣੀ ਇਸ ਬਜ਼ੁਰਗੀ ਨੂੰ ਆਪ ਵੇਖ ਕੇ ਖੁਸ਼ ਹੋ ਰਿਹਾ ਹੈ॥ ੪॥

ਇਸ ਕਾ ਬਲੁ ਨਾਹੀ ਇਸੁ ਹਾਥ॥ ਕਰਨ ਕਰਾਵਨ ਸਰਬ ਕੋ ਨਾਥ॥
ਆਗਿਆਕਾਰੀ ਬਪੁਰਾ ਜੀਉ॥ ਜੋ ਤਿਸੁ ਭਾਵੈ ਸੋਈ ਫੁਨਿ ਥੀਉ॥
ਕਬਹੂ ਊਚ ਨੀਚ ਮਹਿ ਬਸੈ॥ ਕਬਹੂ ਸੋਗ ਹਰਖ ਰੰਗਿ ਹਸੈ॥
ਕਬਹੂ ਨਿੰਦ ਚਿੰਦ ਬਿਉਹਾਰ॥ ਕਬਹੂ ਊਭ ਅਕਾਸ ਪਇਆਲ॥
ਕਬਹੂ ਬੇਤਾ ਬ੍ਰਹਮ ਬੀਚਾਰ॥ ਨਾਨਕ ਆਪਿ ਮਿਲਾਵਣਹਾਰ॥ ੫॥

ਪਦ ਅਰਥ : ਨਾਥ—ਮਾਲਕ। ਬਪੁਰਾ—ਵਿਚਾਰਾ। ਜੀਉ—ਜੀਵ। ਥੀਉ—ਹੁੰਦਾ ਹੈ। ਕਬਹੂ—ਕਦੇ। ਸੋਗ—ਚਿੰਤਾ। ਹਰਖ—ਖੁਸ਼ੀ। ਨਿੰਦ ਚਿੰਦ—ਨਿੰਦਿਆ ਦੀ ਵਿਚਾਰ। ਊਭ—ਉੱਚਾ। ਪਇਆਲ—ਪਾਤਾਲ। ਬੇਤਾ—ਜਾਣਨ ਵਾਲਾ। ਬ੍ਰਹਮ ਬੀਚਾਰ—ਰੱਬੀ ਵਿਚਾਰ।

ਅਰਥ : ਇਸ ਜੀਵ ਦੀ ਤਾਕਤ ਇਸਦੇ ਆਪਣੇ ਹੱਥ ਨਹੀਂ ਹੈ, ਸਭ ਜੀਵਾਂ ਦਾ ਮਾਲਕ ਪ੍ਰਭੂ ਆਪ ਸਭ ਕੁਝ ਕਰਨ ਕਰਾਉਣ ਦੇ ਸਮਰੱਥ ਹੈ।

ਵਿਚਾਰਾ ਜੀਵ ਪ੍ਰਭੂ ਦੇ ਹੁਕਮ ਵਿਚ ਹੀ ਤੁਰਨ ਵਾਲਾ ਹੈ ਕਿਉਂਕਿ ਹੁੰਦਾ ਉਹੀ ਹੈ ਜੋ ਉਸ ਪ੍ਰਭੂ ਨੂੰ ਭਾਉਂਦਾ ਹੈ।

ਪ੍ਰਭੂ ਆਪ ਕਦੇ ਉੱਚਿਆਂ ਵਿਚ, ਕਦੇ ਨੀਵਿਆਂ ਵਿਚ ਪ੍ਰਗਟ ਹੋ ਰਿਹਾ ਹੈ; ਕਦੇ ਚਿੰਤਾ ਵਿਚ ਹੈ ਤੇ ਕਦੇ ਖੁਸ਼ੀ ਦੀ ਮੌਜ ਵਿਚ ਹੱਸ ਰਿਹਾ ਹੈ।

ਕਦੇ ਦੂਜਿਆਂ ਦੀ ਨਿੰਦਿਆ ਵਿਚਾਰਨ ਦਾ ਵਿਹਾਰ ਬਣਾਈ ਬੈਠਾ ਹੈ, ਕਦੇ ਖੁਸ਼ੀ ਦੇ ਕਾਰਨ ਆਕਾਸ਼ ਵਿਚ ਉੱਚਾ ਚੜ੍ਹਦਾ ਹੈ, ਕਦੇ ਚਿੰਤਾ ਦੇ ਕਾਰਨ ਪਾਤਾਲ ਵਿਚ ਡਿੱਗ ਪੈਂਦਾ ਹੈ।

ਕਦੇ ਆਪ ਹੀ ਰੱਬੀ ਵਿਚਾਰ ਦਾ ਮਹਿਰਮ ਹੈ। ਹੇ ਨਾਨਕ! ਜੀਵਾਂ ਨੂੰ ਆਪਣੇ ਵਿਚ ਮੇਲਣ ਵਾਲਾ ਆਪ ਹੀ ਹੈ॥ ੫॥

ਕਬਹੂ ਨਿਰਤਿ ਕਰੈ ਬਹੁ ਭਾਤਿ॥ ਕਬਹੂ ਸੋਇ ਰਹੈ ਦਿਨੁ ਰਾਤਿ॥
ਕਬਹੂ ਮਹਾ ਕ੍ਰੋਧ ਬਿਕਰਾਲ॥ ਕਬਹੂੰ ਸਰਬ ਕੀ ਹੋਤ ਰਵਾਲ॥
ਕਬਹੂ ਹੋਇ ਬਹੈ ਬਡ ਰਾਜਾ॥ ਕਬਹੁ ਭੇਖਾਰੀ ਨੀਚ ਕਾ ਸਾਜਾ॥
ਕਬਹੂ ਅਪਕੀਰਤਿ ਮਹਿ ਆਵੈ॥ ਕਬਹੂ ਭਲਾ ਭਲਾ ਕਹਾਵੈ॥
ਜਿਉ ਪ੍ਰਭੁ ਰਾਖੈ ਤਿਵ ਹੀ ਰਹੈ॥ ਗੁਰ ਪ੍ਰਸਾਦਿ ਨਾਨਕ ਸਚੁ ਕਹੈ॥ ੬॥

ਪਦ ਅਰਥ : ਨਿਰਤਿ—ਨਾਚ। ਭਾਤਿ—ਕਿਸਮ। ਬਿਕਰਾਲ—ਭਿਆਨਕ। ਰਵਾਲ—ਚਰਨਾਂ ਦੀ ਧੂੜ। ਭੇਖਾਰੀ—ਮੰਗਤਾ। ਸਾਜਾ—ਸਾਂਗ। ਅਪਕੀਰਤਿ— ਬਦਨਾਮੀ।

ਅਰਥ : ਪ੍ਰਭੂ ਜੀਵਾਂ ਵਿਚ ਵਿਆਪਕ ਹੋ ਕੇ ਕਦੇ ਕਈ ਕਿਸਮਾਂ ਦੇ ਨਾਚ ਕਰ ਰਿਹਾ ਹੈ, ਕਦੇ ਦਿਨ ਰਾਤ ਸੁੱਤਾ ਰਹਿੰਦਾ ਹੈ।

ਕਦੇ ਕ੍ਰੋਧ ਵਿਚ ਆ ਕੇ ਬੜਾ ਡਰਾਉਣਾ ਲਗਦਾ ਹੈ, ਕਦੇ ਜੀਵਾਂ ਦੇ ਚਰਨਾਂ ਦੀ ਧੂੜ ਬਣਿਆ ਰਹਿੰਦਾ ਹੈ।

ਕਦੇ ਵੱਡਾ ਰਾਜਾ ਬਣ ਬੈਠਦਾ ਹੈ, ਕਦੇ ਇਕ ਨੀਵੀਂ ਜਾਤ ਦੇ ਮੰਗਤੇ ਦਾ ਸਾਂਗ ਬਣਾ ਰੱਖਦਾ ਹੈ।

ਕਦੇ ਆਪਣੀ ਬਦਨਾਮੀ ਕਰਾ ਰਿਹਾ ਹੈ, ਕਦੇ ਚੰਗਾ ਅਖਵਾ ਰਿਹਾ ਹੈ।

ਜੀਵ ਉਸੇ ਤਰ੍ਹਾਂ ਜੀਵਨ ਬਤੀਤ ਕਰਦਾ ਹੈ, ਜਿਵੇਂ ਪ੍ਰਭੂ ਕਰਾਉਂਦਾ ਹੈ। ਹੇ ਨਾਨਕ! ਕੋਈ ਵਿਰਲਾ ਮਨੁੱਖ ਗੁਰੂ ਦੀ ਕਿਰਪਾ ਨਾਲ ਪ੍ਰਭੂ ਨੂੰ ਸਿਮਰਦਾ ਹੈ॥ ੬॥

ਕਬਹੂ ਹੋਇ ਪੰਡਿਤੁ ਕਰੇ ਬਖ੍ਯ੍ਯਾਨੁ॥ ਕਬਹੂ ਮੋਨਿਧਾਰੀ ਲਾਵੈ ਧਿਆਨੁ॥
ਕਬਹੂ ਤਟ ਤੀਰਥ ਇਸਨਾਨ॥ ਕਬਹੂ ਸਿਧ ਸਾਧਿਕ ਮੁਖਿ ਗਿਆਨ॥
ਕਬਹੂ ਕੀਟ ਹਸਤਿ ਪਤੰਗ ਹੋਇ ਜੀਆ॥ ਅਨਿਕ ਜੋਨਿ ਭਰਮੈ ਭਰਮੀਆ॥
ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ॥ ਜਿਉ ਪ੍ਰਭ ਭਾਵੈ ਤਿਵੈ ਨਚਾਵੈ॥
ਜੋ ਤਿਸੁ ਭਾਵੈ ਸੋਈ ਹੋਇ॥ ਨਾਨਕ ਦੂਜਾ ਅਵਰੁ ਨ ਕੋਇ॥ ੭॥

ਪਦ ਅਰਥ : ਬਖ੍ਯ੍ਯਾਨੁ—ਵਖਿਆਨ, ਉਪਦੇਸ਼। ਮੋਨਿਧਾਰੀ—ਚੁੱਪ ਰਹਿਣ ਵਾਲਾ। ਤਟ—ਨਦੀ ਦਾ ਕਿਨਾਰਾ। ਸਿਧ—ਪੁੱਗਿਆ ਹੋਇਆ ਜੋਗੀ। ਸਾਧਿਕ—ਸਾਧਨਾ ਕਰਨ ਵਾਲੇ। ਮੁਖਿ—ਮੂੰਹ ਤੋਂ। ਕੀਟ—ਕੀੜਾ। ਹਸਤਿ—ਹਾਥੀ। ਪਤੰਗ—ਪਤੰਗਾ। ਭਰਮੀਆ—ਭਰਮ ਵਿਚ ਫਸਿਆ ਹੋਇਆ। ਨਾਨਾ—ਤਰ੍ਹਾਂ ਤਰ੍ਹਾਂ ਦੇ।

ਅਰਥ : ਸਰਬ ਵਿਆਪੀ ਪ੍ਰਭੂ ਕਦੇ ਪੰਡਤ (ਉਪਦੇਸ਼ਕ) ਬਣ ਕੇ ਦੂਜਿਆਂ ਨੂੰ ਉਪਦੇਸ਼ ਕਰ ਰਿਹਾ ਹੈ, ਕਦੇ ਮੋਨੀ ਸਾਧੂ ਹੋ ਕੇ ਸਮਾਧੀ ਲਾਈ ਬੈਠਾ ਹੈ।

ਕਦੇ ਤੀਰਥਾਂ ਦੇ ਕਿਨਾਰੇ ਇਸ਼ਨਾਨ ਕਰ ਰਿਹਾ ਹੈ, ਕਦੇ ਸਿੱਧ ਤੇ ਸਾਧਿਕ ਦੇ ਰੂਪ ਵਿਚ ਮੂੰਹੋਂ ਗਿਆਨ ਦੀਆਂ ਗੱਲਾਂ ਕਰਦਾ ਹੈ।

ਕਦੇ ਕੀੜਾ, ਹਾਥੀ, ਪਤੰਗਾ ਆਦਿਕ ਬਣਿਆ ਹੋਇਆ ਹੈ ਅਤੇ ਆਪਣਾ ਹੀ ਭਵਾਇਆ ਹੋਇਆ ਕਈ ਜੂਨਾਂ ਵਿਚ ਭਉਂ ਰਿਹਾ ਹੈ।

ਬਹੁ-ਰੂਪੀਏ ਵਾਂਗ ਕਈ ਤਰ੍ਹਾਂ ਦੇ ਰੂਪ ਵਿਖਾ ਰਿਹਾ ਹੈ, ਜਿਵੇਂ ਪ੍ਰਭੂ ਨੂੰ ਭਾਉਂਦਾ ਹੈ ਤਿਵੇਂ ਜੀਵਾਂ ਨੂੰ ਨਚਾਉਂਦਾ ਹੈ।

ਉਹੀ ਹੁੰਦਾ ਹੈ, ਜੋ ਉਸ ਮਾਲਕ ਨੂੰ ਚੰਗਾ ਲਗਦਾ ਹੈ। ਹੇ ਨਾਨਕ! ਉਸ ਵਰਗਾ ਕੋਈ ਹੋਰ ਦੂਜਾ ਨਹੀਂ ਹੈ॥ ੭॥

ਕਬਹੂ ਸਾਧ ਸੰਗਤਿ ਇਹੁ ਪਾਵੈ॥ ਉਸੁ ਅਸਥਾਨ ਤੇ ਬਹੁਰਿ ਨ ਆਵੈ॥
ਅੰਤਰਿ ਹੋਇ ਗਿਆਨ ਪਰਗਾਸੁ॥ ਉਸੁ ਅਸਥਾਨ ਕਾ ਨਹੀ ਬਿਨਾਸੁ॥
ਮਨ ਤਨ ਨਾਮਿ ਰਤੇ ਇਕ ਰੰਗਿ॥ ਸਦਾ ਬਸਹਿ ਪਾਰਬ੍ਰਹਮ ਕੈ ਸੰਗਿ॥

ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥
ਮਿਟਿ ਗਏ ਗਵਨ ਪਾਏ ਬਿਸ੍ਰਾਮ॥ ਨਾਨਕ ਪ੍ਰਭ ਕੈ ਸਦ ਕੁਰਬਾਨ॥ ੮॥ ੧੧॥

ਪਦ ਅਰਥ : **ਬਹੁਰਿ**—ਮੁੜ। **ਗਿਆਨ ਪਰਗਾਸੁ**—ਗਿਆਨ ਦਾ ਪ੍ਰਕਾਸ਼ (ਜਲਵਾ)। **ਖਟਾਨਾ**—ਮਿਲਦਾ ਹੈ। **ਗਵਨ**—ਭਟਕਣਾ। **ਬਿਸ੍ਰਾਮ**—ਆਰਾਮ।

ਅਰਥ : ਜਦੋਂ ਕਦੇ ਪ੍ਰਭੂ ਦੀ ਅੰਸ਼ ਇਹ ਜੀਵ ਸਤਸੰਗ ਵਿਚ ਅੱਪੜਦਾ ਹੈ, ਤਾਂ ਉਸ ਥਾਂ ਤੋਂ ਮੁੜ ਵਾਪਸ ਨਹੀਂ ਆਉਂਦਾ, ਕਿਉਂਕਿ ਇਸ ਦੇ ਅੰਦਰ ਪ੍ਰਭੂ ਦੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ ਤੇ ਉਸ ਗਿਆਨ ਦੇ ਪ੍ਰਕਾਸ਼ ਵਾਲੀ ਹਾਲਤ ਦਾ ਨਾਸ ਨਹੀਂ ਹੁੰਦਾ।

ਜਿਨ੍ਹਾਂ ਮਨੁੱਖਾਂ ਦੇ ਤਨ ਮਨ ਪ੍ਰਭੂ ਦੇ ਨਾਮ ਵਿਚ ਤੇ ਪਿਆਰ ਵਿਚ ਰੱਤੇ ਰਹਿੰਦੇ ਹਨ, ਉਹ ਸਦਾ ਪ੍ਰਭੂ ਦੀ ਹਜ਼ੂਰੀ ਵਿਚ ਵਸਦੇ ਹਨ।

ਸੋ, ਜਿਵੇਂ ਪਾਣੀ ਵਿਚ ਪਾਣੀ ਆ ਰਲਦਾ ਹੈ, ਤਿਵੇਂ ਸਤਸੰਗ ਵਿਚ ਟਿਕੇ ਹੋਏ ਦੀ ਆਤਮਾ ਪ੍ਰਭੂ ਦੀ ਜੋਤਿ ਵਿਚ ਲੀਨ ਹੋ ਜਾਂਦੀ ਹੈ।

ਉਸ ਦੇ ਜਨਮ ਮਰਨ ਦੇ ਫੇਰੇ ਮੁੱਕ ਜਾਂਦੇ ਹਨ। ਪ੍ਰਭੂ ਚਰਨਾਂ ਵਿਚ ਉਸ ਨੂੰ ਟਿਕਾਣਾ ਮਿਲ ਜਾਂਦਾ ਹੈ। ਹੇ ਨਾਨਕ! ਪ੍ਰਭੂ ਤੋਂ ਸਦਾ ਸਦਕੇ ਜਾਈਏ॥ ੮॥ ੧੧॥

ਸ਼ਬਦ ਉਚਾਰਨ : ਨਹੀਂ, ਮਹਿੰ, ਦੁਹਾਂ, ਸਿਰਿਆਂ, ਭਾਂਤਿ, ਮਹਾਂ, ਮਹਿੰ, ਜਿਉਂ, ਸ੍ਵਾਂਗੀ, ਤਿਵੈਂ, ਬਸਹਿੰ, ਮਹਿੰ, ਤਿਉਂ ਬਿੰਦੀ ਸਹਿਤ ਉਚਾਰਨੇ ਹਨ।

ਅਧਰ ਦਾ ਉਚਾਰਨ (ਅ+ਧਰ) ਕਰਨਾ ਹੈ।

॥ ਸਲੋਕੁ॥

ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ॥
ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥ ੧॥

ਪਦ ਅਰਥ : **ਮਸਕੀਨੀਆ**—ਗਰੀਬ ਸੁਭਾਅ ਵਾਲਾ ਮਨੁੱਖ। **ਆਪੁ**—ਆਪਾ-ਭਾਵ, ਅਪਣੱਤ, ਹਉਮੈ। **ਨਿਵਾਰਿ**—ਦੂਰ ਕਰਕੇ। **ਤਲੇ**—ਹੇਠਾਂ, ਨੀਵਾਂ ਹੋ ਕੇ। **ਗਰਬਿ**—ਅਹੰਕਾਰ ਵਿਚ। **ਗਲੇ**—ਗਲ ਗਏ।

ਅਰਥ : ਗਰੀਬੀ ਸੁਭਾਉ ਵਾਲਾ ਬੰਦਾ ਆਪਾ-ਭਾਵ ਦੂਰ ਕਰਕੇ ਤੇ ਨੀਵਾਂ ਰਹਿ ਕੇ ਸੁਖੀ ਵੱਸਦਾ ਹੈ, ਪਰ ਵੱਡੇ ਵੱਡੇ ਅਹੰਕਾਰੀ ਮਨੁੱਖ ਹੇ ਨਾਨਕ! ਅਹੰਕਾਰ ਵਿਚ ਹੀ ਗਲ ਜਾਂਦੇ ਹਨ॥ ੧॥

ਅਸਟਪਦੀ॥

ਜਿਸ ਕੈ ਅੰਤਰਿ ਰਾਜ ਅਭਿਮਾਨੁ॥ ਸੋ ਨਰਕਪਾਤੀ ਹੋਵਤ ਸੁਆਨੁ॥
ਜੋ ਜਾਨੈ ਮੈ ਜੋਬਨਵੰਤੁ॥ ਸੋ ਹੋਵਤ ਬਿਸਟਾ ਕਾ ਜੰਤੁ॥
ਆਪਸ ਕਉ ਕਰਮਵੰਤੁ ਕਹਾਵੈ॥ ਜਨਮਿ ਮਰੈ ਬਹੁ ਜੋਨਿ ਭ੍ਰਮਾਵੈ॥

ਧਨ ਭੂਮਿ ਕਾ ਜੋ ਕਰੈ ਗੁਮਾਨੁ ॥ ਸੋ ਮੂਰਖੁ ਅੰਧਾ ਅਗਿਆਨੁ ॥
ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥ ੧ ॥

ਪਦ ਅਰਥ : ਰਾਜ ਅਭਿਮਾਨੁ—ਰਾਜ ਦਾ ਮਾਣ। ਨਰਕਪਾਤੀ—ਨਰਕਾਂ ਵਿਚ ਪੈਣ ਦਾ ਅਧਿਕਾਰੀ। ਸੁਆਨੁ—ਕੁੱਤਾ। ਜੋਬਨਵੰਤੁ—ਜੋਬਨ ਵਾਲਾ, ਬੜਾ ਸੋਹਣਾ। ਬਿਸਟਾ—ਵਿਸ਼ਟਾ। ਜੰਤੁ—ਕੀੜਾ। ਕਰਮਵੰਤੁ—ਚੰਗੇ ਕੰਮ ਕਰਨ ਵਾਲਾ। ਭ੍ਰਮਾਵੈ—ਭਟਕਦਾ ਹੈ। ਭੂਮਿ—ਧਰਤੀ। ਅਗਿਆਨੁ—ਜਾਹਿਲ। ਮੁਕਤੁ—ਮਾਇਆ ਦੇ ਬੰਧਨਾਂ ਤੋਂ ਆਜ਼ਾਦ। ਆਗੈ—ਪਰਲੋਕ ਵਿਚ।

ਅਰਥ : ਜਿਸ ਮਨੁੱਖ ਦੇ ਮਨ ਵਿਚ ਰਾਜ ਦਾ ਮਾਣ ਹੈ, ਉਹ ਕੁੱਤਾ ਨਰਕ ਵਿਚ ਪੈਣ ਦਾ ਸਜ਼ਾਵਾਰ ਹੁੰਦਾ ਹੈ।

ਜੋ ਮਨੁੱਖ ਆਪਣੇ ਆਪ ਨੂੰ ਬੜਾ ਸੋਹਣਾ ਸਮਝਦਾ ਹੈ, ਉਹ ਵਿਸ਼ਟਾ ਦਾ ਕੀੜਾ ਹੁੰਦਾ ਹੈ, ਕਿਉਂਕਿ ਉਹ ਸਦਾ ਵਿਸ਼ੇ ਵਿਕਾਰਾਂ ਦੇ ਗੰਦ ਵਿਚ ਪਿਆ ਰਹਿੰਦਾ ਹੈ।

ਜਿਹੜਾ ਆਪਣੇ ਆਪ ਨੂੰ ਚੰਗੇ ਕਰਮ ਵਾਲਾ ਅਖਵਾਉਂਦਾ ਹੈ, ਉਹ ਸਦਾ ਜੰਮਦਾ ਮਰਦਾ ਹੈ; ਕਈ ਜੂਨਾਂ ਵਿਚ ਭਟਕਦਾ ਫਿਰਦਾ ਹੈ।

ਜੋ ਮਨੁੱਖ ਧਨ ਤੇ ਧਰਤੀ ਦੀ ਮਾਲਕੀ ਦਾ ਅਹੰਕਾਰ ਕਰਦਾ ਹੈ, ਉਹ ਮੂਰਖ ਹੈ, ਬੜਾ ਜਾਹਿਲ ਹੈ।

ਮਿਹਰ ਕਰਕੇ ਪ੍ਰਭੂ ਜਿਸ ਮਨੁੱਖ ਦੇ ਦਿਲ ਵਿਚ ਗ਼ਰੀਬੀ ਸੁਭਾਉ ਪਾਂਦਾ ਹੈ, ਹੇ ਨਾਨਕ! ਉਹ ਮਨੁੱਖ ਇਸ ਜੀਵਨ ਵਿਚ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ ਤੇ ਪਰਲੋਕ ਵਿਚ ਸੁਖ ਪਾਂਦਾ ਹੈ॥ ੧॥

ਧਨਵੰਤਾ ਹੋਇ ਕਰਿ ਗਰਬਾਵੈ ॥ ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ ॥
ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥ ਪਲ ਭੀਤਰਿ ਤਾ ਕਾ ਹੋਇ ਬਿਨਾਸ ॥
ਸਭ ਤੇ ਆਪ ਜਾਨੈ ਬਲਵੰਤੁ ॥ ਖਿਨ ਮਹਿ ਹੋਇ ਜਾਇ ਭਸਮੰਤੁ ॥
ਕਿਸੈ ਨ ਬਦੈ ਆਪਿ ਅਹੰਕਾਰੀ ॥ ਧਰਮਰਾਇ ਤਿਸੁ ਕਰੇ ਖੁਆਰੀ ॥
ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ ॥ ਸੋ ਜਨੁ ਨਾਨਕ ਦਰਗਹ ਪਰਵਾਨੁ ॥ ੨ ॥

ਪਦ ਅਰਥ : ਧਨਵੰਤਾ—ਧਨਾਢ। ਗਰਬਾਵੈ—ਗਰਬ (ਮਾਣ) ਕਰਦਾ ਹੈ। ਤ੍ਰਿਣ—ਘਾਹ ਦਾ ਤੀਲਾ। ਬਲਵੰਤੁ—ਬਲ ਵਾਲਾ। ਭਸਮੰਤੁ—ਸੁਆਹ। ਬਦੈ—ਬਦਦਾ ਹੈ, ਪਰਵਾਹ ਕਰਦਾ ਹੈ।

ਅਰਥ : ਮਨੁੱਖ ਧਨ ਵਾਲਾ ਹੋ ਕੇ ਮਾਣ ਕਰਦਾ ਹੈ ਪਰ ਉਸ ਦੇ ਨਾਲ ਅੰਤ ਵੇਲੇ ਇਕ ਤੀਲੇ ਜਿਤਨੀ ਵੀ ਕੋਈ ਚੀਜ਼ ਨਹੀਂ ਜਾਂਦੀ।

ਬਹੁਤੇ ਲਸ਼ਕਰ (ਫੌਜ) ਅਤੇ ਮਨੁੱਖਾਂ ਉੱਤੇ ਬੰਦਾ ਆਸਾਂ ਲਾਈ ਰੱਖਦਾ ਹੈ ਪਰ

ਪਲ ਵਿਚ ਉਸ ਦਾ ਨਾਸ ਹੋ ਜਾਂਦਾ ਹੈ।

ਮਨੁੱਖ ਆਪਣੇ ਆਪ ਨੂੰ ਸਭ ਨਾਲੋਂ ਬਲੀ ਸਮਝਦਾ ਹੈ ਪਰ ਅੰਤ ਵੇਲੇ ਇਕ ਖਿਨ ਵਿਚ ਸੜ ਕੇ ਸੁਆਹ ਹੋ ਜਾਂਦਾ ਹੈ।

ਜੋ ਬੰਦਾ ਆਪ ਇਤਨਾ ਅਹੰਕਾਰੀ ਹੋ ਜਾਂਦਾ ਹੈ ਕਿ ਕਿਸੇ ਦੀ ਵੀ ਪਰਵਾਹ ਨਹੀਂ ਕਰਦਾ, ਧਰਮਰਾਜ ਅੰਤ ਵੇਲੇ ਉਸ ਦੀ ਮਿੱਟੀ ਪਲੀਤ ਕਰਦਾ ਹੈ।

ਸਤਿਗੁਰੂ ਦੀ ਮਿਹਰ ਨਾਲ ਜਿਸ ਦਾ ਅਹੰਕਾਰ ਮਿਟ ਜਾਂਦਾ ਹੈ, ਉਹ ਮਨੁੱਖ, ਹੇ ਨਾਨਕ! ਪ੍ਰਭੂ ਦੀ ਦਰਗਾਹ ਵਿਚ ਕਬੂਲ ਹੁੰਦਾ ਹੈ॥ ੨॥

ਕੋਟਿ ਕਰਮ ਕਰੈ ਹਉ ਧਾਰੇ॥ ਸ੍ਰਮੁ ਪਾਵੈ ਸਗਲੇ ਬਿਰਥਾਰੇ॥
ਅਨਿਕ ਤਪਸਿਆ ਕਰੇ ਅਹੰਕਾਰ॥ ਨਰਕ ਸੁਰਗ ਫਿਰਿ ਫਿਰਿ ਅਵਤਾਰ॥
ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ॥ ਹਰਿ ਦਰਗਹ ਕਹੁ ਕੈਸੇ ਗਵੈ॥
ਆਪਸ ਕਉ ਜੋ ਭਲਾ ਕਹਾਵੈ॥ ਤਿਸਹਿ ਭਲਾਈ ਨਿਕਟਿ ਨ ਆਵੈ॥
ਸਰਬ ਕੀ ਰੇਨ ਜਾ ਕਾ ਮਨੁ ਹੋਇ॥ ਕਹੁ ਨਾਨਕ ਤਾ ਕੀ ਨਿਰਮਲ ਸੋਇ॥ ੩॥

ਪਦ ਅਰਥ : ਕੋਟਿ—ਕਰੋੜ। ਹਉ—ਅਹੰਕਾਰ। ਸ੍ਰਮੁ—ਥਕੇਵਾਂ। ਬਿਰਥਾਰੇ—ਵਿਅਰਥ। ਦ੍ਰਵੈ—ਨਰਮ ਹੁੰਦਾ ਹੈ। ਗਵੈ—ਜਾਵੇ। ਨਿਕਟਿ—ਨੇੜੇ। ਰੇਨ—ਚਰਨਾਂ ਦੀ ਧੂੜ।

ਅਰਥ : ਜੋ ਮਨੁੱਖ ਕਰੋੜਾਂ ਧਾਰਮਿਕ ਕੰਮ ਕਰੇ ਤੇ ਉਨ੍ਹਾਂ ਦਾ ਅਹੰਕਾਰ ਵੀ ਕਰੇ ਤਾਂ ਉਹ ਸਾਰੇ ਕੰਮ ਵਿਅਰਥ ਹਨ, ਉਨ੍ਹਾਂ ਕੰਮਾਂ ਦਾ ਫਲ ਕੇਵਲ ਥਕੇਵਾਂ ਹੀ ਹੈ।

ਅਨੇਕਾਂ ਤਪ ਅਤੇ ਸਾਧਨ ਕਰਕੇ ਜੋ ਇਨ੍ਹਾਂ ਦਾ ਮਾਣ ਕਰੇ ਤਾਂ ਉਹ ਵੀ ਨਰਕਾਂ-ਸੁਰਗਾਂ ਵਿਚ ਹੀ ਮੁੜ ਮੁੜ ਜੰਮਦਾ ਹੈ, ਭਾਵ ਕਦੇ ਸੁਖ ਤੇ ਕਦੇ ਦੁੱਖ ਭੋਗਦਾ ਹੈ।

ਅਨੇਕਾਂ ਜਤਨ ਕੀਤਿਆਂ ਜੇ ਹਿਰਦਾ ਨਰਮ ਨਹੀਂ ਹੁੰਦਾ ਤਾਂ ਦੱਸੋ ਉਹ ਮਨੁੱਖ ਪ੍ਰਭੂ ਦੀ ਦਰਗਾਹ ਵਿਚ ਕਿਵੇਂ ਪਹੁੰਚ ਸਕਦਾ ਹੈ?

ਜੋ ਮਨੁੱਖ ਆਪਣੇ ਆਪ ਨੂੰ ਨੇਕ ਅਖਵਾਉਂਦਾ ਹੈ, ਨੇਕੀ ਉਸ ਦੇ ਨੇੜੇ ਵੀ ਨਹੀਂ ਢੁਕਦੀ।

ਜਿਸ ਮਨੁੱਖ ਦਾ ਮਨ ਸਭਨਾਂ ਦੇ ਚਰਨਾਂ ਦੀ ਧੂੜ ਹੋ ਜਾਂਦਾ ਹੈ, ਹੇ ਨਾਨਕ! ਉਸ ਮਨੁੱਖ ਦੀ ਸੋਹਣੀ ਸੋਭਾ ਹੁੰਦੀ ਹੈ॥ ੩॥

ਜਬ ਲਗੁ ਜਾਨੈ ਮੁਝ ਤੇ ਕਛੁ ਹੋਇ॥ ਤਬ ਇਸ ਕਉ ਸੁਖੁ ਨਾਹੀ ਕੋਇ॥
ਜਬ ਇਹ ਜਾਨੈ ਮੈ ਕਿਛੁ ਕਰਤਾ॥ ਤਬ ਲਗੁ ਗਰਭ ਜੋਨਿ ਮਹਿ ਫਿਰਤਾ॥
ਜਬ ਧਾਰੈ ਕੋਊ ਬੈਰੀ ਮੀਤੁ॥ ਤਬ ਲਗੁ ਨਿਹਚਲੁ ਨਾਹੀ ਚੀਤੁ॥
ਜਬ ਲਗੁ ਮੋਹ ਮਗਨ ਸੰਗਿ ਮਾਇ॥ ਤਬ ਲਗੁ ਧਰਮਰਾਇ ਦੇਇ ਸਜਾਇ॥
ਪ੍ਰਭ ਕਿਰਪਾ ਤੇ ਬੰਧਨ ਤੂਟੈ॥ ਗੁਰ ਪ੍ਰਸਾਦਿ ਨਾਨਕ ਹਉ ਛੂਟੈ॥ ੪॥

ਪਦ ਅਰਥ : ਜਬ ਲਗੁ—ਜਦੋਂ ਤੱਕ। ਧਾਰੈ—ਖਿਆਲ ਕਰਦਾ ਹੈ। ਨਿਹਚਲ—ਅਡੋਲ। ਹਉ—ਅਹੰਕਾਰ। ਛੂਟੈ—ਮੁੱਕਦਾ ਹੈ।

ਅਰਥ : ਮਨੁੱਖ ਜਦ ਇਹ ਸਮਝਦਾ ਹੈ ਕਿ ਮੈਥੋਂ ਕੁਝ ਹੋ ਸਕਦਾ ਹੈ, ਤਦ ਤੀਕ ਇਸ ਨੂੰ ਕੋਈ ਸੁਖ ਨਹੀਂ ਮਿਲਦਾ।

ਜਦ ਤਕ ਇਹ ਸਮਝਦਾ ਹੈ ਕਿ ਮੈਂ ਆਪਣੇ ਬਲ ਨਾਲ ਕੁਝ ਕਰਦਾ ਹਾਂ, ਤਦ ਤਕ ਜੂਨਾਂ ਵਿਚ ਪਿਆ ਰਹਿੰਦਾ ਹੈ।

ਜਦ ਤਕ ਮਨੁੱਖ ਕਿਸੇ ਨੂੰ ਵੈਰੀ ਤੇ ਕਿਸੇ ਨੂੰ ਮਿੱਤਰ ਸਮਝਦਾ ਹੈ, ਤਦ ਤਕ ਇਸਦਾ ਮਨ ਟਿਕਾਣੇ ਨਹੀਂ ਆਉਂਦਾ।

ਜਦ ਤਕ ਬੰਦਾ ਮਾਇਆ ਦੇ ਮੋਹ ਵਿਚ ਗ਼ਰਕ ਰਹਿੰਦਾ ਹੈ, ਤਦ ਤਕ ਇਸ ਨੂੰ ਧਰਮ ਰਾਜ ਦੰਡ ਦਿੰਦਾ ਹੈ।

ਮਾਇਆ ਦੇ ਬੰਧਨ ਪ੍ਰਭੂ ਦੀ ਕਿਰਪਾ ਨਾਲ ਟੁੱਟਦੇ ਹਨ, ਹੇ ਨਾਨਕ! ਮਨੁੱਖ ਦੀ ਹਉਮੈ ਗੁਰੂ ਦੀ ਮਿਹਰ ਨਾਲ ਮੁੱਕਦੀ ਹੈ॥ ੪॥

ਸਹਸ ਖਟੇ ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥
ਅਨਿਕ ਭੋਗ ਬਿਖਿਆ ਕੇ ਕਰੈ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ॥
ਬਿਨਾ ਸੰਤੋਖ ਨਹੀ ਕੋਊ ਰਾਜੈ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੈ॥
ਨਾਮ ਰੰਗਿ ਸਰਬ ਸੁਖੁ ਹੋਇ॥ ਬਡਭਾਗੀ ਕਿਸੈ ਪਰਾਪਤਿ ਹੋਇ॥
ਕਰਨ ਕਰਾਵਨ ਆਪੇ ਆਪਿ॥ ਸਦਾ ਸਦਾ ਨਾਨਕ ਹਰਿ ਜਾਪਿ॥ ੫॥

ਪਦ ਅਰਥ : ਸਹਸ—ਹਜ਼ਾਰਾਂ (ਰੁਪਏ)। ਧਾਵੈ—ਦੌੜਦਾ ਹੈ। ਤ੍ਰਿਪਤਿ—ਰਜੇਵਾਂ। ਪਾਛੈ ਪਾਵੈ—ਜਮ੍ਹਾਂ ਕਰਦਾ ਹੈ। ਬਿਖਿਆ—ਮਾਇਆ। ਮਨੋਰਥ—ਖਾਹਸ਼ਾਂ।

ਅਰਥ : ਮਨੁੱਖ ਹਜ਼ਾਰਾਂ ਰੁਪਏ ਕਮਾਉਂਦਾ ਹੈ ਤੇ ਲੱਖਾਂ ਰੁਪਇਆਂ ਦੀ ਖ਼ਾਤਰ ਉਠ ਦੌੜਦਾ ਹੈ, ਮਾਇਆ ਜਮ੍ਹਾਂ ਕਰੀ ਜਾਂਦਾ ਹੈ ਪਰ ਰੱਜਦਾ ਨਹੀਂ।

ਮਾਇਆ ਦੀਆਂ ਅਨੇਕ ਮੌਜਾਂ ਮਾਣਦਾ ਹੈ, ਤਸੱਲੀ ਨਹੀਂ ਹੁੰਦੀ, ਭੋਗਾਂ ਦੇ ਮਗਰ ਹੋਰ ਭੱਜਦਾ ਹੈ ਤੇ ਬੜਾ ਦੁਖੀ ਹੁੰਦਾ ਹੈ।

ਜੇ ਅੰਦਰ ਸੰਤੋਖ ਨਾ ਹੋਵੇ ਤਾਂ ਕੋਈ ਮਨੁੱਖ ਰੱਜਦਾ ਨਹੀਂ। ਜਿਵੇ ਸੁਫਨਿਆਂ ਤੋਂ ਕੋਈ ਲਾਭ ਨਹੀਂ ਹੁੰਦਾ, ਤਿਵੇਂ ਸੰਤੋਖ ਬਿਨਾਂ ਮਨੁੱਖ ਦੇ ਸਾਰੇ ਕੰਮ ਤੇ ਖਾਹਸ਼ਾਂ ਵਿਅਰਥ ਹਨ।

ਪ੍ਰਭੂ ਦੇ ਨਾਮ ਦੀ ਮੌਜ ਵਿਚ ਹੀ ਸਾਰਾ ਸੁਖ ਹੈ ਅਤੇ ਇਹ ਸੁਖ ਕਿਸੇ ਵੱਡੇ ਭਾਗਾਂ ਵਾਲੇ ਨੂੰ ਮਿਲਦਾ ਹੈ।

ਜੋ ਪ੍ਰਭੂ ਆਪ ਹੀ ਸਭ ਕੁਝ ਕਰਨ ਦੇ ਤੇ ਜੀਵਾਂ ਪਾਸੋਂ ਕਰਵਾਉਣ ਦੇ ਸਮਰੱਥ

ਹੈ, ਹੇ ਨਾਨਕ! ਉਸ ਵਾਹਿਗੁਰੂ ਨੂੰ ਸਦਾ ਸਿਮਰ॥ ੫॥

ਕਰਨ ਕਰਾਵਨ ਕਰਨੈਹਾਰੁ॥ ਇਸ ਕੈ ਹਾਥਿ ਕਹਾ ਬੀਚਾਰੁ॥
ਜੈਸੀ ਦ੍ਰਿਸਟਿ ਕਰੇ ਤੈਸਾ ਹੋਇ॥ ਆਪੇ ਆਪਿ ਆਪਿ ਪ੍ਰਭੁ ਸੋਇ॥
ਜੋ ਕਿਛੁ ਕੀਨੋ ਸੁ ਅਪਨੈ ਰੰਗਿ॥ ਸਭ ਤੇ ਦੂਰਿ ਸਭਹੂ ਕੈ ਸੰਗਿ॥
ਬੂਝੈ ਦੇਖੈ ਕਰੈ ਬਿਬੇਕ॥ ਆਪਹਿ ਏਕ ਆਪਹਿ ਅਨੇਕ॥
ਮਰੈ ਨ ਬਿਨਸੈ ਆਵੈ ਨ ਜਾਇ॥ ਨਾਨਕ ਸਦ ਹੀ ਰਹਿਆ ਸਮਾਇ॥ ੬॥

ਪਦ ਅਰਥ : **ਦ੍ਰਿਸਟਿ**—ਨਜ਼ਰ। **ਅਪਨੈ ਰੰਗਿ**—ਆਪਣੀ ਮੌਜ ਵਿਚ। **ਬਿਬੇਕ**—ਪਰਖ। **ਆਵੈ ਨ ਜਾਇ**—ਨਾ ਜੰਮਦਾ ਹੈ, ਨਾ ਮਰਦਾ ਹੈ।

ਅਰਥ : ਵਿਚਾਰ ਕੇ ਵੇਖ ਲੈ, ਇਸ ਜੀਵ ਦੇ ਹੱਥ ਵਿਚ ਕੁਝ ਵੀ ਨਹੀਂ ਹੈ। ਪਰਮਾਤਮਾ ਪ੍ਰਭੂ ਆਪ ਹੀ ਸਭ ਕੁਝ ਕਰਨ ਜੋਗਾ ਹੈ ਤੇ ਜੀਵਾਂ ਪਾਸੋਂ ਕਰਾਉਣ ਜੋਗਾ ਹੈ।

ਪਰਮਾਤਮਾ ਜਿਹੋ ਜਿਹੀ ਨਜ਼ਰ ਬੰਦੇ ਵੱਲ ਕਰਦਾ ਹੈ, ਬੰਦਾ ਉਹੋ ਜਿਹਾ ਬਣ ਜਾਂਦਾ ਹੈ, ਉਹ ਪਰਮਾਤਮਾ ਆਪ ਹੀ ਆਪ ਹੈ;

ਜੋ ਕੁਝ ਉਸ ਨੇ ਬਣਾਇਆ ਹੈ, ਆਪਣੀ ਮੌਜ ਵਿਚ ਬਣਾਇਆ ਹੈ, ਸਭ ਜੀਵਾਂ ਦੇ ਅੰਗ ਸੰਗ ਵੀ ਹੈ ਤੇ ਸਭ ਤੋਂ ਵੱਖਰਾ ਵੀ ਹੈ।

ਪ੍ਰਭੂ ਆਪ ਹੀ ਇਕ ਹੈ ਅਤੇ ਆਪ ਹੀ ਅਨੇਕ ਰੂਪ ਧਾਰ ਰਿਹਾ ਹੈ, ਸਭ ਕੁਝ ਸਮਝਦਾ ਹੈ, ਵੇਖਦਾ ਹੈ ਤੇ ਪਛਾਣਦਾ ਹੈ।

ਉਹ ਨਾ ਕਦੇ ਮਰਦਾ ਹੈ, ਨਾ ਬਿਨਸਦਾ ਹੈ; ਨਾ ਜੰਮਦਾ ਹੈ, ਨਾ ਮਰਦਾ ਹੈ। ਹੇ ਨਾਨਕ! ਪ੍ਰਭੂ ਸਦਾ ਹੀ ਆਪਣੇ ਆਪ ਵਿਚ ਟਿਕਿਆ ਰਹਿੰਦਾ ਹੈ॥ ੬॥

ਆਪਿ ਉਪਦੇਸੈ ਸਮਝੈ ਆਪਿ॥ ਆਪੇ ਰਚਿਆ ਸਭ ਕੈ ਸਾਥਿ॥
ਆਪਿ ਕੀਨੋ ਆਪਨ ਬਿਸਥਾਰੁ॥ ਸਭੁ ਕਛੁ ਉਸ ਕਾ ਓਹੁ ਕਰਨੈਹਾਰੁ॥
ਉਸ ਤੇ ਭਿੰਨ ਕਹਹੁ ਕਿਛੁ ਹੋਇ॥ ਥਾਨ ਥਨੰਤਰਿ ਏਕੈ ਸੋਇ॥
ਅਪੁਨੇ ਚਲਿਤ ਆਪਿ ਕਰਣੈਹਾਰ॥ ਕਉਤਕ ਕਰੈ ਰੰਗ ਆਪਾਰ॥
ਮਨ ਮਹਿ ਆਪਿ ਮਨ ਅਪੁਨੇ ਮਾਹਿ॥ ਨਾਨਕ ਕੀਮਤਿ ਕਹਨੁ ਨ ਜਾਇ॥ ੭॥

ਪਦ ਅਰਥ : **ਰਚਿਆ**—ਮਿਲਿਆ ਹੋਇਆ। **ਬਿਸਥਾਰੁ**—ਖਿਲਾਰਾ। **ਕਰਨੈਹਾਰ**—ਕਰਨ ਜੋਗਾ। **ਭਿੰਨ**—ਵੱਖਰਾ। **ਥਾਨ ਥਨੰਤਰ**—ਹਰੇਕ ਥਾਂ। **ਚਲਿਤ**—ਤਮਾਸ਼ੇ। **ਕਉਤਕ**—ਤਮਾਸ਼ੇ। **ਅਪਾਰ**—ਬੇਅੰਤ।

ਅਰਥ : ਪ੍ਰਭੂ ਆਪ ਹੀ ਸਭ ਜੀਵਾਂ ਦੇ ਨਾਲ ਮਿਲਿਆ ਹੋਇਆ ਹੈ, ਸੋ ਉਹ ਆਪ ਹੀ ਸਿੱਖਿਆ ਦਿੰਦਾ ਹੈ ਤੇ ਆਪ ਹੀ ਉਸ ਸਿੱਖਿਆ ਨੂੰ ਸਮਝਦਾ ਹੈ।

ਆਪਣਾ ਖਿਲਾਰਾ ਉਸ ਨੇ ਆਪ ਹੀ ਬਣਾਇਆ ਹੈ। ਜਗਤ ਦੀ ਹਰੇਕ ਚੀਜ਼

ਉਸ ਦੀ ਬਣਾਈ ਹੋਈ ਹੈ, ਉਹ ਬਣਾਉਣ ਜੋਗਾ ਹੈ।

ਦੱਸੋ ਉਸਤੋਂ ਵੱਖਰਾ ਕੁਝ ਹੋ ਸਕਦਾ ਹੈ? ਹਰ ਥਾਂ ਉਹ ਪ੍ਰਭੂ ਆਪ ਹੀ ਮੌਜੂਦ ਹੈ।

ਆਪਣੇ ਖੇਲ ਆਪ ਹੀ ਕਰਨ ਜੋਗਾ ਹੈ, ਬੇਅੰਤ ਰੰਗਾਂ ਦੇ ਤਮਾਸ਼ੇ ਕਰਦਾ ਹੈ।

ਜੀਵਾਂ ਦੇ ਮਨ ਵਿਚ ਆਪ ਵੱਸ ਰਿਹਾ ਹੈ, ਜੀਵਾਂ ਨੂੰ ਆਪਣੇ ਮਨ ਵਿਚ ਟਿਕਾਈ ਬੈਠਾ ਹੈ। ਹੇ ਨਾਨਕ! ਉਸ ਦਾ ਮੁੱਲ ਨਹੀਂ ਦੱਸਿਆ ਜਾ ਸਕਦਾ॥ ੭॥

ਸਤਿ ਸਤਿ ਸਤਿ ਪ੍ਰਭੁ ਸੁਆਮੀ॥ ਗੁਰ ਪਰਸਾਦਿ ਕਿਨੈ ਵਖਿਆਨੀ॥
ਸਚੁ ਸਚੁ ਸਚੁ ਸਭੁ ਕੀਨਾ॥ ਕੋਟਿ ਮਧੇ ਕਿਨੈ ਬਿਰਲੈ ਚੀਨਾ॥
ਭਲਾ ਭਲਾ ਭਲਾ ਤੇਰਾ ਰੂਪ॥ ਅਤਿ ਸੁੰਦਰ ਅਪਾਰ ਅਨੂਪ॥
ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ॥ ਘਟਿ ਘਟਿ ਸੁਨੀ ਸ੍ਰਵਨ ਬਖ੍ਯ੍ਯਾਣੀ॥
ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ॥ ਨਾਮੁ ਜਪੈ ਨਾਨਕ ਮਨਿ ਪ੍ਰੀਤਿ॥ ੮॥ ੧੨॥

ਪਦ ਅਰਥ : ਸਤਿ—ਸਦਾ ਕਾਇਮ ਰਹਿਣ ਵਾਲਾ। ਗੁਰ ਪਰਸਾਦਿ—ਗੁਰੂ ਦੀ ਕਿਰਪਾ ਨਾਲ। ਵਖਿਆਨੀ—ਬਿਆਨ ਕੀਤੀ ਹੈ। ਚੀਨਾ—ਪਛਾਣਿਆ ਹੈ। ਅਨੂਪ—ਜਿਸ ਵਰਗਾ ਹੋਰ ਕੋਈ ਨਹੀਂ। ਸ੍ਰਵਨ—ਕੰਨਾਂ ਦੇ ਰਾਹੀਂ। ਬਖ੍ਯ੍ਯਾਣੀ—ਉਚਾਰੀ ਜਾਂਦੀ ਹੈ। ਪੁਨੀਤ—ਪਵਿੱਤਰ।

ਅਰਥ : ਸਭ ਦਾ ਮਾਲਕ ਪ੍ਰਭੂ ਸਦਾ ਹੀ ਕਾਇਮ ਰਹਿਣ ਵਾਲਾ ਹੈ। ਗੁਰੂ ਦੀ ਕਿਰਪਾ ਨਾਲ ਕਿਸੇ ਵਿਰਲੇ ਨੇ ਇਹ ਗੱਲ ਦੱਸੀ ਹੈ।

ਜੋ ਕੁਝ ਉਸ ਨੇ ਬਣਾਇਆ ਹੈ ਉਹ ਵੀ ਮੁਕੰਮਲ ਹੈ, ਇਹ ਗੱਲ ਕਰੋੜਾਂ ਵਿਚੋਂ ਕਿਸੇ ਵਿਰਲੇ ਨੇ ਪਛਾਣੀ ਹੈ।

ਹੇ ਅੱਤ ਸੋਹਣੇ, ਬੇਅੰਤ ਤੇ ਬੇ-ਮਿਸਾਲ ਪ੍ਰਭੂ! ਤੇਰਾ ਰੂਪ ਕਿੰਨਾ ਪਿਆਰਾ ਪਿਆਰਾ ਹੈ।

ਤੇਰੀ ਬੋਲੀ ਵੀ ਮਿੱਠੀ ਮਿੱਠੀ ਹੈ, ਹਰੇਕ ਸਰੀਰ ਵਿਚ ਕੰਨਾਂ ਦੇ ਰਾਹੀਂ ਸੁਣੀ ਜਾ ਰਹੀ ਹੈ ਤੇ ਜੀਭ ਨਾਲ ਉਚਾਰੀ ਜਾ ਰਹੀ ਹੈ।

ਹੇ ਨਾਨਕ! ਜਿਹੜਾ ਅਜਿਹੇ ਪ੍ਰਭੂ ਦਾ ਨਾਮ ਮਨ ਵਿਚ ਜਪਦਾ ਹੈ, ਉਹ ਪਵਿੱਤਰ ਹੋ ਜਾਂਦਾ ਹੈ॥ ੮॥ ੧੨॥

ਸ਼ਬਦ ਉਚਾਰਨ : ਈਹਾਂ, ਮਹਿੰ, ਜਾਂ ਕਾ, ਹਉਂ, ਮਾਹਿੰ ਬਿੰਦੀ ਸਹਿਤ ਉਚਾਰਨੇ ਹਨ।

॥ ਸਲੋਕੁ ॥

ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ॥
ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ॥ ੧॥

ਪਦ ਅਰਥ : ਜਨੁ—ਮਨੁੱਖ। ਪਰੈ—ਪੈਂਦਾ ਹੈ। ਉਧਰਨਹਾਰ—ਬਚਣ ਜੋਗਾ। ਬਹੁਰਿ ਬਹੁਰਿ—ਮੁੜ ਮੁੜ। ਅਵਤਾਰ—ਜਨਮ।

ਅਰਥ : ਜੋ ਮਨੁੱਖ ਸੰਤਾਂ ਦੀ ਸ਼ਰਨ ਪੈਂਦਾ ਹੈ ਉਹ ਮਾਇਆ ਦੇ ਬੰਧਨਾਂ ਤੋਂ ਬਚ ਜਾਂਦਾ ਹੈ; ਪਰ ਹੇ ਨਾਨਕ! ਸੰਤਾਂ ਦੀ ਨਿੰਦਿਆ ਕਰਨ ਨਾਲ ਜਨਮ ਮਰਨ ਦੇ ਚੱਕਰ ਵਿਚ ਪੈ ਜਾਈਦਾ ਹੈ॥ ੧॥

ਅਸਟਪਦੀ॥

ਸੰਤ ਕੈ ਦੂਖਨਿ ਆਰਜਾ ਘਟੈ॥ ਸੰਤ ਕੈ ਦੂਖਨਿ ਜਮ ਤੇ ਨਹੀ ਛੁਟੈ॥
ਸੰਤ ਕੈ ਦੂਖਨਿ ਸੁਖੁ ਸਭੁ ਜਾਇ॥ ਸੰਤ ਕੈ ਦੂਖਨਿ ਨਰਕ ਮਹਿ ਪਾਇ॥
ਸੰਤ ਕੈ ਦੂਖਨਿ ਮਤਿ ਹੋਇ ਮਲੀਨ॥ ਸੰਤ ਕੈ ਦੂਖਨਿ ਸੋਭਾ ਤੇ ਹੀਨ॥
ਸੰਤ ਕੇ ਹਤੇ ਕਉ ਰਖੈ ਨ ਕੋਇ॥ ਸੰਤ ਕੈ ਦੂਖਨਿ ਥਾਨ ਭ੍ਰਸਟੁ ਹੋਇ॥
ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ॥ ਨਾਨਕ ਸੰਤ ਸੰਗਿ ਨਿੰਦਕੁ ਭੀ ਤਰੈ॥ ੧॥

ਪਦ ਅਰਥ : ਦੂਖਨਿ—ਨਿੰਦਿਆ ਨਾਲ। ਆਰਜਾ—ਉਮਰ। ਛੁਟੈ—ਬਚ ਸਕਦਾ। ਮਲੀਨ—ਮੈਲੀ। ਹਤੇ ਕਉ—ਮਾਰੇ ਹੋਏ ਨੂੰ, ਫਿਟਕਾਰੇ ਹੋਏ ਨੂੰ। ਰਖੈ—ਰੱਖ ਸਕਦਾ। ਥਾਨ—ਥਾਂ, ਹਿਰਦਾ ਰੂਪੀ ਥਾਂ। ਭ੍ਰਸਟੁ—ਗੰਦਾ।

ਅਰਥ : ਸੰਤ ਦੀ ਨਿੰਦਿਆ ਕਰਨ ਨਾਲ ਮਨੁੱਖ ਦੀ ਉਮਰ ਵਿਅਰਥ ਹੀ ਗੁਜ਼ਰਦੀ ਹੈ ਕਿਉਂਕਿ ਸੰਤ ਦੀ ਨਿੰਦਿਆ ਕੀਤਿਆਂ ਮਨੁੱਖ ਜਮਾਂ ਤੋਂ ਨਹੀਂ ਬਚ ਸਕਦਾ।

ਸੰਤ ਦੀ ਨਿੰਦਿਆ ਕੀਤਿਆਂ ਸਾਰੇ ਸੁਖ ਨਾਸ ਹੋ ਜਾਂਦੇ ਹਨ ਅਤੇ ਮਨੁੱਖ ਨਰਕ ਅਥਵਾ ਘੋਰ ਦੁੱਖਾਂ ਵਿਚ ਪੈ ਜਾਂਦਾ ਹੈ।

ਸੰਤ ਦੀ ਨਿੰਦਿਆ ਕਰਨ ਨਾਲ ਮਨੁੱਖ ਦੀ ਮੱਤ ਮੈਲੀ ਹੋ ਜਾਂਦੀ ਹੈ ਤੇ ਸੰਸਾਰ ਵਿਚ ਮਨੁੱਖ ਸੋਭਾ ਤੋਂ ਸੱਖਣਾ ਰਹਿ ਜਾਂਦਾ ਹੈ।

ਸੰਤ ਦੇ ਫਿਟਕਾਰੇ ਹੋਏ ਬੰਦੇ ਦੀ ਕੋਈ ਮਨੁੱਖ ਸਹਾਇਤਾ ਨਹੀਂ ਕਰ ਸਕਦਾ ਕਿਉਂਕਿ ਸੰਤ ਦੀ ਨਿੰਦਿਆ ਕੀਤਿਆਂ ਨਿੰਦਕ ਦਾ ਹਿਰਦਾ ਗੰਦਾ ਹੋ ਜਾਂਦਾ ਹੈ।

ਪਰ ਜੇ ਕਿਰਪਾਲੂ ਸੰਤ ਆਪ ਕਿਰਪਾ ਕਰੇ ਤਾਂ ਹੇ ਨਾਨਕ! ਸੰਤ ਦੀ ਸੰਗਤ ਵਿਚ ਨਿੰਦਕ ਵੀ ਪਾਪਾਂ ਤੋਂ ਬਚ ਜਾਂਦਾ ਹੈ॥ ੧॥

ਸੰਤ ਕੇ ਦੂਖਨ ਤੇ ਮੁਖੁ ਭਵੈ॥ ਸੰਤਨ ਕੈ ਦੂਖਨਿ ਕਾਗ ਜਿਉ ਲਵੈ॥
ਸੰਤਨ ਕੈ ਦੂਖਨਿ ਸਰਪ ਜੋਨਿ ਪਾਇ॥ ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ॥
ਸੰਤਨ ਕੈ ਦੂਖਨਿ ਤ੍ਰਿਸਨਾ ਮਹਿ ਜਲੈ॥ ਸੰਤ ਕੈ ਦੂਖਨਿ ਸਭੁ ਕੋ ਛਲੈ॥
ਸੰਤ ਕੈ ਦੂਖਨਿ ਤੇਜੁ ਸਭੁ ਜਾਇ॥ ਸੰਤ ਕੈ ਦੂਖਨਿ ਨੀਚੁ ਨੀਚਾਇ॥
ਸੰਤ ਦੋਖੀ ਕਾ ਥਾਉ ਕੋ ਨਾਹਿ॥ ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ॥ ੨॥

ਪਦ ਅਰਥ : ਦੂਖਨ ਤੇ—ਨਿੰਦਿਆ ਕਰਨ ਨਾਲ। ਮੁਖੁ ਭਵੈ—ਮੂੰਹ ਭਉਂ ਜਾਂਦਾ

ਹੈ, ਮੂੰਹ ਫਿਟਕਾਰਿਆ ਜਾਂਦਾ ਹੈ। **ਕਾਗ**—ਕਾਂ। **ਲਵੈ**—ਲਉਂ ਲਉਂ ਕਰਦਾ ਹੈ। **ਸਰਪ**—ਸੱਪ। **ਤ੍ਰਿਗਦ**—ਪਸ਼ੂ-ਪੰਛੀ ਜੂਨ। **ਕਿਰਮਾਇ**—ਕਿਰਮ ਆਦਿਕ। **ਤ੍ਰਿਸਨਾ**—ਲਾਲਚ। **ਛਲੈ**—ਧੋਖਾ ਦਿੰਦਾ ਹੈ। **ਨੀਚ ਨੀਚਾਇ**—ਨੀਚਾਂ ਤੋਂ ਨੀਚ। **ਦੋਖੀ**—ਨਿੰਦਕ। **ਪਾਹਿ**—ਪਾ ਲੈਂਦੇ ਹਨ।

ਅਰਥ : ਸੰਤਾਂ ਦੀ ਨਿੰਦਿਆ ਕਰਨ ਨਾਲ ਨਿੰਦਕ ਦਾ ਚਿਹਰਾ ਹੀ ਭ੍ਰਿਸ਼ਟਿਆ ਜਾਂਦਾ ਹੈ ਤੇ ਨਿੰਦਕ ਥਾਂ ਥਾਂ ਕਾਂ ਵਾਂਗ ਲਉਂ-ਲਉਂ (ਕਾਂ ਕਾਂ) ਕਰਦਾ ਹੈਂ।

ਸੰਤ ਦੀ ਨਿੰਦਿਆ ਕੀਤਿਆਂ (ਖੋਟਾ ਸੁਭਾਉ ਬਣ ਜਾਣ ਕਾਰਨ) ਮਨੁੱਖ ਸੱਪ ਦੀ ਜੂਨੇ ਪੈ ਜਾਂਦਾ ਹੈ ਤੇ ਕਿਰਮ ਆਦਿਕ ਛੋਟੀਆਂ ਜੂਨਾਂ ਵਿਚ ਭਟਕਦਾ ਹੈ।

ਸੰਤਾਂ ਦੀ ਨਿੰਦਾ ਦੇ ਕਾਰਨ ਨਿੰਦਕ ਤ੍ਰਿਸ਼ਨਾ ਦੀ ਅੱਗ ਵਿਚ ਸੜਦਾ ਭੁੱਜਦਾ ਹੈ ਤੇ ਹਰੇਕ ਮਨੁੱਖ ਨੂੰ ਧੋਖਾ ਦਿੰਦਾ ਹੈ।

ਸੰਤ ਦੀ ਨਿੰਦਿਆ ਕੀਤਿਆਂ ਮਨੁੱਖ ਦਾ ਸਾਰਾ ਤੇਜ ਪ੍ਰਤਾਪ ਹੀ ਨਸ਼ਟ ਹੋ ਜਾਂਦਾ ਹੈ ਅਤੇ ਨਿੰਦਕ ਮਹਾਂ ਨੀਚ ਬਣ ਜਾਂਦਾ ਹੈ।

ਸੰਤਾਂ ਦੀ ਨਿੰਦਿਆ ਕਰਨ ਵਾਲਿਆਂ ਦਾ ਕੋਈ ਆਸਰਾ ਨਹੀਂ ਰਹਿੰਦਾ, ਹੇ ਨਾਨਕ! ਜੇ ਸੰਤਾਂ ਨੂੰ ਭਾਵੇ ਤਾਂ ਨਿੰਦਕ ਵੀ ਚੰਗੀ ਅਵਸਥਾ 'ਤੇ ਅੱਪੜ ਜਾਂਦੇ ਹਨ॥ ੨॥

ਸੰਤ ਕਾ ਨਿੰਦਕੁ ਮਹਾ ਅਤਤਾਈ॥ ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ॥
ਸੰਤ ਕਾ ਨਿੰਦਕੁ ਮਹਾ ਹਤਿਆਰਾ॥ ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ॥
ਸੰਤ ਕਾ ਨਿੰਦਕੁ ਰਾਜ ਤੇ ਹੀਨੁ॥ ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ॥
ਸੰਤ ਕੇ ਨਿੰਦਕ ਕਉ ਸਰਬ ਰੋਗ॥ ਸੰਤ ਕੇ ਨਿੰਦਕ ਕਉ ਸਦਾ ਬਿਜੋਗ॥
ਸੰਤ ਕੀ ਨਿੰਦਾ ਦੋਖ ਮਹਿ ਦੋਖੁ॥ ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ॥ ੩॥

ਪਦ ਅਰਥ : **ਅਤਤਾਈ**—ਅੱਤ ਚੁੱਕੀ ਰੱਖਣ ਵਾਲਾ। **ਹਤਿਆਰਾ**—ਜ਼ਾਲਮ। **ਮਾਰਾ**—ਫਿਟਕਿਆ ਹੋਇਆ। **ਦੀਨੁ**—ਕੰਗਾਲ। **ਬਿਜੋਗ**—ਵਿਛੋੜਾ। **ਦੋਖ ਮਹਿ ਦੋਖੁ**—ਵੱਡਾ ਮਾੜਾ ਕੰਮ। **ਮੋਖ**—ਮੁਕਤੀ।

ਅਰਥ : ਸੰਤ ਦੀ ਨਿੰਦਿਆ ਕਰਨ ਵਾਲਾ ਸਦਾ ਅੱਤ ਚੁੱਕੀ ਰੱਖਦਾ ਹੈ ਤੇ ਇਕ ਪਲ ਭਰ ਵੀ ਅਰਾਮ ਨਾਲ ਨਹੀਂ ਬੈਠਦਾ।

ਸੰਤ ਦਾ ਨਿੰਦਕ ਵੱਡਾ ਜ਼ਾਲਮ ਬਣ ਜਾਂਦਾ ਹੈ ਤੇ ਰੱਬ ਵਲੋਂ ਫਿਟਕਾਰਿਆ ਜਾਂਦਾ ਹੈ।

ਸੰਤ ਦਾ ਨਿੰਦਕ ਰਾਜ, ਭਾਵ ਦੁਨੀਆਂ ਦੇ ਸੁਖਾਂ ਤੋਂ ਵਾਂਝਿਆਂ ਰਹਿੰਦਾ ਹੈ, ਸਦਾ ਦੁਖੀ ਤੇ ਆਤੁਰ ਰਹਿੰਦਾ ਹੈ।

ਸੰਤਾਂ ਦੀ ਨਿੰਦਿਆ ਕਰਨ ਵਾਲੇ ਨੂੰ ਸਾਰੇ ਰੋਗ ਵਿਆਪਦੇ ਹਨ ਕਿਉਂਕਿ ਉਸ ਨੂੰ ਸੁਖਾਂ ਦੇ ਸੋਮੇ ਪ੍ਰਭੂ ਤੋਂ ਸਦਾ ਵਿਛੋੜਾ ਰਹਿੰਦਾ ਹੈ।

ਸੰਤਾਂ ਦੀ ਨਿੰਦਿਆ ਕਰਨੀ ਬਹੁਤ ਹੀ ਮਾੜਾ ਕੰਮ ਹੈ। ਹੇ ਨਾਨਕ! ਜੇ ਸੰਤਾਂ ਨੂੰ ਭਾਵੇ ਤਾਂ ਉਸ ਨਿੰਦਕ ਦਾ ਵੀ ਨਿੰਦਿਆ ਤੋਂ ਛੁਟਕਾਰਾ ਹੋ ਜਾਂਦਾ ਹੈ॥ ੩॥

ਸੰਤ ਕਾ ਦੋਖੀ ਸਦਾ ਅਪਵਿਤੁ॥ ਸੰਤ ਕਾ ਦੋਖੀ ਕਿਸੈ ਕਾ ਨਹੀ ਮਿਤੁ॥
ਸੰਤ ਕੇ ਦੋਖੀ ਕਉ ਡਾਨੁ ਲਾਗੈ॥ ਸੰਤ ਕੇ ਦੋਖੀ ਕਉ ਸਭ ਤਿਆਗੈ॥
ਸੰਤ ਕਾ ਦੋਖੀ ਮਹਾ ਅਹੰਕਾਰੀ॥ ਸੰਤ ਕਾ ਦੋਖੀ ਸਦਾ ਬਿਕਾਰੀ॥
ਸੰਤ ਕਾ ਦੋਖੀ ਜਨਮੈ ਮਰੈ॥ ਸੰਤ ਕੀ ਦੂਖਨਾ ਸੁਖ ਤੇ ਟਰੈ॥
ਸੰਤ ਕੇ ਦੋਖੀ ਕਉ ਨਾਹੀ ਠਾਉ॥ ਨਾਨਕ ਸੰਤ ਭਾਵੈ ਤਾ ਲਏ ਮਿਲਾਇ॥ ੪॥

ਪਦ ਅਰਥ : ਅਪਵਿਤੁ—ਮੈਲੇ ਮਨ ਵਾਲਾ। ਡਾਨੁ—ਡੰਨ। ਬਿਕਾਰੀ—ਮੰਦ ਕਰਮੀ। ਦੂਖਨਾ—ਨਿੰਦਿਆ। ਟਰੈ—ਟਲੈ। ਠਾਉ—ਥਾਂ, ਸਹਾਰਾ।

ਅਰਥ : ਸੰਤ ਦਾ ਨਿੰਦਕ ਸਦਾ ਮੈਲੇ ਮਨ ਵਾਲਾ ਹੈ, ਇਸੇ ਹੀ ਕਰਕੇ ਉਹ ਕਦੇ ਕਿਸੇ ਦਾ ਸੱਜਣ ਨਹੀਂ ਬਣਦਾ।

ਅੰਤ ਵੇਲੇ ਸੰਤ ਦੇ ਨਿੰਦਕ ਨੂੰ ਸਜ਼ਾ ਮਿਲਦੀ ਹੈ ਤੇ ਸਾਰੇ ਉਸ ਦਾ ਸਾਥ ਛੱਡ ਜਾਂਦੇ ਹਨ।

ਸੰਤ ਦੀ ਨਿੰਦਿਆ ਕਰਨ ਵਾਲਾ ਬੜਾ ਆਕੜਖਾਨ ਬਣ ਜਾਂਦਾ ਹੈ ਤੇ ਸਦਾ ਮੰਦੇ ਕੰਮ ਕਰਦਾ ਹੈ।

ਇਨ੍ਹਾਂ ਔਗਣਾਂ ਕਾਰਨ ਸੰਤ ਦਾ ਨਿੰਦਕ ਜੰਮਦਾ ਮਰਦਾ ਰਹਿੰਦਾ ਹੈ ਤੇ ਸੰਤ ਦੀ ਨਿੰਦਿਆ ਦੇ ਕਾਰਨ ਸੁਖਾਂ ਤੋਂ ਵਾਂਝਿਆ ਜਾਂਦਾ ਹੈ।

ਸੰਤ ਦੇ ਨਿੰਦਕ ਨੂੰ ਕੋਈ ਸਹਾਰਾ ਨਹੀਂ ਮਿਲਦਾ, ਪਰ ਹੇ ਨਾਨਕ! ਜੇ ਸੰਤ ਚਾਹੇ ਤਾਂ ਆਪਣੇ ਨਾਲ ਉਸ ਨਿੰਦਕ ਨੂੰ ਮਿਲਾ ਲੈਂਦਾ ਹੈ॥ ੪॥

ਸੰਤ ਕਾ ਦੋਖੀ ਅਧ ਬੀਚ ਤੇ ਟੂਟੈ॥ ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ॥
ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ॥ ਸੰਤ ਕਾ ਦੋਖੀ ਉਝੜਿ ਪਾਈਐ॥
ਸੰਤ ਕਾ ਦੋਖੀ ਅੰਤਰ ਤੇ ਥੋਥਾ॥ ਜਿਉ ਸਾਸ ਬਿਨਾ ਮਿਰਤਕ ਕੀ ਲੋਥਾ॥
ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ॥ ਆਪਨ ਬੀਜਿ ਆਪੇ ਹੀ ਖਾਹਿ॥
ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ॥ ਨਾਨਕ ਸੰਤ ਭਾਵੈ ਤਾ ਲਏ ਉਬਾਰਿ॥ ੫॥

ਪਦ ਅਰਥ : ਅਧ ਬੀਚ ਤੇ—ਅੱਧ ਵਿਚੋਂ। ਕਿਤੈ ਕਾਜ—ਕਿਸੇ ਕੰਮ ਕਾਜ ਵਿਚ। ਉਦਿਆਨ—ਜੰਗਲ। ਭ੍ਰਮਾਈਐ—ਭਟਕਾਈਦਾ ਹੈ। ਉਝੜਿ—ਕੁਰਾਹੇ। ਥੋਥਾ—ਖਾਲੀ। ਮਿਰਤਕ—ਮੁਰਦਾ। ਜੜ—ਜੜ੍ਹ, ਪੱਕੀ ਨੀਂਹ। ਲਏ ਉਬਾਰਿ--ਬਚਾ ਲੈਂਦਾ ਹੈ।

ਅਰਥ : ਸੰਤ ਦੀ ਨਿੰਦਿਆ ਕਰਨ ਵਾਲਾ ਕਿਸੇ ਕੰਮ ਵਿਚ ਨੇਪਰੇ ਨਹੀਂ ਚੜ੍ਹਦਾ, ਅੱਧ ਵਿਚ ਹੀ ਰਹਿ ਜਾਂਦਾ ਹੈ।

ਸੰਤ ਦੇ ਨਿੰਦਕ ਨੂੰ ਮਾਨੋ ਜੰਗਲਾਂ ਵਿਚ ਖੁਆਰ ਕਰੀਦਾ ਹੈ, ਰਾਹੋਂ ਖੁੰਝਾ ਕੇ ਔਝੜੇ ਪਾ ਦੇਈਦਾ ਹੈ।

ਜਿਵੇਂ ਪ੍ਰਾਣਾਂ ਤੋਂ ਬਿਨਾਂ ਮੁਰਦਾ ਲੋਥ ਹੈ ਤਿਵੇਂ ਹੀ ਸੰਤ ਦਾ ਨਿੰਦਕ ਅੰਦਰੋਂ, ਭਾਵ ਅਸਲੀ ਜੀਵਨ ਤੋਂ ਖ਼ਾਲੀ ਹੁੰਦਾ ਹੈ।

ਸੰਤਾਂ ਦੇ ਨਿੰਦਕਾਂ ਦੀ ਨੇਕ ਕਮਾਈ ਤੇ ਸਿਮਰਨ ਵਾਲੀ ਪੱਕੀ ਨੀਂਹ ਨਹੀਂ ਹੁੰਦੀ, ਆਪ ਹੀ ਨਿੰਦਿਆ ਦੀ ਕਮਾਈ ਕਰਕੇ ਆਪ ਹੀ ਉਸ ਦਾ ਮੰਦਾ ਫਲ ਖਾਂਦੇ ਹਨ।

ਸੰਤ ਦੀ ਨਿੰਦਿਆ ਕਰਨ ਵਾਲੇ ਨੂੰ ਕੋਈ ਹੋਰ ਮਨੁੱਖ ਨਿੰਦਿਆ ਦੀ ਆਦਤ ਤੋਂ ਬਚਾ ਨਹੀਂ ਸਕਦਾ ਪਰ ਹੇ ਨਾਨਕ! ਜੇ ਸੰਤ ਚਾਹੇ ਤਾਂ ਉਹ ਨਿੰਦਕ ਨੂੰ ਨਿੰਦਿਆ ਦੇ ਸੁਭਾਉ ਤੋਂ ਬਚਾ ਸਕਦਾ ਹੈ॥ ੫॥

ਸੰਤ ਕਾ ਦੋਖੀ ਇਉ ਬਿਲਲਾਇ॥ ਜਿਉ ਜਲ ਬਿਹੂਨ ਮਛੁਲੀ ਤੜਫੜਾਇ॥
ਸੰਤ ਕਾ ਦੋਖੀ ਭੂਖਾ ਨਹੀ ਰਾਜੈ॥ ਜਿਉ ਪਾਵਕੁ ਈਧਨਿ ਨਹੀ ਧ੍ਰਾਪੈ॥
ਸੰਤ ਕਾ ਦੋਖੀ ਛੁਟੈ ਇਕੇਲਾ॥ ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ॥
ਸੰਤ ਕਾ ਦੋਖੀ ਧਰਮ ਤੇ ਰਹਤ॥ ਸੰਤ ਕਾ ਦੋਖੀ ਸਦ ਮਿਥਿਆ ਕਹਤ॥
ਕਿਰਤੁ ਨਿੰਦਕ ਕਾ ਧੁਰਿ ਹੀ ਪਇਆ॥ ਨਾਨਕ ਜੋ ਤਿਸੁ ਭਾਵੈ ਸੋਈ ਥਿਆ॥ ੬॥

ਪਦ ਅਰਥ : ਬਿਲਲਾਇ—ਵਿਲਕਦਾ ਹੈ। ਬਿਹੂਨ—ਬਿਨਾਂ। ਤੜਫੜਾਇ—ਤੜਫਦਾ ਹੈ। ਰਾਜੈ—ਰੱਜਦਾ। ਪਾਵਕੁ—ਅੱਗ। ਧ੍ਰਾਪੈ—ਰੱਜਦੀ। ਈਧਨ—ਬਾਲਣ ਨਾਲ। ਬੂਆੜੁ—ਸੜਿਆ ਹੋਇਆ। ਦੁਹੇਲਾ—ਦੁਖੀ। ਮਿਥਿਆ—ਝੂਠ। ਕਿਰਤੁ—ਕੀਤੇ ਕੰਮ ਦਾ ਫਲ। ਧੁਰਿ—ਮੁੱਢ ਤੋਂ ਹੀ।

ਅਰਥ : ਸੰਤ ਦਾ ਨਿੰਦਕ ਇਉਂ ਵਿਲਕਦਾ ਹੈ ਜਿਵੇਂ ਪਾਣੀ ਤੋਂ ਬਿਨਾਂ ਮੱਛੀ ਤੜਫਦੀ ਹੈ।

ਸੰਤ ਦਾ ਨਿੰਦਕ ਤ੍ਰਿਸਨਾ ਦਾ ਮਾਰਿਆ ਹੋਇਆ ਕਦੇ ਰੱਜਦਾ ਨਹੀਂ, ਜਿਵੇਂ ਅੱਗ ਬਾਲਣ ਨਾਲ ਨਹੀਂ ਰੱਜਦੀ।

ਜਿਵੇਂ ਅੰਦਰੋਂ ਸੜਿਆ ਹੋਇਆ ਤਿਲ ਦਾ ਬੂਟਾ ਖੇਤ ਵਿਚ ਹੀ ਨਿਮਾਣਾ ਪਿਆ ਰਹਿੰਦਾ ਹੈ, ਤਿਵੇਂ ਸੰਤ ਦਾ ਨਿੰਦਕ ਵੀ ਇਕੱਲਾ ਛੁੱਟੜ ਹੀ ਪਿਆ ਰਹਿੰਦਾ ਹੈ ਕੋਈ ਉਸਦੇ ਨੇੜੇ ਨਹੀਂ ਆਉਂਦਾ।

ਸੰਤ ਦਾ ਨਿੰਦਕ ਧਰਮੋਂ ਹੀਣਾ ਹੁੰਦਾ ਹੈ ਤੇ ਸਦਾ ਝੂਠ ਬੋਲਦਾ ਹੈ, ਪਰ ਪਹਿਲੀ ਕੀਤੀ ਹੋਈ ਨਿੰਦਿਆ ਦੇ ਫਲ-ਸਰੂਪ ਨਿੰਦਕ ਦਾ ਸੁਭਾਉ ਮੁੱਢ ਤੋਂ ਹੀ ਤੁਰਿਆ ਆਉਂਦਾ ਹੈ।

ਹੇ ਨਾਨਕ! ਇਹ ਮਾਲਕ ਦੀ ਰਜ਼ਾ ਹੈ। ਜੋ ਉਸ ਨੂੰ ਚੰਗਾ ਲਗਦਾ ਹੈ, ਉਹੀ ਹੁੰਦਾ ਹੈ॥ ੬॥

ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ॥ ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ॥
ਸੰਤ ਕਾ ਦੋਖੀ ਸਦਾ ਸਹਕਾਈਐ॥ ਸੰਤ ਕਾ ਦੋਖੀ ਨ ਮਰੈ ਨ ਜੀਵਾਈਐ॥
ਸੰਤ ਕੇ ਦੋਖੀ ਕੀ ਪੁਜੈ ਨ ਆਸਾ॥ ਸੰਤ ਕਾ ਦੋਖੀ ਉਠਿ ਚਲੈ ਨਿਰਾਸਾ॥
ਸੰਤ ਕੈ ਦੋਖਿ ਨ ਤ੍ਰਿਸਟੈ ਕੋਇ॥ ਜੈਸਾ ਭਾਵੈ ਤੈਸਾ ਕੋਈ ਹੋਇ॥
ਪਇਆ ਕਿਰਤੁ ਨ ਮੇਟੈ ਕੋਇ॥ ਨਾਨਕ ਜਾਨੈ ਸਚਾ ਸੋਇ॥ ੭॥

ਪਦ ਅਰਥ : ਬਿਗੜ ਰੂਪੁ—ਵਿਗੜੇ ਹੋਏ ਰੂਪ ਵਾਲਾ। ਸਹਕਾਈਐ—ਸਹਿਕਦਾ ਹੈ। ਪੁਜੈ ਨ—ਸਿਰੇ ਨਹੀਂ ਚੜ੍ਹਦੀ। ਤ੍ਰਿਸਟੈ—ਰੱਜਦਾ। ਪਇਆ ਕਿਰਤੁ—ਪਿਛਲੇ ਕੀਤੇ ਮੰਦੇ ਕੰਮਾਂ ਦਾ ਇਕੱਠਾ ਹੋਇਆ ਫਲ।

ਅਰਥ : ਸੰਤਾਂ ਦੀ ਨਿੰਦਿਆ ਕਰਨ ਵਾਲਾ ਭ੍ਰਿਸ਼ਟਿਆ ਜਾਂਦਾ ਹੈ, ਪ੍ਰਭੂ ਦੀ ਦਰਗਾਹ ਵਿਚ ਉਸ ਨੂੰ ਸਜ਼ਾ ਮਿਲਦੀ ਹੈ।

ਸੰਤਾਂ ਦਾ ਨਿੰਦਕ ਸਦਾ ਆਤੁਰ ਰਹਿੰਦਾ ਹੈ, ਨਾ ਉਹ ਜਿਉਂਦਿਆਂ ਵਿਚ ਤੇ ਨਾ ਮੋਇਆਂ ਵਿਚ ਹੁੰਦਾ ਹੈ।

ਸੰਤ ਦੇ ਨਿੰਦਕ ਦੀ ਆਸ ਕਦੇ ਸਿਰੇ ਨਹੀਂ ਚੜ੍ਹਦੀ, ਜਗਤ ਤੋਂ ਨਿਰਾਸ ਹੀ ਚਲਾ ਜਾਂਦਾ ਹੈ।

ਜੇਹੋ ਜੇਹੀ ਮਨੁੱਖ ਦੀ ਨੀਯਤ ਹੁੰਦੀ ਹੈ ਤਿਹੋ ਜਿਹਾ ਉਸ ਦਾ ਸੁਭਾਉ ਬਣ ਜਾਂਦਾ ਹੈ। ਇਸ ਕਰਕੇ ਸੰਤ ਦੀ ਨਿੰਦਿਆ ਨਾਲ ਕੋਈ ਮਨੁੱਖ ਨਿੰਦਿਆ ਦੀ ਤ੍ਰੇਹ ਤੋਂ ਬਚਦਾ ਨਹੀਂ।

ਪਿਛਲੀ ਕੀਤੀ ਮੰਦ-ਕਮਾਈ ਦੇ ਇਕੱਠੇ ਹੋਏ ਫਲ ਨੂੰ ਕੋਈ ਮਿਟਾ ਨਹੀਂ ਸਕਦਾ। ਹੇ ਨਾਨਕ! ਇਸ ਭੇਦ ਨੂੰ ਉਹ ਸੱਚਾ ਪ੍ਰਭੂ ਹੀ ਜਾਣਦਾ ਹੈ॥ ੭॥

ਸਭ ਘਟ ਤਿਸ ਕੇ ਓਹੁ ਕਰਨੈਹਾਰੁ॥ ਸਦਾ ਸਦਾ ਤਿਸ ਕਉ ਨਮਸਕਾਰੁ॥
ਪ੍ਰਭ ਕੀ ਉਸਤਤਿ ਕਰਹੁ ਦਿਨੁ ਰਾਤਿ॥ ਤਿਸਹਿ ਧਿਆਵਹੁ ਸਾਸਿ ਗਿਰਾਸਿ॥
ਸਭੁ ਕਛੁ ਵਰਤੈ ਤਿਸ ਕਾ ਕੀਆ॥ ਜੈਸਾ ਕਰੇ ਤੈਸਾ ਕੋ ਥੀਆ॥
ਅਪਨਾ ਖੇਲੁ ਆਪਿ ਕਰਨੈਹਾਰੁ॥ ਦੂਸਰ ਕਉਨੁ ਕਹੈ ਬੀਚਾਰੁ॥
ਜਿਸ ਨੋ ਕ੍ਰਿਪਾ ਕਰੈ ਤਿਸੁ ਆਪਨ ਨਾਮੁ ਦੇਇ॥
ਬਡਭਾਗੀ ਨਾਨਕ ਜਨ ਸੇਇ॥ ੮॥ ੧੩॥

ਪਦ ਅਰਥ : ਘਟ—ਸਰੀਰ। ਉਸਤਤਿ—ਵਡਿਆਈ। ਸਾਸਿ ਗਿਰਾਸਿ—ਸਾਹ ਅੰਦਰ-ਬਾਹਰ ਲੈਂਦਿਆਂ।

ਅਰਥ : ਸਾਰੇ ਜੀਅ ਜੰਤ ਉਸ ਪ੍ਰਭੂ ਦੇ ਹਨ। ਉਹੀ ਸਭ ਕੁਝ ਕਰਨ ਦੇ ਸਮਰੱਥ ਹੈ, ਸਦਾ ਉਸ ਪ੍ਰਭੂ ਅੱਗੇ ਸਿਰ ਨਿਵਾਉ।

ਦਿਨ ਰਾਤ ਉਸ ਪ੍ਰਭੂ ਦੇ ਗੁਣ ਗਾਉ, ਦਮ-ਬ-ਦਮ ਉਸੇ ਨੂੰ ਯਾਦ ਕਰੋ।

ਸੰਸਾਰ ਵਿਚ ਹਰੇਕ ਖੇਡ ਉਸੇ ਦੀ ਵਰਤਾਈ ਵਰਤ ਰਹੀ ਹੈ। ਪ੍ਰਭੂ ਜੀਵਾਂ ਨੂੰ ਜਿਹੋ ਜਿਹਾ ਬਣਾਉਂਦਾ ਹੈ ਉਹੋ ਜਿਹਾ ਹਰੇਕ ਜੀਵ ਬਣ ਜਾਂਦਾ ਹੈ।

ਜਗਤ-ਰੂਪ ਆਪਣੀ ਖੇਡ ਆਪ ਹੀ ਕਰਨ ਜੋਗਾ ਹੈ। ਕੌਣ ਕੋਈ ਦੂਜਾ ਸਲਾਹ ਦੱਸ ਸਕਦਾ ਹੈ?

ਜਿਸ ਜਿਸ ਜੀਵ ਉੱਤੇ ਪ੍ਰਭੂ ਮਿਹਰ ਕਰਦਾ ਹੈ, ਉਸ ਉਸ ਨੂੰ ਆਪਣਾ ਨਾਮ ਬਖਸ਼ਦਾ ਹੈ। ਹੇ ਨਾਨਕ! ਉਹ ਮਨੁੱਖ ਵੱਡੇ ਭਾਗਾਂ ਵਾਲੇ ਹੋ ਜਾਂਦੇ ਹਨ॥ ੮॥ ੧੩॥

ਸ਼ਬਦ ਉਚਾਰਨ : ਮਹਿਂ, ਥਾਉਂ, ਨਾਹਿਂ, ਪਾਹਿਂ, ਖਾਹਿਂ, ਬਿੰਦੀ ਸਹਿਤ ਉਚਾਰਨੇ ਹਨ।

'ਸੰਤ ਕੇ ਦੂਖਨ ਤੇ, ਮੁਖ ਭਵੈ' ਪੰਗਤੀ ਵਿਚ 'ਤੇ' ਉਤੇ ਬਿਸ੍ਰਾਮ ਦੇਣਾ ਹੈ।

॥ ਸਲੋਕੁ॥

ਤਜਹੁ ਸਿਆਨਪ ਸੁਰਿ ਜਨਹੁ   ਸਿਮਰਹੁ ਹਰਿ ਹਰਿ ਰਾਇ॥
ਏਕ ਆਸ ਹਰਿ   ਮਨਿ ਰਖਹੁ   ਨਾਨਕ   ਦੂਖੁ ਭਰਮੁ ਭਉ ਜਾਇ॥ ੧॥

ਪਦ ਅਰਥ : ਤਜਹੁ—ਛੱਡੋ। ਸਿਆਨਪ—ਚਤੁਰਾਈ। ਸੁਰਿ ਜਨਹੁ—ਹੇ ਭਲੇ ਪੁਰਸ਼ੋ! ਭਰਮ—ਭੁਲੇਖਾ। ਭਉ—ਡਰ। ਜਾਇ—ਦੂਰ ਹੋ ਜਾਂਦਾ ਹੈ।

ਅਰਥ : ਹੇ ਭਲੇ ਪੁਰਸ਼ੋ! ਚਤੁਰਾਈ ਛੱਡੋ ਤੇ ਪ੍ਰਭੂ ਨੂੰ ਸਿਮਰੋ। ਕੇਵਲ ਪ੍ਰਭੂ ਦੀ ਆਸ ਮਨ ਵਿਚ ਰੱਖੋ। ਹੇ ਨਾਨਕ! ਇਸ ਤਰ੍ਹਾਂ ਦੁੱਖ, ਵਹਿਮ ਤੇ ਡਰ ਦੂਰ ਹੋ ਜਾਂਦਾ ਹੈ॥ ੧॥

ਅਸਟਪਦੀ॥

ਮਾਨੁਖ ਕੀ ਟੇਕ   ਬ੍ਰਿਥੀ ਸਭ ਜਾਨੁ॥ ਦੇਵਨ ਕਉ   ਏਕੈ ਭਗਵਾਨੁ॥
ਜਿਸ ਕੈ ਦੀਐ   ਰਹੈ ਅਘਾਇ॥ ਬਹੁਰਿ   ਨ ਤ੍ਰਿਸਨਾ ਲਾਗੈ ਆਇ॥
ਮਾਰੈ ਰਾਖੈ   ਏਕੋ ਆਪਿ॥ ਮਾਨੁਖ ਕੈ   ਕਿਛੁ ਨਾਹੀ ਹਾਥਿ॥
ਤਿਸ ਕਾ ਹੁਕਮੁ   ਬੂਝਿ   ਸੁਖੁ ਹੋਇ॥ ਤਿਸ ਕਾ ਨਾਮੁ   ਰਖੁ ਕੰਠਿ ਪਰੋਇ॥
ਸਿਮਰਿ   ਸਿਮਰਿ   ਸਿਮਰਿ ਪ੍ਰਭੁ ਸੋਇ॥ ਨਾਨਕ   ਬਿਘਨੁ ਨ ਲਾਗੈ ਕੋਇ॥ ੧॥

ਪਦ ਅਰਥ : ਟੇਕ—ਆਸਰਾ। ਅਘਾਇ—ਰੱਜਿਆ। ਬਹੁਰਿ—ਫੇਰ। ਰਖੁ ਕੰਠਿ ਪਰੋਇ—ਹਰ ਵੇਲੇ ਯਾਦ ਕਰ। ਬਿਘਨੁ—ਰੁਕਾਵਟ।

ਅਰਥ : ਹੇ ਮਨ! ਕਿਸੇ ਮਨੁੱਖ ਦਾ ਆਸਰਾ ਉੱਕਾ ਹੀ ਵਿਅਰਥ ਸਮਝ, ਇਕ ਅਕਾਲ ਪੁਰਖ ਹੀ ਸਭ ਜੀਆਂ ਨੂੰ ਦੇਣ ਜੋਗਾ ਹੈ।

ਜਿਸ ਦੇ ਦਿੱਤਿਆਂ ਮਨੁੱਖ ਰੱਜਿਆ ਰਹਿੰਦਾ ਹੈ ਤੇ ਮੁੜ ਉਸ ਨੂੰ ਲਾਲਚ ਆ ਕੇ ਦਬਾਉਂਦਾ ਨਹੀਂ।

ਪ੍ਰਭੂ ਆਪ ਹੀ ਜੀਵਾਂ ਨੂੰ ਮਾਰਦਾ ਹੈ ਜਾਂ ਪਾਲਦਾ ਹੈ। ਮਨੁੱਖ ਦੇ ਵੱਸ ਕੁਝ ਨਹੀਂ ਹੈ।

ਉਸ ਮਾਲਕ ਦਾ ਹੁਕਮ ਬੁਝ ਕੇ ਸੁਖ ਹੁੰਦਾ ਹੈ। ਹੇ ਮਨ! ਉਸ ਦਾ ਨਾਮ ਹਰ ਵੇਲੇ ਯਾਦ ਕਰ।

ਉਸ ਪ੍ਰਭੂ ਨੂੰ ਸਦਾ ਸਿਮਰ। ਹੇ ਨਾਨਕ! ਸਿਮਰਨ ਦੀ ਬਰਕਤ ਨਾਲ ਜੀਵਨ ਵਿਚ ਕੋਈ ਰੁਕਾਵਟ ਨਹੀਂ ਪੈਂਦੀ॥ ੧॥

ਉਸਤਤਿ ਮਨ ਮਹਿ ਕਰਿ ਨਿਰੰਕਾਰ॥ ਕਰਿ ਮਨ ਮੇਰੇ ਸਤਿ ਬਿਉਹਾਰ॥
ਨਿਰਮਲ ਰਸਨਾ ਅੰਮ੍ਰਿਤੁ ਪੀਉ॥ ਸਦਾ ਸੁਹੇਲਾ ਕਰਿ ਲੇਹਿ ਜੀਉ॥
ਨੈਨਹੁ ਪੇਖੁ ਠਾਕੁਰ ਕਾ ਰੰਗੁ॥ ਸਾਧ ਸੰਗਿ ਬਿਨਸੈ ਸਭ ਸੰਗੁ॥
ਚਰਨ ਚਲਉ ਮਾਰਗਿ ਗੋਬਿੰਦ॥ ਮਿਟਹਿ ਪਾਪ ਜਪੀਐ ਹਰਿ ਬਿੰਦ॥
ਕਰ ਹਰਿ ਕਰਮ ਸ੍ਰਵਨਿ ਹਰਿ ਕਥਾ॥ ਹਰਿ ਦਰਗਹ ਨਾਨਕ ਊਜਲ ਮਥਾ॥ ੨॥

ਪਦ ਅਰਥ : ਉਸਤਤਿ—ਸਿਫਤ-ਸਲਾਹ। ਸਤਿ—ਸੱਚਾ। ਬਿਉਹਾਰ—ਵਿਹਾਰ। ਰਸਨਾ—ਜੀਭ ਨਾਲ। ਸੁਹੇਲਾ—ਸੁਖੀ। ਜੀਉ—ਜਿੰਦ। ਨੈਨਹੁ—ਅੱਖਾਂ ਨਾਲ। ਰੰਗੁ—ਤਮਾਸ਼ਾ। ਮਾਰਗਿ—ਰਸਤੇ 'ਤੇ। ਬਿੰਦ—ਰਤਾ ਭਰ। ਕਰਮ—ਕੰਮ। ਸ੍ਰਵਨਿ—ਕੰਨਾਂ ਨਾਲ।

ਅਰਥ : ਆਪਣੇ ਅੰਦਰ ਅਕਾਲ ਪੁਰਖ ਦੀ ਵਡਿਆਈ ਕਰ। ਹੇ ਮੇਰੇ ਮਨ! ਇਹ ਸੱਚਾ ਵਿਹਾਰ ਕਰ।

ਜੀਭ ਨਾਲ ਮਿੱਠਾ ਨਾਮ-ਅੰਮ੍ਰਿਤ ਪੀ। ਇਸ ਤਰ੍ਹਾਂ ਆਪਣੀ ਜਿੰਦ ਨੂੰ ਸਦਾ ਲਈ ਸੁਖੀ ਕਰ ਲੈ।

ਅੱਖਾਂ ਨਾਲ ਅਕਾਲ ਪੁਰਖ ਦਾ ਜਗਤ-ਤਮਾਸ਼ਾ ਵੇਖ, ਭਲਿਆਂ ਪੁਰਖਾਂ ਦੀ ਸੰਗਤ ਵਿਚ ਟਿਕਿਆਂ ਹੋਰ ਕੁਟੰਬ ਆਦਿਕ ਦਾ ਮੋਹ ਮਿਟ ਜਾਂਦਾ ਹੈ।

ਪੈਰਾਂ ਨਾਲ ਰੱਬ ਦੇ ਰਾਹ 'ਤੇ ਤੁਰ। ਪ੍ਰਭੂ ਨੂੰ ਰਤਾ ਭਰ ਵੀ ਜਪੀਏ ਤਾਂ ਪਾਪ ਦੂਰ ਹੋ ਜਾਂਦੇ ਹਨ।

ਹੱਥਾਂ ਨਾਲ ਪ੍ਰਭੂ ਦੇ ਰਾਹ ਦੇ ਕੰਮ ਕਰ ਤੇ ਕੰਨਾਂ ਨਾਲ ਉਸ ਦੀ ਸਿਫਤ-ਸਲਾਹ ਸੁਣ। ਇਸ ਤਰ੍ਹਾਂ ਹੇ ਨਾਨਕ! ਪ੍ਰਭੂ ਦੀ ਦਰਗਾਹ ਵਿਚ ਸੁਰਖ਼ਰੂ ਹੋ ਜਾਈਦਾ ਹੈ॥ ੨॥

ਬਡਭਾਗੀ ਤੇ ਜਨ ਜਗ ਮਾਹਿ॥ ਸਦਾ ਸਦਾ ਹਰਿ ਕੇ ਗੁਨ ਗਾਹਿ॥
ਰਾਮ ਨਾਮ ਜੋ ਕਰਹਿ ਬੀਚਾਰ॥ ਸੇ ਧਨਵੰਤ ਗਨੀ ਸੰਸਾਰ॥
ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ॥ ਸਦਾ ਸਦਾ ਜਾਨਹੁ ਤੇ ਸੁਖੀ॥

ਏਕੋ ਏਕੁ ਏਕੁ ਪਛਾਨੈ॥ ਇਤ ਉਤ ਕੀ ਓਹੁ ਸੋਝੀ ਜਾਨੈ॥
ਨਾਮ ਸੰਗਿ ਜਿਸ ਕਾ ਮਨੁ ਮਾਨਿਆ॥ ਨਾਨਕ ਤਿਨਹਿ ਨਿਰੰਜਨੁ ਜਾਨਿਆ॥ ੩॥

ਪਦ ਅਰਥ : ਗਾਹਿ—ਗਾਉਂਦੇ ਹਨ। ਗਨੀ—ਧਨਾਢ। ਇਤ ਉਤ ਕੀ—ਲੋਕ ਪਰਲੋਕ ਦੀ।

ਅਰਥ : ਜੋ ਮਨੁੱਖ ਸਦਾ ਹੀ ਪ੍ਰਭੂ ਦੇ ਗੁਣ ਗਾਉਂਦੇ ਹਨ, ਉਹ ਜਗਤ ਵਿਚ ਵੱਡੇ ਭਾਗਾਂ ਵਾਲੇ ਹਨ।

ਉਹ ਮਨੁੱਖ ਸੰਸਾਰ ਵਿਚ ਧਨੀ ਹਨ ਤੇ ਰੱਜੇ ਹੋਏ ਹਨ, ਜੋ ਅਕਾਲ ਪੁਰਖ ਦੇ ਨਾਮ ਦਾ ਧਿਆਨ ਧਰਦੇ ਹਨ।

ਜਿਹੜੇ ਭਲੇ ਲੋਕ ਮਨ, ਤਨ ਤੇ ਮੂੰਹ ਤੋਂ ਪ੍ਰਭੂ ਦਾ ਨਾਮ ਉਚਾਰਦੇ ਹਨ, ਉਹ ਹੀ ਅਸਲ ਵਿਚ ਸੁਖੀ ਹਨ, ਉਨ੍ਹਾਂ ਨੂੰ ਸਦਾ ਸੁਖੀ ਜਾਣੋ।

ਜੋ ਮਨੁੱਖ ਕੇਵਲ ਇਕ ਅਕਾਲ ਪੁਰਖ ਨੂੰ ਹਰ ਥਾਂ ਪਛਾਣਦਾ ਹੈ, ਉਸ ਨੂੰ ਲੋਕ-ਪਰਲੋਕ ਦੀ ਸੋਝੀ ਆ ਜਾਂਦੀ ਹੈ।

ਜਿਸ ਮਨੁੱਖ ਦਾ ਮਨ ਪ੍ਰਭੂ ਦੇ ਨਾਲ ਰਚ ਮਿਚ ਗਿਆ ਹੈ, ਹੇ ਨਾਨਕ! ਉਸ ਨੇ ਪ੍ਰਭੂ ਨੂੰ ਪਛਾਣ ਲਿਆ ਹੈ॥ ੩॥

ਗੁਰ ਪ੍ਰਸਾਦਿ ਆਪਨ ਆਪੁ ਸੁਝੈ॥ ਤਿਸ ਕੀ ਜਾਨਹੁ ਤ੍ਰਿਸਨਾ ਬੁਝੈ॥
ਸਾਧ ਸੰਗਿ ਹਰਿ ਹਰਿ ਜਸੁ ਕਹਤ॥ ਸਰਬ ਰੋਗ ਤੇ ਓਹੁ ਹਰਿ ਜਨੁ ਰਹਤ॥
ਅਨਦਿਨੁ ਕੀਰਤਨੁ ਕੇਵਲ ਬਖ੍ਯ਼ਾਨੁ॥ ਗ੍ਰਿਹਸਤ ਮਹਿ ਸੋਈ ਨਿਰਬਾਨੁ॥
ਏਕ ਊਪਰਿ ਜਿਸੁ ਜਨ ਕੀ ਆਸਾ॥ ਤਿਸ ਕੀ ਕਟੀਐ ਜਮ ਕੀ ਫਾਸਾ॥
ਪਾਰਬ੍ਰਹਮ ਕੀ ਜਿਸੁ ਮਨਿ ਭੂਖ॥ ਨਾਨਕ ਤਿਸਹਿ ਨ ਲਾਗਹਿ ਦੂਖ॥ ੪॥

ਪਦ ਅਰਥ : ਸੁਝੈ—ਸਮਝ ਆ ਜਾਏ। ਬੁਝੈ—ਮਿਟ ਜਾਂਦੀ ਹੈ। ਜਸੁ—ਵਡਿਆਈ। ਹਰਿ ਜਨੁ—ਪ੍ਰਭੂ ਦਾ ਸੇਵਕ। ਅਨਦਿਨ—ਹਰ ਰੋਜ਼। ਬਖ੍ਯ਼ਾਨ—ਉਚਾਰਨ। ਨਿਰਬਾਨ—ਵਾਸ਼ਨਾ ਤੋਂ ਰਹਿਤ।

ਅਰਥ : ਜਿਸ ਮਨੁੱਖ ਨੂੰ ਗੁਰੂ ਦੀ ਕਿਰਪਾ ਨਾਲ ਆਪਣਾ ਆਪ ਸੁਝ ਪੈਂਦਾ ਹੈ, ਇਹ ਜਾਣ ਲਵੋ ਕਿ ਉਸ ਦੀ ਮਾਇਆ ਦੀ ਤ੍ਰਿਸ਼ਨਾ ਮਿਟ ਜਾਂਦੀ ਹੈ।

ਜੋ ਵਾਹਿਗੁਰੂ ਦਾ ਪਿਆਰਾ ਸਤਸੰਗ ਵਿਚ ਪ੍ਰਭੂ ਦੀ ਸਿਫਤ-ਸਲਾਹ ਕਰਦਾ ਹੈ, ਉਹ ਸਾਰੇ ਰੋਗਾਂ ਤੋ ਬਚ ਜਾਂਦਾ ਹੈ।

ਜੋ ਮਨੁੱਖ ਹਰ ਰੋਜ਼ ਪ੍ਰਭੂ ਦਾ ਕੀਰਤਨ ਹੀ ਉਚਾਰਦਾ ਹੈ, ਉਹ ਮਨੁੱਖ ਗ੍ਰਿਹਸਤ ਵਿਚ ਰਹਿੰਦਾ ਹੋਇਆ ਨਿਰਲੇਪ ਹੈ।

ਜਿਸ ਮਨੁੱਖ ਦੀ ਆਸ ਇਕ ਅਕਾਲ ਪੁਰਖ ਉੱਤੇ ਹੈ, ਉਸ ਦੀ ਜਮਾਂ ਵਾਲੀ ਫਾਹੀ ਕੱਟੀ ਜਾਂਦੀ ਹੈ।

ਜਿਸ ਮਨੁੱਖ ਦੇ ਮਨ ਵਿਚ ਪ੍ਰਭੂ ਦੇ ਮਿਲਣ ਦੀ ਤਾਂਘ ਹੈ, ਹੇ ਨਾਨਕ! ਉਸ ਮਨੁੱਖ ਨੂੰ ਕਦੇ ਦੁੱਖ ਨਹੀਂ ਪੋਂਹਦੇ॥ ੪॥

ਜਿਸ ਕਉ ਹਰਿ ਪ੍ਰਭੁ ਮਨਿ ਚਿਤਿ ਆਵੈ॥ ਸੋ ਸੰਤੁ ਸੁਹੇਲਾ ਨਹੀ ਡੁਲਾਵੈ॥
ਜਿਸੁ ਪ੍ਰਭੁ ਅਪੁਨਾ ਕਿਰਪਾ ਕਰੈ॥ ਸੋ ਸੇਵਕੁ ਕਹੁ ਕਿਸ ਤੇ ਡਰੈ॥
ਜੈਸਾ ਸਾ ਤੈਸਾ ਦ੍ਰਿਸਟਾਇਆ॥ ਅਪੁਨੇ ਕਾਰਜ ਮਹਿ ਆਪਿ ਸਮਾਇਆ॥
ਸੋਧਤ ਸੋਧਤ ਸੋਧਤ ਸੀਝਿਆ॥ ਗੁਰ ਪ੍ਰਸਾਦਿ ਤਤੁ ਸਭੁ ਬੂਝਿਆ॥
ਜਬ ਦੇਖਉ ਤਬ ਸਭੁ ਕਿਛੁ ਮੂਲੁ॥ ਨਾਨਕ ਸੋ ਸੂਖਮੁ ਸੋਈ ਅਸਥੂਲੁ॥ ੫॥

ਪਦ ਅਰਥ : **ਸੁਹੇਲਾ**—ਸੁਖੀ। **ਦ੍ਰਿਸਟਾਇਆ**—ਨਜ਼ਰੀਂ ਆਇਆ। **ਸੋਧਤ**—ਵਿਚਾਰ ਕਰਦਿਆਂ। **ਸੀਝਿਆ**—ਸਫ਼ਲਤਾ ਹੋ ਜਾਂਦੀ ਹੈ। **ਤਤੁ**—ਅਸਲੀਅਤ। **ਸੂਖਮੁ**—ਸਰਬ-ਵਿਆਪਕ ਜੋਤ। **ਅਸਥੂਲ**—ਮੋਟਾ, ਵਿਸਥਾਰ ਵਾਲਾ, ਦਿਸਦਾ ਜਗਤ।

ਅਰਥ : ਜਿਸ ਮਨੁੱਖ ਨੂੰ ਹਰੀ ਪ੍ਰਭੂ ਮਨ ਵਿਚ ਸਦਾ ਯਾਦ ਰਹਿੰਦਾ ਹੈ, ਉਹ ਸੰਤ ਹੈ, ਸੁਖੀ ਹੈ, ਉਹ ਕਦੇ ਘਾਬਰਦਾ ਨਹੀਂ।

ਜਿਸ ਮਨੁੱਖ ਉੱਤੇ ਪ੍ਰਭੂ ਆਪਣੀ ਮਿਹਰ ਕਰਦਾ ਹੈ, ਦੱਸੋ ਪ੍ਰਭੂ ਦਾ ਉਹ ਸੇਵਕ ਹੋਰ ਕਿਸ ਤੋਂ ਡਰ ਸਕਦਾ ਹੈ?

ਉਸ ਨੂੰ ਉਹ ਪ੍ਰਭੂ ਉਹੋ ਜਿਹਾ ਹੀ ਦਿੱਸ ਪੈਂਦਾ ਹੈ, ਜਿਹੋ ਜਿਹਾ ਉਹ ਅਸਲ ਵਿਚ ਹੈ। ਪ੍ਰਭੂ ਆਪਣੀ ਰਚੀ ਹੋਈ ਦੁਨੀਆਂ ਵਿਚ ਆਪ ਵਿਆਪਕ ਹੈ।

ਨਿੱਤ ਵਿਚਾਰ ਕਰਦਿਆਂ ਉਸ ਸੇਵਕ ਨੂੰ ਵਿਚਾਰ ਵਿਚ ਸਫ਼ਲਤਾ ਹੋ ਜਾਂਦੀ ਹੈ। ਗੁਰੂ ਦੀ ਕਿਰਪਾ ਨਾਲ ਉਸ ਨੂੰ ਸਾਰੀ ਅਸਲੀਅਤ ਦੀ ਸਮਝ ਆ ਜਾਂਦੀ ਹੈ।

ਹੇ ਨਾਨਕ! ਮੈਂ ਜਦੋਂ ਦੇਖਦਾ ਹਾਂ ਤਾਂ ਹਰੇਕ ਚੀਜ਼ ਉਸ ਸਭ ਦੇ ਮੁੱਢ-ਪ੍ਰਭੂ ਦਾ ਰੂਪ ਦਿਸਦੀ ਹੈ। ਇਹ ਦਿਸਦਾ ਸੰਸਾਰ ਵੀ ਉਹ ਆਪ ਹੈ, ਸਭ ਵਿਚ ਵਿਆਪਕ ਜੋਤ ਵੀ ਆਪ ਹੀ ਹੈ॥ ੫॥

ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤੁ ਆਪ ਹੀ ਕਰੈ॥
ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ॥ ਆਗਿਆਕਾਰੀ ਧਾਰੀ ਸਭ ਸ੍ਰਿਸਟਿ॥
ਆਪੇ ਆਪਿ ਸਗਲ ਮਹਿ ਆਪਿ॥ ਅਨਿਕ ਜੁਗਤਿ ਰਚਿ ਥਾਪਿ ਉਥਾਪਿ॥
ਅਬਿਨਾਸੀ ਨਾਹੀ ਕਿਛੁ ਖੰਡ॥ ਧਾਰਣ ਧਾਰਿ ਰਹਿਓ ਬ੍ਰਹਮੰਡ॥
ਅਲਖ ਅਭੇਵ ਪੁਰਖ ਪਰਤਾਪ॥ ਆਪਿ ਜਪਾਏ ਤ ਨਾਨਕ ਜਾਪ॥ ੬॥

ਪਦ ਅਰਥ : **ਚਲਿਤੁ**—ਤਮਾਸ਼ਾ। **ਆਵਨੁ ਜਾਵਨੁ**—ਜਨਮ ਮਰਨ। **ਦ੍ਰਿਸਟਿ**—ਦਿਸਦਾ ਜਗਤ (ਅਸਥੂਲ ਸੰਸਾਰ)। **ਅਨਦ੍ਰਿਸਟ**—ਨਾ-ਦਿਸਦਾ (ਸੂਖਮ) ਸੰਸਾਰ। **ਧਾਰੀ**—ਟਿਕਾਈ ਹੈ। **ਉਥਾਪਿ**—ਨਾਸ ਕਰਦਾ ਹੈ। **ਅਲਖ**—ਜੋ ਬਿਆਨ ਨਾ ਹੋ ਸਕੇ। **ਅਭੇਵ**—ਜਿਸਦਾ ਭੇਦ ਨਾ ਪਾਇਆ ਜਾ ਸਕੇ।

ਅਰਥ : ਨਾ ਕੁਝ ਜੰਮਦਾ ਹੈ, ਨਾ ਕੁਝ ਮਰਦਾ ਹੈ। ਇਹ ਤਾਂ ਪ੍ਰਭੂ ਆਪ ਹੀ ਖੇਲ ਕਰ ਰਿਹਾ ਹੈ।

ਜੰਮਣਾ, ਮਰਨਾ, ਦਿਸਦਾ ਤੇ ਅਣਦਿਸਦਾ, ਇਹ ਸੰਸਾਰ ਪ੍ਰਭੂ ਨੇ ਆਪਣੇ ਹੁਕਮ ਵਿਚ ਤੁਰਨ ਵਾਲਾ ਬਣਾ ਦਿੱਤਾ ਹੈ।

ਸਾਰੇ ਜੀਵਾਂ ਵਿਚ ਪ੍ਰਭੂ ਕੇਵਲ ਆਪ ਹੀ ਹੈ, ਅਨੇਕਾਂ ਤਰੀਕਿਆਂ ਨਾਲ ਜਗਤ ਨੂੰ ਬਣਾ ਬਣਾ ਕੇ ਨਾਸ ਵੀ ਕਰ ਦਿੰਦਾ ਹੈ।

ਪ੍ਰਭੂ ਆਪ ਅਬਿਨਾਸ਼ੀ ਹੈ, ਉਸ ਦਾ ਕੁਝ ਨਾਸ ਨਹੀਂ ਹੁੰਦਾ, ਸਾਰੇ ਬ੍ਰਹਿਮੰਡਾਂ ਦੀ ਰਚਨਾ ਵੀ ਆਪ ਹੀ ਕਰ ਰਿਹਾ ਹੈ।

ਉਸ ਵਿਆਪਕ ਪ੍ਰਭੂ ਦੇ ਪ੍ਰਤਾਪ ਦਾ ਭੇਦ ਨਹੀਂ ਪਾਇਆ ਜਾ ਸਕਦਾ, ਬਿਆਨ ਨਹੀਂ ਹੋ ਸਕਦਾ। ਹੇ ਨਾਨਕ! ਜੇ ਉਹ ਆਪ ਆਪਣਾ ਨਾਮ ਜਪਾਵੇ, ਤਾਂ ਹੀ ਜੀਵ ਜਪ ਸਕਦੇ ਹਨ॥ ੬॥

ਜਿਨ ਪ੍ਰਭੁ ਜਾਤਾ ਸੁ ਸੋਭਾਵੰਤ॥ ਸਗਲ ਸੰਸਾਰੁ ਉਧਰੈ ਤਿਨ ਮੰਤ॥
ਪ੍ਰਭ ਕੇ ਸੇਵਕ ਸਗਲ ਉਧਾਰਨ॥ ਪ੍ਰਭ ਕੇ ਸੇਵਕ ਦੂਖ ਬਿਸਾਰਨ॥
ਆਪੇ ਮੇਲਿ ਲਏ ਕਿਰਪਾਲ॥ ਗੁਰ ਕਾ ਸਬਦੁ ਜਪਿ ਭਏ ਨਿਹਾਲ॥
ਉਨ ਕੀ ਸੇਵਾ ਸੋਈ ਲਾਗੈ॥ ਜਿਸ ਨੋ ਕ੍ਰਿਪਾ ਕਰਹਿ ਬਡਭਾਗੈ॥
ਨਾਮੁ ਜਪਤ ਪਾਵਹਿ ਬਿਸ੍ਰਾਮੁ॥ ਨਾਨਕ ਤਿਨ ਪੁਰਖ ਕਉ ਊਤਮ ਕਰਿ ਮਾਨੁ॥ ੭॥

ਪਦ ਅਰਥ : **ਸਗਲ ਉਧਾਰਨ**—ਸਾਰਿਆਂ ਨੂੰ ਬਚਾਉਣ ਵਾਲਾ। **ਦੂਖ ਬਿਸਾਰਨ**—ਦੁੱਖਾਂ ਦਾ ਨਾਸ ਕਰਨ ਵਾਲਾ। **ਬਿਸ੍ਰਾਮੁ**—ਟਿਕਾਣਾ।

ਅਰਥ : ਜਿਨ੍ਹਾਂ ਬੰਦਿਆਂ ਨੇ ਪ੍ਰਭੂ ਨੂੰ ਪਛਾਣ ਲਿਆ ਉਹ ਸੋਭਾ ਵਾਲੇ ਹੋ ਗਏ। ਸਾਰਾ ਜਗਤ ਉਨ੍ਹਾਂ ਦੇ ਉਪਦੇਸ਼ਾਂ ਨਾਲ ਵਿਕਾਰਾਂ ਤੋਂ ਬਚਦਾ ਹੈ।

ਪ੍ਰਭੂ ਦੇ ਭਗਤ ਸਭ ਜੀਵਾਂ ਨੂੰ ਬਚਾਉਣ ਜੋਗੇ ਹਨ, ਸਭ ਦੇ ਦੁੱਖ ਦੂਰ ਕਰਨ ਦੇ ਸਮਰੱਥ ਹੁੰਦੇ ਹਨ।

ਆਪਣੇ ਸੇਵਕਾਂ ਨੂੰ ਕਿਰਪਾਲੂ ਪ੍ਰਭੂ ਆਪ ਆਪਣੇ ਨਾਲ ਮਿਲਾ ਲੈਂਦਾ ਹੈ, ਸਤਿਗੁਰੂ ਦਾ ਸ਼ਬਦ ਜਪ ਕੇ ਉਹ ਫੁੱਲ ਵਾਂਗ ਖਿੜ ਆਉਂਦੇ ਹਨ।

ਉਹੀ ਮਨੁੱਖ ਉਨ੍ਹਾਂ ਸੇਵਕਾਂ ਦੀ ਸੇਵਾ ਵਿਚ ਰੁੱਝਦਾ ਹੈ, ਜਿਸ ਭਾਗਾਂ ਵਾਲੇ ਉੱਤੇ ਹੇ ਪ੍ਰਭੂ! ਤੂੰ ਆਪ ਮਿਹਰ ਕਰਦਾ ਹੈਂ।

ਉਹ ਸੇਵਕ ਨਾਮ ਜਪ ਕੇ ਅਡੋਲ ਅਵਸਥਾ ਹਾਸਲ ਕਰਦੇ ਹਨ, ਹੇ ਨਾਨਕ! ਉਨ੍ਹਾਂ ਮਨੁੱਖਾਂ ਨੂੰ ਬੜੇ ਉੱਚੇ ਬੰਦੇ ਸਮਝੋ॥ ੭॥

ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ॥ ਸਦਾ ਸਦਾ ਬਸੈ ਹਰਿ ਸੰਗਿ॥
ਸਹਜ ਸੁਭਾਇ ਹੋਵੈ ਸੋ ਹੋਇ॥ ਕਰਣੈਹਾਰੁ ਪਛਾਣੈ ਸੋਇ॥

ਪ੍ਰਭ ਕਾ ਕੀਆ ਜਨ ਮੀਠ ਲਗਾਨਾ॥ ਜੈਸਾ ਸਾ ਤੈਸਾ ਦ੍ਰਿਸਟਾਨਾ॥
ਜਿਸ ਤੇ ਉਪਜੇ ਤਿਸੁ ਮਾਹਿ ਸਮਾਏ॥ ਓਇ ਸੁਖ ਨਿਧਾਨ ਉਨਹੂ ਬਨਿ ਆਏ॥
ਆਪਸ ਕਉ ਆਪਿ ਦੀਨੋ ਮਾਨੁ॥ ਨਾਨਕ ਪ੍ਰਭ ਜਨੁ ਏਕੋ ਜਾਨੁ॥ ੮॥ ੧੪॥

ਪਦ ਅਰਥ : ਰੰਗ—ਰਜ਼ਾ ਵਿਚ। ਸਹਜ ਸੁਭਾਇ—ਸੁਭਾਵਕ ਹੀ। ਦ੍ਰਿਸਟਾਨਾ—ਨਜ਼ਰ ਆਉਂਦਾ ਹੈ। ਉਪਜੇ—ਪੈਦਾ ਹੋਏ। ਸੁਖ ਨਿਧਾਨ—ਸੁਖਾਂ ਦੇ ਖਜ਼ਾਨੇ।

ਅਰਥ : ਪ੍ਰਭੂ ਦਾ ਸੇਵਕ ਹੀ ਪ੍ਰਭੂ ਦੀ ਹਜ਼ੂਰੀ ਵਿਚ ਵੱਸਦਾ ਹੈ ਤੇ ਜੋ ਕੁਝ ਕਰਦਾ ਹੈ ਪ੍ਰਭੂ ਦੀ ਰਜ਼ਾ ਵਿਚ ਰਹਿ ਕੇ ਕਰਦਾ ਹੈ।

ਸੁਭਾਵਕ (ਸੁਤੇ) ਹੀ ਜੋ ਕੁਝ ਹੁੰਦਾ ਹੈ, ਉਸ ਨੂੰ ਪ੍ਰਭੂ ਦਾ ਭਾਣਾ ਜਾਣਦਾ ਹੈ, ਅਤੇ ਸਭ ਕੁਝ ਕਰਨ ਵਾਲਾ ਪ੍ਰਭੂ ਨੂੰ ਹੀ ਸਮਝਦਾ ਹੈ।

ਹਰੀ ਦੇ ਸੇਵਕਾਂ ਨੂੰ ਹਰੀ ਦਾ ਕੀਤਾ ਹੋਇਆ ਮਿੱਠਾ ਲਗਦਾ ਹੈ ਕਿਉਂਕਿ ਪ੍ਰਭੂ ਜਿਹੋ ਜਿਹਾ ਸਰਬ ਵਿਆਪਕ ਹੈ, ਉਹੋ ਜਿਹਾ ਉਨ੍ਹਾਂ ਨੂੰ ਨਜ਼ਰੀਂ ਆਉਂਦਾ ਹੈ।

ਜਿਸ ਪ੍ਰਭੂ ਤੋਂ ਉਹ ਸੇਵਕ ਪੈਦਾ ਹੋਏ ਹਨ, ਉਸ ਵਿਚ ਲੀਨ ਰਹਿੰਦੇ ਹਨ, ਉਹ ਸੁਖਾਂ ਦਾ ਖਜ਼ਾਨਾ ਹੋ ਜਾਂਦੇ ਹਨ ਤੇ ਇਹ ਦਰਜਾ ਫਬਦਾ ਵੀ ਉਨ੍ਹਾਂ ਨੂੰ ਹੀ ਹੈ।

ਹੇ ਨਾਨਕ! ਹਰੀ ਤੇ ਹਰੀ ਦੇ ਸੇਵਕ ਨੂੰ ਇਕ ਰੂਪ ਸਮਝੋ। ਸੇਵਕ ਨੂੰ ਮਾਣ ਦੇ ਕੇ ਹਰੀ ਆਪਣੇ ਆਪ ਨੂੰ ਮਾਣ ਦਿੰਦਾ ਹੈ ਕਿਉਂਕਿ ਸੇਵਕ ਦਾ ਮਾਣ ਹਰੀ ਦਾ ਹੀ ਮਾਣ ਹੈ॥ ੮॥ ੧੪॥

ਸ਼ਬਦ ਉਚਾਰਨ : ਮਹਿਂ, ਗਾਹਿਂ, ਕਰਹਿਂ, ਬੋਲਹਿਂ, ਜਾਨਹੁਂ, ਮਾਨਿਆਂ, ਤਿਨਹਿਂ ਜਾਨਿਆਂ, ਨਹੀਂ, ਮਹਿਂ, ਦੇਖਉਂ, ਕਰਹਿਂ, ਪਾਵਹਿਂ ਬਿੰਦੀ ਸਹਿਤ ਉਚਾਰਣੇ ਹਨ।

॥ ਸਲੋਕੁ ॥

ਸਰਬ ਕਲਾ ਭਰਪੂਰ ਪ੍ਰਭ ਬਿਰਥਾ ਜਾਨਨਹਾਰ॥
ਜਾ ਕੈ ਸਿਮਰਨਿ ਉਧਰੀਐ ਨਾਨਕ ਤਿਸੁ ਬਲਿਹਾਰ॥ ੧॥

ਪਦ ਅਰਥ : ਕਲਾ—ਸ਼ਕਤੀ। ਭਰਪੂਰ—ਭਰਿਆ ਹੋਇਆ। ਬਿਰਥਾ—ਦੁੱਖ, ਦਰਦ। ਉਧਰੀਐ—ਵਿਕਾਰਾਂ ਤੋਂ ਬਚ ਜਾਈਦਾ ਹੈ।

ਅਰਥ : ਪ੍ਰਭੂ ਸਾਰੀਆਂ ਸ਼ਕਤੀਆਂ ਨਾਲ ਪੂਰਨ ਹੈ, ਸਭ ਜੀਵਾਂ ਦੇ ਦੁੱਖ, ਦਰਦ ਜਾਣਦਾ ਹੈ। ਹੇ ਨਾਨਕ! ਜਿਸ ਐਸੇ ਪ੍ਰਭੂ ਦੇ ਸਿਮਰਨ ਨਾਲ ਵਿਕਾਰਾਂ ਤੋਂ ਬਚ ਸਕੀਦਾ ਹੈ, ਉਸ ਤੋਂ ਸਦਾ ਸਦਕੇ ਜਾਈਏ॥ ੧॥

ਅਸਟਪਦੀ॥

ਟੂਟੀ ਗਾਢਨਹਾਰ ਗੁੋਪਾਲ॥ ਸਰਬ ਜੀਆ ਆਪੇ ਪ੍ਰਤਿਪਾਲ॥
ਸਗਲ ਕੀ ਚਿੰਤਾ ਜਿਸੁ ਮਨ ਮਾਹਿ॥ ਤਿਸ ਤੇ ਬਿਰਥਾ ਕੋਈ ਨਾਹਿ॥

ਰੇ ਮਨ ਮੇਰੇ ਸਦਾ ਹਰਿ ਜਾਪਿ ॥ ਅਬਿਨਾਸੀ ਪ੍ਰਭੁ ਆਪੇ ਆਪਿ ॥
ਆਪਨ ਕੀਆ ਕਛੂ ਨ ਹੋਇ ॥ ਜੇ ਸਉ ਪ੍ਰਾਨੀ ਲੋਚੈ ਕੋਇ ॥
ਤਿਸੁ ਬਿਨੁ ਨਾਹੀ ਤੇਰੈ ਕਿਛੁ ਕਾਮਿ ॥ ਗਤਿ ਨਾਨਕ ਜਪਿ ਏਕ ਹਰਿ ਨਾਮ ॥ ੧ ॥

ਪਦ ਅਰਥ : ਬਿਰਥਾ—ਖਾਲੀ, ਨਾ-ਉਮੀਦ। ਆਪਨ ਕੀਆ—ਮਨੁੱਖ ਦੇ ਆਪਣੇ ਬਲ ਨਾਲ ਕੀਤਾ ਹੋਇਆ। ਸਉ—ਸੌ ਵਾਰੀ। ਗਤਿ—ਮੁਕਤੀ, ਉੱਚੀ ਆਤਮਿਕ ਅਵੱਸਥਾ।

ਅਰਥ : ਸਾਰੇ ਜੀਵਾਂ ਦੀ ਪਾਲਣਾ ਕਰਨ ਵਾਲਾ ਗੋਪਾਲ (ਪ੍ਰਭੂ) ਆਪ ਹੈ। ਜੀਵਾਂ ਦੇ ਦਿਲ ਦੀ ਟੁੱਟੀ ਹੋਈ ਤਾਰ ਨੂੰ ਆਪਣੇ ਨਾਲ ਗੰਢਣ ਵਾਲਾ ਵੀ ਆਪ ਹੈ।

ਜਿਸ ਪ੍ਰਭੂ ਨੂੰ ਆਪਣੇ ਮਨ ਵਿਚ ਸਾਰਿਆਂ ਦੀ ਰੋਜ਼ੀ ਦਾ ਫਿਕਰ ਹੈ, ਉਸ ਦੇ ਦਰ ਤੋਂ ਕੋਈ ਨਿਰਾਸਾ ਨਹੀਂ ਮੁੜਦਾ।

ਹੇ ਮੇਰੇ ਮਨ! ਸਦਾ ਪ੍ਰਭੂ ਨੂੰ ਜਪ, ਉਹ ਨਾਸ-ਰਹਿਤ ਹੈ, ਆਪਣੇ ਜਿਹਾ ਆਪ ਹੀ ਹੈ।

ਜੇ ਕੋਈ ਪ੍ਰਾਣੀ ਸੌ ਵਾਰੀ ਤਾਂਘ ਕਰੇ ਤਾਂ ਵੀ ਪ੍ਰਾਣੀ ਦਾ ਆਪਣੇ ਜਤਨ ਨਾਲ ਕੀਤਾ ਹੋਇਆ ਕਾਰਜ ਸਿਰੇ ਨਹੀਂ ਚੜ੍ਹਦਾ।

ਹੇ ਨਾਨਕ! ਇਕ ਪ੍ਰਭੂ ਦਾ ਨਾਮ ਜਪ ਤਾਂ ਹੀ ਗਤਿ (ਉੱਚੀ ਆਤਮਿਕ ਅਵਸਥਾ) ਹੋਵੇਗੀ। ਉਸ ਪ੍ਰਭੂ ਤੋਂ ਬਿਨਾਂ ਹੋਰ ਕੋਈ ਚੀਜ਼ ਤੇਰੇ ਅਸਲੀ ਕੰਮ ਦੀ ਨਹੀਂ ਹੈ॥ ੧॥

ਰੂਪਵੰਤੁ ਹੋਇ ਨਾਹੀ ਮੋਹੈ ॥ ਪ੍ਰਭ ਕੀ ਜੋਤਿ ਸਗਲ ਘਟ ਸੋਹੈ ॥
ਧਨਵੰਤਾ ਹੋਇ ਕਿਆ ਕੋ ਗਰਬੈ ॥ ਜਾ ਸਭੁ ਕਿਛੁ ਤਿਸ ਕਾ ਦੀਆ ਦਰਬੈ ॥
ਅਤਿ ਸੂਰਾ ਜੇ ਕੋਊ ਕਹਾਵੈ ॥ ਪ੍ਰਭ ਕੀ ਕਲਾ ਬਿਨਾ ਕਹ ਧਾਵੈ ॥
ਜੇ ਕੋ ਹੋਇ ਬਹੈ ਦਾਤਾਰੁ ॥ ਤਿਸੁ ਦੇਨਹਾਰੁ ਜਾਨੈ ਗਾਵਾਰੁ ॥
ਜਿਸੁ ਗੁਰ ਪ੍ਰਸਾਦਿ ਤੂਟੈ ਹਉ ਰੋਗੁ ॥ ਨਾਨਕ ਸੋ ਜਨੁ ਸਦਾ ਅਰੋਗੁ ॥ ੨ ॥

ਪਦ ਅਰਥ : ਨਾਹੀ ਮੋਹੈ—ਮੋਹ ਨਾ ਕਰੇ। ਘਟ—ਸਰੀਰ। ਗਰਬੈ—ਅਹੰਕਾਰ ਕਰੇ। ਦਰਬੈ—ਧਨ। ਸੂਰਾ—ਸੂਰਮਾ। ਕਹਾਵੈ—ਅਖਵਾਏ। ਧਾਵੈ—ਦੌੜੇ। ਗਾਵਾਰੁ—ਗੰਵਾਰ, ਮੂਰਖ। ਹਉ ਰੋਗੁ—ਅਹੰਕਾਰ ਰੂਪੀ ਬੀਮਾਰੀ। ਅਰੋਗ—ਤੰਦਰੁਸਤ।

ਅਰਥ : ਰੂਪ ਵਾਲਾ ਹੋ ਕੇ ਕੋਈ ਪ੍ਰਾਣੀ ਰੂਪ ਦਾ ਮਾਣ ਨਾ ਕਰੇ ਕਿਉਂਕਿ ਸਾਰੇ ਸਰੀਰਾਂ ਵਿਚ ਪ੍ਰਭੂ ਦੀ ਹੀ ਜੋਤਿ ਸੋਭਦੀ ਹੈ।

ਧਨ ਵਾਲਾ ਹੋ ਕੇ ਕੋਈ ਮਨੁੱਖ ਕੀ ਅਹੰਕਾਰ ਕਰੇ, ਜਦੋਂ ਸਾਰਾ ਧਨ ਉਸ ਪ੍ਰਭੂ ਦਾ ਹੀ ਬਖਸ਼ਿਆ ਹੋਇਆ ਹੈ?

ਜੇ ਕੋਈ ਮਨੁੱਖ ਆਪਣੇ ਆਪ ਨੂੰ ਬੜਾ ਸੂਰਮਾ ਅਖਵਾਏ ਤਾਂ ਜ਼ਰਾ ਇਹ ਤਾਂ ਸੋਚੋ ਕਿ ਪ੍ਰਭੂ ਦੀ ਦਿੱਤੀ ਹੋਈ ਤਾਕਤ ਤੋਂ ਬਿਨਾਂ ਕਿਥੇ ਦੌੜ ਸਕਦਾ ਹੈ?

ਜੇ ਕੋਈ ਬੰਦਾ ਧਨਾਢ ਹੋ ਕੇ ਦਾਤਾ ਬਣ ਬੈਠੇ ਤਾਂ ਉਹ ਮੂਰਖ ਉਸ ਪ੍ਰਭੂ ਨੂੰ ਪਛਾਣੇ ਜੋ ਸਭ ਜੀਵਾਂ ਨੂੰ ਦੇਣ ਜੋਗਾ ਹੈ।

ਹੇ ਨਾਨਕ! ਉਹ ਮਨੁੱਖ ਸਦਾ ਨਰੋਆ ਹੈ, ਜਿਸ ਦਾ ਅਹੰਕਾਰ ਰੂਪੀ ਰੋਗ ਗੁਰੂ ਦੀ ਕਿਰਪਾ ਨਾਲ ਦੂਰ ਹੁੰਦਾ ਹੈ॥ ੨॥

ਜਿਉ ਮੰਦਰ ਕਉ ਥਾਮੈ ਥੰਮਨੁ ॥ ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥
ਜਿਉ ਪਾਖਾਣੁ ਨਾਵ ਚੜਿ ਤਰੈ ॥ ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ ॥
ਜਿਉ ਅੰਧਕਾਰ ਦੀਪਕ ਪਰਗਾਸੁ ॥ ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ ॥
ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ ॥ ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ ॥
ਤਿਨ ਸੰਤਨ ਕੀ ਬਾਛਉ ਧੂਰਿ ॥ ਨਾਨਕ ਕੀ ਹਰਿ ਲੋਚਾ ਪੂਰਿ ॥ ੩ ॥

ਪਦ ਅਰਥ : ਮੰਦਰ—ਘਰ। ਥਾਮੈ—ਥੰਮ੍ਹਦਾ ਹੈ। ਥੰਮਨੁ—ਥੰਮ੍ਹ। ਅਸਥੰਮਨੁ—ਸੋਹਣਾ ਥੰਮ੍ਹ। ਪਾਖਾਣੁ—ਪੱਥਰ। ਨਾਵ—ਬੇੜੀ। ਅੰਧਕਾਰ—ਹਨੇਰਾ। ਦੀਪਕ—ਦੀਵਾ। ਪਰਗਾਸੁ—ਚਾਨਣ। ਬਿਗਾਸੁ—ਖਿੜਾਉ। ਉਦਿਆਨ—ਜੰਗਲ। ਮਾਰਗੁ—ਰਸਤਾ। ਬਾਛਉ—ਚਾਹੁੰਦਾ ਹਾਂ। ਧੂਰਿ—ਧੂੜ। ਲੋਚਾ—ਖਾਹਸ਼।

ਅਰਥ : ਜਿਵੇਂ ਘਰ ਦੀ ਛੱਤ ਨੂੰ ਥੰਮ੍ਹ ਸਹਾਰਾ ਦਿੰਦਾ ਹੈ, ਤਿਵੇਂ ਗੁਰੂ ਦਾ ਸ਼ਬਦ ਮਨ ਦਾ ਸਹਾਰਾ ਹੈ।

ਜਿਵੇਂ ਪੱਥਰ ਬੇੜੀ ਵਿਚ ਚੜ੍ਹ ਕੇ ਨਦੀ ਤੋਂ ਪਾਰ ਲੰਘ ਜਾਂਦਾ ਹੈ, ਤਿਵੇਂ ਗੁਰੂ ਚਰਨੀਂ ਲੱਗਾ ਹੋਇਆ ਮਨੁੱਖ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ।

ਜਿਵੇਂ ਦੀਵਾ ਹਨੇਰਾ ਦੂਰ ਕਰਕੇ ਚਾਨਣ ਕਰ ਦਿੰਦਾ ਹੈ, ਤਿਵੇਂ ਗੁਰੂ ਦਾ ਦਰਸ਼ਨ ਕਰਕੇ ਮਨ ਵਿਚ ਖਿੜਾਉ ਪੈਦਾ ਹੋ ਜਾਂਦਾ ਹੈ।

ਜਿਵੇਂ ਕਿਸੇ ਵੱਡੇ ਜੰਗਲ ਵਿਚ ਖੁੰਝੇ ਹੋਏ ਨੂੰ ਰਾਹ ਲੱਭ ਪਵੇ, ਤਿਵੇਂ ਸਾਧੂ ਦੀ ਸੰਗਤ ਵਿਚ ਬੈਠਿਆਂ ਪ੍ਰਭੂ ਦੀ ਜੋਤਿ ਮਨੁੱਖ ਦੇ ਅੰਦਰ ਪ੍ਰਗਟ ਹੋ ਜਾਂਦੀ ਹੈ।

ਮੈਂ ਉਨ੍ਹਾਂ ਸੰਤਾਂ ਦੇ ਚਰਨਾਂ ਦੀ ਧੂੜ ਮੰਗਦਾ ਹਾਂ। ਹੇ ਪ੍ਰਭੂ! ਨਾਨਕ ਦੀ ਇਹ ਖਾਹਸ਼ ਪੂਰੀ ਕਰ॥ ੩॥

ਮਨ ਮੂਰਖ ਕਾਹੇ ਬਿਲਲਾਈਐ ॥ ਪੁਰਬ ਲਿਖੇ ਕਾ ਲਿਖਿਆ ਪਾਈਐ ॥
ਦੂਖ ਸੂਖ ਪ੍ਰਭ ਦੇਵਨਹਾਰੁ ॥ ਅਵਰ ਤਿਆਗਿ ਤੂ ਤਿਸਹਿ ਚਿਤਾਰੁ ॥
ਜੋ ਕਛੁ ਕਰੈ ਸੋਈ ਸੁਖੁ ਮਾਨੁ ॥ ਭੂਲਾ ਕਾਹੇ ਫਿਰਹਿ ਅਜਾਨ ॥
ਕਉਨ ਬਸਤੁ ਆਈ ਤੇਰੈ ਸੰਗ ॥ ਲਪਟਿ ਰਹਿਓ ਰਸਿ ਲੋਭੀ ਪਤੰਗ ॥
ਰਾਮ ਨਾਮ ਜਪਿ ਹਿਰਦੇ ਮਾਹਿ ॥ ਨਾਨਕ ਪਤਿ ਸੇਤੀ ਘਰਿ ਜਾਹਿ ॥ ੪ ॥

ਪਦ ਅਰਥ : ਬਿਲਲਾਈਐ—ਵਿਲਕੀਏ। ਪੁਰਬ ਲਿਖੇ ਕਾ— ਪਹਿਲੇ ਸਮੇਂ ਦੇ ਕੀਤੇ ਕਰਮਾਂ ਦਾ। ਬਸਤੁ—ਚੀਜ਼। ਰਸਿ—ਸੁਆਦ ਵਿਚ। ਪਤਿ ਸੇਤੀ—ਇੱਜ਼ਤ ਨਾਲ।

ਅਰਥ : ਹੇ ਮੂਰਖ ਮਨ! ਦੁੱਖ ਮਿਲਣ 'ਤੇ ਕਿਉਂ ਵਿਲਕਦਾ ਹੈਂ? ਪਿਛਲੇ ਬੀਜੇ ਦਾ ਫਲ ਹੀ ਖਾਣਾ ਪੈਂਦਾ ਹੈ।

ਦੁੱਖ ਸੁਖ ਦੇਣ ਵਾਲਾ ਪ੍ਰਭੂ ਆਪ ਹੈ ਤਾਂ ਤੇ ਹੋਰ ਸਾਰੇ ਆਸਰੇ ਛੱਡ ਕੇ ਤੂੰ ਉਸ ਨੂੰ ਯਾਦ ਕਰ।

ਹੇ ਅੰਞਾਣ! ਕਿਉਂ ਭੁੱਲਿਆ ਫਿਰਦਾ ਹੈਂ; ਜੋ ਕੁਝ ਪ੍ਰਭੂ ਕਰਦਾ ਹੈ ਉਸੇ ਨੂੰ ਸੁਖ ਸਮਝ।

ਹੇ ਲੋਭੀ ਪਤੰਗੇ! ਤੂੰ ਮਾਇਆ ਦੇ ਸੁਆਦ ਵਿਚ ਮਸਤ ਹੋ ਰਿਹਾ ਹੈਂ, ਦੱਸ ਕਿਹੜੀ ਚੀਜ਼ ਤੇਰੇ ਨਾਲ ਆਈ ਸੀ?

ਹੇ ਨਾਨਕ! ਹਿਰਦੇ ਵਿਚ ਪ੍ਰਭੂ ਦਾ ਨਾਮ ਜਪ, ਇਸ ਤਰ੍ਹਾਂ ਇੱਜ਼ਤ ਨਾਲ ਪਰਲੋਕ ਵਾਲੇ ਘਰ ਵਿਚ ਜਾਵੇਂਗਾ॥ ੪॥

ਜਿਸੁ ਵਖਰ ਕਉ ਲੈਨਿ ਤੂ ਆਇਆ॥ ਰਾਮ ਨਾਮੁ ਸੰਤਨ ਘਰਿ ਪਾਇਆ॥
ਤਜਿ ਅਭਿਮਾਨੁ ਲੇਹੁ ਮਨ ਮੋਲਿ॥ ਰਾਮ ਨਾਮੁ ਹਿਰਦੇ ਮਹਿ ਤੋਲਿ॥
ਲਾਦਿ ਖੇਪ ਸੰਤਹ ਸੰਗਿ ਚਾਲੁ॥ ਅਵਰ ਤਿਆਗਿ ਬਿਖਿਆ ਜੰਜਾਲ॥
ਧੰਨਿ ਧੰਨਿ ਕਹੈ ਸਭੁ ਕੋਇ॥ ਮੁਖ ਊਜਲ ਹਰਿ ਦਰਗਹ ਸੋਇ॥
ਇਹੁ ਵਾਪਾਰੁ ਵਿਰਲਾ ਵਾਪਾਰੈ॥ ਨਾਨਕ ਤਾ ਕੈ ਸਦ ਬਲਿਹਾਰੈ॥ ੫॥

ਪਦ ਅਰਥ : ਵਖਰ—ਸੌਦਾ। ਤਜਿ—ਛੱਡ ਕੇ। ਤੋਲਿ—ਜਾਂਚ। ਖੇਪ—ਵਪਾਰ ਵਾਸਤੇ ਲੈ ਜਾਣ ਵਾਲਾ ਸੌਦਾ। ਬਿਖਿਆ—ਮਾਇਆ। ਜੰਜਾਲ—ਧੰਦੇ।

ਅਰਥ : ਹੇ ਭਾਈ! ਜਿਹੜਾ ਸੌਦਾ ਖਰੀਦਣ ਵਾਸਤੇ ਤੂੰ ਦੁਨੀਆਂ ਵਿਚ ਆਇਆ ਹੈਂ, ਉਹ ਰਾਮ ਨਾਮ-ਰੂਪੀ ਸੌਦਾ ਸੰਤਾਂ ਦੇ ਘਰ ਵਿਚ ਮਿਲਦਾ ਹੈ।

ਇਸ ਵਾਸਤੇ ਅਹੰਕਾਰ ਛੱਡ ਦੇ ਤੇ ਮਨ ਦੇ ਕੇ ਇਹ ਸੌਦਾ ਖਰੀਦ ਲੈ ਅਤੇ ਪ੍ਰਭੂ ਦਾ ਨਾਮ ਹਿਰਦੇ ਰੂਪ ਤੱਕੜੀ ਵਿਚ ਤੋਲ ਕੇ ਲੈ ਲੈ।

ਸੰਤਾਂ ਦੇ ਸੰਗ ਤੁਰ ਤੇ ਰਾਮ ਨਾਮ ਦਾ ਇਹ ਸੌਦਾ ਲੱਦ ਲੈ, ਮਾਇਆ ਦੇ ਹੋਰ ਧੰਧੇ ਛੱਡ ਦੇ।

ਜੇ ਇਹ ਉਦਮ ਕਰੇਂਗਾ ਤਾਂ ਹਰੇਕ ਜੀਵ ਤੈਨੂੰ ਸ਼ਾਬਾਸ਼ੇ ਆਖੇਗਾ ਤੇ ਪ੍ਰਭੂ ਦੀ ਦਰਗਾਹ ਵਿਚ ਵੀ ਤੇਰਾ ਮੂੰਹ ਉਜਲਾ ਹੋਵੇਗਾ।

ਪਰ ਇਹ ਵਾਪਾਰ ਕੋਈ ਵਿਰਲਾ ਬੰਦਾ ਕਰਦਾ ਹੈ। ਹੇ ਨਾਨਕ! ਅਜਿਹੇ ਵਪਾਰੀ ਤੋਂ ਸਦਾ ਸਦਕੇ ਜਾਈਏ।

ਚਰਨ ਸਾਧ ਕੇ ਧੋਇ ਧੋਇ ਪੀਉ॥ ਅਰਪਿ ਸਾਧ ਕਉ ਅਪਨਾ ਜੀਉ॥
ਸਾਧ ਕੀ ਧੂਰਿ ਕਰਹੁ ਇਸਨਾਨੁ॥ ਸਾਧ ਊਪਰਿ ਜਾਈਐ ਕੁਰਬਾਨੁ॥
ਸਾਧ ਸੇਵਾ ਵਡਭਾਗੀ ਪਾਈਐ॥ ਸਾਧ ਸੰਗਿ ਹਰਿ ਕੀਰਤਨੁ ਗਾਈਐ॥

ਅਨਿਕ ਬਿਘਨ ਤੇ ਸਾਧੂ ਰਾਖੈ॥ ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ॥
ਓਟ ਗਹੀ ਸੰਤਹ ਦਰਿ ਆਇਆ॥ ਸਰਬ ਸੂਖ ਨਾਨਕ ਤਿਹ ਪਾਇਆ॥ ੬॥

ਪਦ ਅਰਥ : ਅਰਪਿ—ਹਵਾਲੇ ਕਰ ਦੇ। ਜੀਉ—ਜਿੰਦ। ਧੂਰਿ—ਚਰਨ ਧੂੜ। ਓਟ—ਆਸਰਾ। ਗਹੀ—ਫੜੀ।

ਅਰਥ : ਹੇ ਭਾਈ! ਸਾਧੂ ਜਨਾਂ ਦੇ ਪੈਰ ਧੋ ਧੋ ਕੇ ਨਾਮ ਜਲ ਪੀ, ਸਾਧ-ਜਨ ਤੋਂ ਆਪਣੀ ਜਾਨ ਵੀ ਵਾਰ ਦੇ।

ਗੁਰਮੁਖ-ਜਨ ਦੇ ਪੈਰਾਂ ਦੀ ਧੂੜ ਵਿਚ ਇਸ਼ਨਾਨ ਕਰ, ਗੁਰਮੁਖ ਤੋਂ ਸਦਕੇ ਹੋ।

ਗੁਰਮੁਖ ਦੀ ਸੇਵਾ ਵੱਡੇ ਭਾਗਾਂ ਨਾਲ ਮਿਲਦੀ ਹੈ। ਗੁਰਮੁਖ (ਸਾਧ) ਦੀ ਸੰਗਤ ਵਿਚ ਹੀ ਪ੍ਰਭੂ ਦੀ ਸਿਫਤ-ਸਲਾਹ ਕੀਤੀ ਜਾ ਸਕਦੀ ਹੈ।

ਅਨੇਕਾਂ ਔਕੜਾਂ ਜੋ ਆਤਮਕ ਜੀਵਨ ਵਿਚ ਆਉਂਦੀਆਂ ਹਨ, ਸਾਧੂ-ਜਨ ਉਨ੍ਹਾਂ ਤੋਂ ਬਚਾ ਲੈਂਦਾ ਹੈ। ਉਹ ਪ੍ਰਭੂ ਦੇ ਗੁਣ ਗਾ ਕੇ ਨਾਮ-ਅੰਮ੍ਰਿਤ ਦਾ ਸੁਆਦ ਮਾਣਦਾ ਹੈ।

ਜਿਸ ਮਨੁੱਖ ਨੇ ਸੰਤਾਂ ਦਾ ਆਸਰਾ ਫੜਿਆ ਹੈ, ਜੋ ਸੰਤਾਂ ਦੇ ਦਰ 'ਤੇ ਆ ਡਿੱਗਾ ਹੈ, ਉਸ ਨੇ ਹੇ ਨਾਨਕ! ਸਾਰੇ ਸੁਖ ਪਾ ਲਏ ਹਨ॥ ੬॥

ਮਿਰਤਕ ਕਉ ਜੀਵਾਲਨਹਾਰ॥ ਭੂਖੇ ਕਉ ਦੇਵਤ ਅਧਾਰ॥
ਸਰਬ ਨਿਧਾਨ ਜਾ ਕੀ ਦ੍ਰਿਸਟੀ ਮਾਹਿ॥ ਪੁਰਬ ਲਿਖੇ ਕਾ ਲਹਣਾ ਪਾਹਿ॥
ਸਭੁ ਕਿਛੁ ਤਿਸ ਕਾ ਓਹੁ ਕਰਨੈ ਜੋਗੁ॥ ਤਿਸੁ ਬਿਨੁ ਦੂਸਰ ਹੋਆ ਨ ਹੋਗੁ॥
ਜਪਿ ਜਨ ਸਦਾ ਸਦਾ ਦਿਨੁ ਰੈਣੀ॥ ਸਭ ਤੇ ਊਚ ਨਿਰਮਲ ਇਹ ਕਰਣੀ॥
ਕਰਿ ਕਿਰਪਾ ਜਿਸ ਕਉ ਨਾਮੁ ਦੀਆ॥ ਨਾਨਕ ਸੋ ਜਨੁ ਨਿਰਮਲੁ ਥੀਆ॥ ੭॥

ਪਦ ਅਰਥ : ਮਿਰਤਕ—ਆਤਮਕ ਜੀਵਨ ਵਲੋਂ ਮੁਰਦਾ। ਭੂਖੇ—ਲਾਲਚੀ। ਅਧਾਰ—ਆਸਰਾ। ਨਿਧਾਨ—ਖਜ਼ਾਨੇ। ਪੁਰਬ ਲਿਖੇ ਕਾ—ਪਿਛਲੇ ਸਮੇਂ ਦੇ ਕੀਤੇ ਕੰਮਾਂ ਦਾ। ਲਹਣਾ—ਫਲ। ਰੈਣੀ—ਰਾਤ। ਕਰਣੀ—ਆਚਰਨ।

ਅਰਥ : ਪ੍ਰਭੂ ਮੋਏ ਹੋਏ ਬੰਦੇ ਨੂੰ ਜਿਵਾਲਣ ਯੋਗ ਹੈ, ਭੁੱਖੇ ਨੂੰ ਵੀ ਆਸਰਾ ਦਿੰਦਾ ਹੈ।

ਸਾਰੇ ਖਜ਼ਾਨੇ ਉਸ ਮਾਲਕ ਦੀ ਨਜ਼ਰ ਵਿਚ ਹਨ, ਪਰ ਜੀਵ ਆਪਣੇ ਪਿਛਲੇ ਕੀਤੇ ਕਰਮਾਂ ਦਾ ਫਲ ਭੋਗਦੇ ਹਨ।

ਸਭ ਕੁਝ ਉਸ ਪ੍ਰਭੂ ਦਾ ਹੀ ਹੈ ਤੇ ਉਹੀ ਸਭ ਕੁਝ ਕਰਨ ਦੇ ਸਮਰੱਥ ਹੈ, ਉਸ ਤੋਂ ਬਿਨਾਂ ਕੋਈ ਦੂਜਾ ਨਾ ਹੈ ਤੇ ਨਾ ਹੋਵੇਗਾ।

ਹੇ ਜਨ! ਸਦਾ ਹੀ ਦਿਨ ਰਾਤ ਪਰਮਾਤਮਾ ਨੂੰ ਯਾਦ ਕਰ, ਹੋਰ ਸਾਰੇ ਕੰਮਾਂ ਨਾਲੋਂ ਇਹੋ ਹੀ ਕੰਮ ਉੱਚਾ ਤੇ ਸੁੱਚਾ ਹੈ।

ਮਿਹਰ ਕਰਕੇ ਜਿਸ ਮਨੁੱਖ ਨੂੰ, ਪ੍ਰਭੂ, ਨਾਮ ਬਖ਼ਸ਼ਦਾ ਹੈ। ਹੇ ਨਾਨਕ! ਉਹ ਮਨੁੱਖ ਪਵਿੱਤਰ ਹੋ ਜਾਂਦਾ ਹੈ॥ ੭॥

ਜਾ ਕੈ ਮਨਿ ਗੁਰ ਕੀ ਪਰਤੀਤਿ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥
ਭਗਤੁ ਭਗਤੁ ਸੁਨੀਐ ਤਿਹੁ ਲੋਇ॥ ਜਾ ਕੈ ਹਿਰਦੈ ਏਕੋ ਹੋਇ॥
ਸਚੁ ਕਰਣੀ ਸਚੁ ਤਾ ਕੀ ਰਹਤ॥ ਸਚੁ ਹਿਰਦੈ ਸਤਿ ਮੁਖਿ ਕਹਤ॥
ਸਾਚੀ ਦ੍ਰਿਸਟਿ ਸਾਚਾ ਆਕਾਰੁ॥ ਸਚੁ ਵਰਤੈ ਸਾਚਾ ਪਾਸਾਰੁ॥
ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ॥ ਨਾਨਕ ਸੋ ਜਨੁ ਸਚਿ ਸਮਾਤਾ॥ ੮॥ ੧੫॥

ਪਦ ਅਰਥ : **ਪਰਤੀਤਿ**—ਸ਼ਰਧਾ। **ਤਿਹੁ ਲੋਇ**—ਤਿੰਨਾਂ ਲੋਕਾਂ ਵਿਚ। **ਰਹਤ**—ਅਮਲੀ ਜੀਵਨ ਦੇ ਅਸੂਲ। **ਮੁਖਿ**—ਮੂੰਹ ਤੋਂ। **ਦ੍ਰਿਸਟਿ**—ਨਜ਼ਰ। **ਆਕਾਰੁ**—ਦ੍ਰਿਸ਼ਟਮਾਨ ਜਗਤ। **ਵਰਤੈ**—ਮੌਜੂਦ ਹੈ। **ਪਾਸਾਰੁ**—ਖਿਲਾਰਾ।

ਅਰਥ : ਜਿਸ ਮਨੁੱਖ ਦੇ ਮਨ ਵਿਚ ਸਤਿਗੁਰੂ ਦੀ ਸ਼ਰਧਾ ਬਣ ਗਈ ਹੈ, ਉਸ ਦੇ ਚਿਤ ਵਿਚ ਪ੍ਰਭੂ ਟਿਕ ਜਾਂਦਾ ਹੈ (ਪ੍ਰਭੂ ਦੀ ਯਾਦ ਵੱਸ ਜਾਂਦੀ ਹੈ)।

ਜਿਸ ਦੇ ਹਿਰਦੇ ਵਿਚ ਪ੍ਰਭੂ ਟਿਕ ਜਾਂਦਾ ਹੈ, ਉਹ ਮਨੁੱਖ ਸਾਰੇ ਸੰਸਾਰ ਵਿਚ ਭਗਤ ਭਗਤ ਕਰਕੇ ਸੁਣੀਂਦਾ ਹੈ।

ਉਸ ਦਾ ਅਮਲੀ ਜੀਵਨ ਤੇ ਜੀਵਨ ਦੇ ਅਸੂਲ ਇਕ ਰਸ ਹਨ। ਸੱਚਾ ਪ੍ਰਭੂ ਉਸਦੇ ਹਿਰਦੇ ਵਿਚ ਹੈ ਤੇ ਉਹ ਪ੍ਰਭੂ ਦਾ ਨਾਮ ਹੀ ਮੂੰਹੋਂ ਉਚਾਰਦਾ ਹੈ।

ਉਸ ਮਨੁੱਖ ਦੀ ਨਜ਼ਰ ਸੱਚੇ ਪ੍ਰਭੂ ਦੇ ਰੰਗ ਵਿਚ ਰੰਗੀ ਹੋਈ ਹੈ, ਇਸੇ ਹੀ ਕਰਕੇ ਸਾਰਾ ਦ੍ਰਿਸ਼ਟਮਾਨ (ਦਿਸਦਾ) ਸੰਸਾਰ ਉਸ ਨੂੰ ਪ੍ਰਭੂ ਦਾ ਰੂਪ ਦਿਸਦਾ ਹੈ, ਪ੍ਰਭੂ ਹੀ ਸਭ ਥਾਈਂ ਮੌਜੂਦ ਦਿਸਦਾ ਹੈ ਅਤੇ ਪ੍ਰਭੂ ਦਾ ਸਾਰਾ ਖਿਲਾਰਾ ਦਿਸਦਾ ਹੈ।

ਜਿਸ ਮਨੁੱਖ ਨੇ ਪਰਮਾਤਮਾ ਨੂੰ ਸਦਾ ਥਿਰ ਰਹਿਣ ਵਾਲਾ ਸਮਝਿਆ ਹੈ, ਹੇ ਨਾਨਕ! ਉਹ ਮਨੁੱਖ ਸਦਾ ਉਸ ਥਿਰ ਰਹਿਣ ਵਾਲੇ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ॥ ੮॥ ੧੫॥

ਸ਼ਬਦ ਉਚਾਰਨ : ਜੀਆਂ, ਮਹਿੰ, ਨਾਹਿੰ, ਜਿਉਂ, ਤਿਉਂ, ਮਨਹਿੰ, ਮਹਾਂ, ਬਾਂਛਉਂ, ਤਿਸਹਿੰ, ਫਿਰਹਿੰ, ਮਾਹਿੰ, ਜਾਹਿੰ, ਵਡਭਾਗੀਂ, ਸੰਤਹੰ, ਜਾਂ ਕੈ, ਤਿਹੁੰ, ਤਾਂ ਕੀ।

॥ ਸਲੋਕੁ ॥

ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥
ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥ ੧॥

ਪਦ ਅਰਥ : **ਰੇਖ**—ਚਿਹਨ ਚੱਕਰ। **ਤ੍ਰਿਹੁ ਗੁਣ ਤੇ**—ਮਾਇਆ ਦੇ ਤਿੰਨਾਂ ਗੁਣਾਂ

ਤੋਂ। ਭਿੰਨ—ਵੱਖਰਾ। ਬੁਝਾਏ—ਸਮਝਾ ਦੇਂਦਾ ਹੈ। ਸੁਪ੍ਰਸੰਨ—ਖੁਸ਼।

ਅਰਥ : ਪ੍ਰਭੂ ਦਾ ਨਾ ਕੋਈ ਰੂਪ ਹੈ, ਨਾ ਚਿਹਨ-ਚੱਕਰ ਅਤੇ ਨਾ ਕੋਈ ਰੰਗ। ਪ੍ਰਭੂ ਮਾਇਆ ਦੇ ਤਿੰਨਾਂ ਗੁਣਾਂ ਤੋਂ ਵੱਖਰਾ ਹੈ। ਹੇ ਨਾਨਕ! ਪ੍ਰਭੂ ਆਪਣੇ ਬਾਰੇ ਉਸ ਮਨੁੱਖ ਨੂੰ ਸਮਝਾਉਂਦਾ ਹੈ, ਜਿਸ ਉੱਤੇ ਆਪ ਪ੍ਰਸੰਨ ਹੁੰਦਾ ਹੈ।

ਅਸਟਪਦੀ॥

ਅਬਿਨਾਸੀ ਪ੍ਰਭੁ ਮਨ ਮਹਿ ਰਾਖੁ॥ ਮਾਨੁਖ ਕੀ ਟੂ ਪ੍ਰੀਤਿ ਤਿਆਗੁ॥
ਤਿਸ ਤੇ ਪਰੈ ਨਾਹੀ ਕਿਛੁ ਕੋਇ॥ ਸਰਬ ਨਿਰੰਤਰਿ ਏਕੋ ਸੋਇ॥
ਆਪੇ ਬੀਨਾ ਆਪੇ ਦਾਨਾ॥ ਗਹਿਰ ਗੰਭੀਰੁ ਗਹੀਰੁ ਸੁਜਾਨਾ॥
ਪਾਰਬ੍ਰਹਮ ਪਰਮੇਸੁਰ ਗੋਬਿੰਦ॥ ਕ੍ਰਿਪਾ ਨਿਧਾਨ ਦਇਆਲ ਬਖਸੰਦ॥
ਸਾਧ ਤੇਰੇ ਕੀ ਚਰਨੀ ਪਾਉ॥ ਨਾਨਕ ਕੈ ਮਨਿ ਇਹੁ ਅਨਰਾਉ॥ ੧॥

ਪਦ ਅਰਥ : ਤਿਆਗੁ—ਛੱਡ ਦੇ। ਨਿਰੰਤਰਿ—ਇਕ ਰਸ ਅੰਦਰ। ਬੀਨਾ—ਪਛਾਨਣ ਵਾਲਾ। ਦਾਨਾ—ਸਮਝਣ ਵਾਲਾ। ਗਹੀਰੁ—ਡੂੰਘਾ। ਸੁਜਾਨ—ਸਿਆਣਾ। ਕ੍ਰਿਪਾ ਨਿਧਾਨ—ਦਇਆ ਦਾ ਖਜ਼ਾਨਾ। ਅਨਰਾਉ—ਅਨੁਰਾਗ, ਤਾਂਘ ਵਿਚ।

ਅਰਥ : ਹੇ ਭਾਈ! ਆਪਣੇ ਮਨ ਵਿਚ ਅਕਾਲ ਪੁਰਖ ਨੂੰ ਪ੍ਰੋ ਕੇ ਰੱਖ ਅਤੇ ਮਨੁੱਖ ਦਾ ਮੋਹ ਛੱਡ ਦੇ।

ਸਭ ਜੀਵਾਂ ਦੇ ਅੰਦਰ ਇਕ ਅਕਾਲ ਪੁਰਖ ਹੀ ਵਿਆਪਕ ਹੈ। ਉਸ ਤੋਂ ਬਾਹਰਾ ਕੋਈ ਜੀਵ ਨਹੀਂ, ਕੋਈ ਚੀਜ਼ ਨਹੀਂ।

ਪਰਮਾਤਮਾ ਬੜਾ ਗੰਭੀਰ ਹੈ ਤੇ ਡੂੰਘਾ ਹੈ, ਸਿਆਣਾ ਹੈ। ਉਹ ਆਪ ਹੀ ਜੀਵਾਂ ਦੇ ਦਿਲ ਦੀ ਪਛਾਨਣ ਵਾਲਾ ਤੇ ਜਾਨਣ ਵਾਲਾ ਹੈ।

ਹੇ ਪਾਰਬ੍ਰਹਮ ਪਰਮਾਤਮਾ, ਸਭ ਦੇ ਵੱਡੇ ਮਾਲਕ! ਤੇ ਜੀਵਾਂ ਦੇ ਪਾਲਕ! ਦਇਆ ਦੇ ਖਜ਼ਾਨੇ! ਮਿਹਰ ਦੇ ਘਰ! ਤੇ ਬਖਸ਼ਣਹਾਰ!

ਨਾਨਕ ਦੇ ਮਨ ਵਿਚ ਇਹ ਤਾਂਘ ਹੈ ਕਿ ਮੈਂ ਤੇਰੇ ਗੁਰਮੁਖ-ਸਾਧ-ਜਨਾਂ ਦੀ ਚਰਨੀ ਪਵਾਂ॥ ੧॥

ਮਨਸਾ ਪੂਰਨ ਸਰਨਾ ਜੋਗ॥ ਜੋ ਕਰਿ ਪਾਇਆ ਸੋਈ ਹੋਗੁ॥
ਹਰਨ ਭਰਨ ਜਾ ਕਾ ਨੇਤ੍ਰ ਫੋਰੁ॥ ਤਿਸ ਕਾ ਮੰਤ੍ਰੁ ਨ ਜਾਨੈ ਹੋਰੁ॥
ਅਨਦ ਰੂਪ ਮੰਗਲ ਸਦ ਜਾ ਕੈ॥ ਸਰਬ ਥੋਕ ਸੁਨੀਅਹਿ ਘਰਿ ਤਾ ਕੈ॥
ਰਾਜ ਮਹਿ ਰਾਜੁ ਜੋਗ ਮਹਿ ਜੋਗੀ॥ ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ॥
ਧਿਆਇ ਧਿਆਇ ਭਗਤਹ ਸੁਖੁ ਪਾਇਆ॥
ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ॥ ੨॥

ਪਦ ਅਰਥ : ਮਨਸਾ—ਮਨ ਦਾ ਫੁਰਨਾ, ਖਾਹਸ਼। ਸਰਨਾ ਜੋਗ—ਸ਼ਰਨ ਦੇਣ ਜੋਗਾ।

ਕਰਿ—ਹੱਥ 'ਤੇ। **ਹੋਗੁ**—ਹੋਵੇਗਾ। **ਹਰਨ**—ਨਾਸ ਕਰਨਾ। **ਭਰਨ**—ਪਾਲਣਾ। **ਨੇਤ੍ਰ ਫੋਰੁ**—ਅੱਖ ਦਾ ਫਰਕਣਾ, ਅੱਖ ਫਰਕਣ ਦਾ ਸਮਾਂ। **ਮੰਤ੍ਰ**—ਗੁੱਝਾ ਭੇਦ। **ਮੰਗਲ**—ਖੁਸ਼ੀਆਂ। **ਤਪੀਸਰੁ**—ਵੱਡਾ ਤਪੀ। **ਭੋਗੀ**—ਗ੍ਰਿਹਸਤੀ।

ਅਰਥ : ਪ੍ਰਭੂ ਜੀਵਾਂ ਦੇ ਫੁਰਨੇ ਪੂਰੇ ਕਰਨ ਤੇ ਸ਼ਰਨ ਆਇਆਂ ਦੀ ਸਹਾਇਤਾ ਕਰਨ ਦੇ ਸਮਰੱਥ ਹੈ। ਜੋ ਉਸ ਨੇ ਜੀਵਾਂ ਦੇ ਹੱਥ 'ਤੇ ਲਿਖ ਦਿੱਤਾ ਹੈ, ਉਹੀ ਹੁੰਦਾ ਹੈ।

ਜਿਸ ਪਰਮਾਤਮਾ ਦਾ ਅੱਖ ਫਰਕਣ ਦਾ ਸਮਾਂ ਸੰਸਾਰ ਦੇ ਪਾਲਣ ਅਤੇ ਨਾਸ ਕਰਨ ਲਈ ਕਾਫੀ ਹੈ, ਉਸ ਦਾ ਗੁੱਝਾ ਭੇਦ ਕੋਈ ਹੋਰ ਜੀਵ ਨਹੀਂ ਜਾਣਦਾ।

ਜਿਸ ਪ੍ਰਭੂ ਦੇ ਘਰ ਵਿਚ ਸਦਾ ਅਨੰਦ ਤੇ ਖੁਸ਼ੀਆਂ ਹਨ, ਸੰਸਾਰ ਦੇ ਸਾਰੇ ਪਦਾਰਥ ਉਸ ਦੇ ਘਰ ਵਿਚ ਮੌਜੂਦ ਸੁਣੀਂਦੇ ਹਨ।

ਰਾਜਿਆਂ ਵਿਚ ਪ੍ਰਭੂ ਆਪ ਹੀ ਰਾਜਾ ਹੈ, ਜੋਗੀਆਂ ਵਿਚ ਜੋਗੀ ਹੈ, ਤਪੀਆਂ ਵਿਚ ਆਪ ਹੀ ਵੱਡਾ ਤਪੀ ਹੈ ਤੇ ਗ੍ਰਿਹਸਤੀਆਂ ਵਿਚ ਵੀ ਆਪ ਹੀ ਗ੍ਰਿਹਸਤੀ ਹੈ।

ਭਗਤ ਜਨਾਂ ਨੇ ਉਸ ਪ੍ਰਭੂ ਨੂੰ ਸਿਮਰ ਸਿਮਰ ਕੇ ਸੁਖ ਪ੍ਰਾਪਤ ਕੀਤਾ ਹੈ। ਹੇ ਨਾਨਕ! ਕਿਸੇ ਜੀਵ ਨੇ ਉਸ ਅਕਾਲ ਪੁਰਖ ਦਾ ਅੰਤ ਨਹੀਂ ਪਾਇਆ॥ ੨॥

ਜਾ ਕੀ ਲੀਲਾ ਕੀ ਮਿਤਿ ਨਾਹਿ॥ ਸਗਲ ਦੇਵ ਹਾਰੇ ਅਵਗਾਹਿ॥
ਪਿਤਾ ਕਾ ਜਨਮੁ ਕਿ ਜਾਨੈ ਪੂਤੁ॥ ਸਗਲ ਪਰੋਈ ਅਪੁਨੈ ਸੂਤਿ॥
ਸੁਮਤਿ ਗਿਆਨੁ ਧਿਆਨੁ ਜਿਨ ਦੇਇ॥ ਜਨ ਦਾਸ ਨਾਮੁ ਧਿਆਵਹਿ ਸੇਇ॥
ਤਿਹੁ ਗੁਣ ਮਹਿ ਜਾ ਕਉ ਭਰਮਾਏ॥ ਜਨਮਿ ਮਰੈ ਫਿਰਿ ਆਵੈ ਜਾਏ॥
ਊਚ ਨੀਚ ਤਿਸ ਕੇ ਅਸਥਾਨ॥ ਜੈਸਾ ਜਨਾਵੈ ਤੈਸਾ ਨਾਨਕ ਜਾਨ॥ ੩॥

ਪਦ ਅਰਥ : ਲੀਲਾ—ਖੇਡ। **ਮਿਤਿ**—ਗਿਣਤੀ, ਅੰਦਾਜ਼ਾ। **ਅਵਗਾਹਿ**—ਚੁੱਭੀ ਲਾ ਕੇ, ਖੋਜ ਖੋਜ ਕੇ। **ਸੂਤਿ**—ਸੂਤਰ (ਧਾਗੇ) ਵਿਚ। **ਗਿਆਨ**—ਉੱਚੀ ਸਮਝ। **ਧਿਆਨੁ**—ਸੁਰਤਿ ਜੋੜਨੀ। **ਭਰਮਾਏ**—ਭਟਕਾਉਂਦਾ ਹੈ। **ਊਚ ਅਸਥਾਨ**—ਸੁਮਤਿ, ਗਿਆਨ, ਧਿਆਨ ਵਾਲੇ ਜੀਵ। **ਨੀਚ ਅਸਥਾਨ**—ਤਿੰਨਾਂ ਗੁਣਾਂ ਵਿਚ ਭਟਕਣ ਵਾਲੇ ਜੀਵ। **ਜਨਾਵੈ**—ਸਮਝ ਦੇਂਦਾ ਹੈ।

ਅਰਥ : ਜਿਸ ਪਰਮਾਤਮਾ ਦੀ ਜਗਤ-ਰੂਪ ਖੇਡ ਦਾ ਲੇਖਾ ਕੋਈ ਨਹੀਂ ਲਾ ਸਕਦਾ, ਉਸ ਨੂੰ ਖੋਜ ਖੋਜ ਕੇ ਸਾਰੇ ਦੇਵਤੇ ਵੀ ਥੱਕ ਗਏ ਹਨ।

(ਕਿਉਂਕਿ) ਪਿਉ ਦਾ ਜਨਮ ਪੁੱਤਰ ਕੀ ਜਾਣ ਸਕਦਾ ਹੈ? ਜਿਵੇਂ ਮਾਲਾ ਦੇ ਮਣਕੇ ਧਾਗੇ ਵਿਚ ਪ੍ਰੋਏ ਹੋਏ ਹੁੰਦੇ ਹਨ, ਤਿਵੇਂ ਹੀ ਸਾਰੀ ਰਚਨਾ ਪ੍ਰਭੂ ਨੇ ਆਪਣੇ ਹੁਕਮ-ਰੂਪ ਧਾਗੇ ਵਿਚ ਪ੍ਰੋ ਰੱਖੀ ਹੈ।

ਜਿਨ੍ਹਾਂ ਬੰਦਿਆਂ ਨੂੰ ਪ੍ਰਭੂ ਸੋਹਣੀ ਮੱਤ, ਉੱਚੀ ਸਮਝ ਤੇ ਸੁਰਤਿ ਜੋੜਨ ਦੀ ਦਾਤ

ਦਿੰਦਾ ਹੈ, ਉਹੀ ਸੇਵਕ ਤੇ ਦਾਸ ਉਸ ਦਾ ਨਾਮ ਸਿਮਰਦੇ ਹਨ।

ਜਿਨ੍ਹਾਂ ਨੂੰ ਮਾਇਆ ਦੇ ਤਿੰਨ ਗੁਣਾਂ ਵਿਚ ਭਵਾਉਂਦਾ ਹੈ, ਉਹ ਜੰਮਦੇ-ਮਰਦੇ ਰਹਿੰਦੇ ਹਨ ਤੇ ਮੁੜ ਮੁੜ ਦੁਨੀਆਂ ਵਿਚ ਆਉਂਦੇ ਤੇ ਜਾਂਦੇ ਰਹਿੰਦੇ ਹਨ।

ਸੋਹਣੀ ਮੱਤ ਵਾਲੇ ਉੱਚੇ ਬੰਦਿਆਂ ਦੇ ਹਿਰਦੇ ਤੇ ਤ੍ਰਿਗੁਣੀ (ਮਾਇਆ ਵਿਚ ਖਚਿਤ) ਨੀਚ ਬੰਦਿਆਂ ਦੇ ਮਨ, ਇਹ ਸਾਰੇ ਉਸ ਪ੍ਰਭੂ ਦੇ ਆਪਣੇ ਹੀ ਟਿਕਾਣੇ ਹਨ, ਭਾਵ ਸਭ ਵਿਚ ਆਪ ਹੀ ਵੱਸਦਾ ਹੈ। ਹੇ ਨਾਨਕ! ਜਿਹੋ ਜਿਹੀ ਬੁੱਧ-ਮੱਤ ਉਹ ਪ੍ਰਭੂ ਦਿੰਦਾ ਹੈ, ਤਿਹੋ ਜਿਹੀ ਸਮਝ ਵਾਲਾ ਜੀਵ ਬਣ ਜਾਂਦਾ ਹੈ॥ ੩॥

ਨਾਨਾ ਰੂਪ ਨਾਨਾ ਜਾ ਕੇ ਰੰਗ॥ ਨਾਨਾ ਭੇਖ ਕਰਹਿ ਇਕ ਰੰਗ॥
ਨਾਨਾ ਬਿਧਿ ਕੀਨੋ ਬਿਸਥਾਰੁ॥ ਪ੍ਰਭੁ ਅਬਿਨਾਸੀ ਏਕੰਕਾਰੁ॥
ਨਾਨਾ ਚਲਿਤ ਕਰੇ ਖਿਨ ਮਾਹਿ॥ ਪੂਰਿ ਰਹਿਓ ਪੂਰਨੁ ਸਭ ਠਾਇ॥
ਨਾਨਾ ਬਿਧਿ ਕਰਿ ਬਨਤ ਬਨਾਈ॥ ਅਪਨੀ ਕੀਮਤਿ ਆਪੇ ਪਾਈ॥
ਸਭ ਘਟ ਤਿਸ ਕੇ ਸਭ ਤਿਸ ਕੇ ਠਾਉ॥ ਜਪਿ ਜਪਿ ਜੀਵੈ ਨਾਨਕ ਹਰਿ ਨਾਉ॥ ੪॥

ਪਦ ਅਰਥ : ਨਾਨਾ—ਕਈ ਕਿਸਮ ਦੇ । ਬਿਧਿ—ਤਰੀਕੇ। ਚਲਿਤ—ਕੌਤਕ, ਤਮਾਸ਼ੇ।

ਅਰਥ : ਪਰਮਾਤਮਾ ਦੇ ਕਈ ਰੂਪ ਤੇ ਰੰਗ ਹਨ। ਉਹ ਕਈ ਭੇਖ ਧਾਰਦਾ ਹੈ ਤੇ ਫਿਰ ਵੀ ਇਕੋ ਤਰ੍ਹਾਂ ਦਾ ਹੈ।

ਪਰਮਾਤਮਾ ਨਾਸ-ਰਹਿਤ ਹੈ। ਉਹ ਸਭ ਥਾਈਂ ਇਕ ਆਪ ਹੀ ਆਪ ਹੈ। ਉਸ ਨੇ ਜਗਤ ਦਾ ਪਸਾਰਾ ਕਈ ਢੰਗਾਂ ਨਾਲ ਕੀਤਾ ਹੈ।

ਕਈ ਤਮਾਸ਼ੇ ਪ੍ਰਭੂ ਪਲ ਵਿਚ ਕਰ ਦਿੰਦਾ ਹੈ। ਉਹ ਪੂਰਨ ਪੁਰਖ ਸਭ ਥਾਈਂ ਵਿਆਪਕ ਹੈ।

ਸੰਸਾਰ ਦੀ ਰਚਨਾ ਪ੍ਰਭੂ ਨੇ ਕਈ ਢੰਗਾਂ ਨਾਲ ਰਚੀ ਹੈ। ਆਪਣੀ ਵਡਿਆਈ ਦਾ ਮੁੱਲ ਉਹ ਆਪ ਹੀ ਜਾਣਦਾ ਹੈ।

ਸਾਰੇ ਸਰੀਰ ਉਸ ਪਰਮਾਤਮਾ ਦੇ ਹੀ ਹਨ, ਸਾਰੇ ਥਾਂ ਉਸਦੇ ਹਨ। ਹੇ ਨਾਨਕ! ਉਸ ਦਾ ਦਾਸ ਉਸ ਦਾ ਨਾਮ ਜਪ ਜਪ ਕੇ ਜਿਉਂਦਾ ਹੈ॥ ੪॥

ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥
ਨਾਮ ਕੇ ਧਾਰੇ ਆਗਾਸ ਪਾਤਾਲ॥ ਨਾਮ ਕੇ ਧਾਰੇ ਸਗਲ ਆਕਾਰ॥
ਨਾਮ ਕੇ ਧਾਰੇ ਪੁਰੀਆ ਸਭ ਭਵਨ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥ ੫॥

ਪਦ ਅਰਥ : **ਨਾਮ**—ਅਕਾਲ ਪੁਰਖ। **ਧਾਰੇ**—ਟਿਕਾਏ ਹੋਏ। **ਖੰਡ**—ਹਿੱਸੇ। **ਬ੍ਰਹਮੰਡ**—ਸ੍ਰਿਸ਼ਟੀ। **ਆਗਾਸ**—ਅਸਮਾਨ। **ਆਕਾਰ**—ਸਰੂਪ। **ਪੁਰੀਆ**—ਸ਼ਹਿਰ, 14 ਲੋਕ। **ਭਵਨ**—ਲੋਕ। **ਸ੍ਰਵਨ**—ਕੰਨਾਂ ਨਾਲ। **ਚਉਥੇ ਪਦ ਮਹਿ**—ਮਾਇਆ ਦੇ ਤਿੰਨ ਗੁਣਾਂ ਤੋਂ ਲੰਘ ਕੇ ਉਤਲੇ ਦਰਜੇ ਅਥਵਾ ਤੁਰੀਆ ਅਵਸਥਾ ਵਿਚ।

ਅਰਥ : ਸਾਰੇ ਜੀਅ-ਜੰਤ ਪਰਮਾਤਮਾ ਦੇ ਆਸਰੇ ਹਨ। ਸੰਸਾਰ ਦੇ ਸਾਰੇ ਭਾਗ (ਹਿੱਸੇ) ਵੀ ਪ੍ਰਭੂ ਦੇ ਟਿਕਾਏ ਹੋਏ ਹਨ।

ਵੇਦ, ਪੁਰਾਨ ਸਿਮ੍ਰਿਤੀਆਂ ਪ੍ਰਭੂ ਦੇ ਆਧਾਰ 'ਤੇ ਹਨ, ਗਿਆਨ ਦੀਆਂ ਗੱਲਾਂ ਸੁਣਨਾ ਤੇ ਸੁਰਤ ਜੋੜਨੀ ਵੀ ਅਕਾਲ ਪੁਰਖ ਦੇ ਆਸਰੇ ਹੀ ਹੈ।

ਸਾਰੇ ਆਕਾਸ਼ ਪਤਾਲ ਪ੍ਰਭੂ-ਆਸਰੇ ਹਨ, ਸਾਰੇ ਸਰੀਰ ਹੀ ਪ੍ਰਭੂ ਦੇ ਆਧਾਰ 'ਤੇ ਹਨ।

ਤਿੰਨੇ ਭਵਨ ਤੇ ਚੌਦਾਂ ਲੋਕ ਅਕਾਲ ਪੁਰਖ ਦੇ ਟਿਕਾਏ ਹੋਏ ਹਨ। ਜੀਵ ਪ੍ਰਭੂ ਵਿਚ ਜੁੜ ਕੇ ਤੇ ਉਸ ਦਾ ਨਾਮ ਕੰਨਾਂ ਨਾਲ ਸੁਣ ਕੇ ਵਿਕਾਰਾਂ ਤੋਂ ਬਚਦੇ ਹਨ।

ਪ੍ਰਭੂ ਜਿਸ ਨੂੰ ਮਿਹਰ ਕਰਕੇ ਆਪਣੇ ਨਾਮ ਨਾਲ ਜੋੜਦਾ ਹੈ, ਹੇ ਨਾਨਕ! ਉਹ ਚੌਥੇ ਦਰਜੇ ਵਿਚ ਅੱਪੜ ਕੇ ਉੱਚੀ ਅਵਸਥਾ ਪ੍ਰਾਪਤ ਕਰਦਾ ਹੈ॥ ੫॥

ਰੂਪੁ ਸਤਿ ਜਾ ਕਾ ਸਤਿ ਅਸਥਾਨੁ॥ ਪੁਰਖੁ ਸਤਿ ਕੇਵਲ ਪਰਧਾਨੁ॥
ਕਰਤੂਤਿ ਸਤਿ ਸਤਿ ਜਾ ਕੀ ਬਾਣੀ॥ ਸਤਿ ਪੁਰਖ ਸਭ ਮਾਹਿ ਸਮਾਣੀ॥
ਸਤਿ ਕਰਮੁ ਜਾ ਕੀ ਰਚਨਾ ਸਤਿ॥ ਮੂਲੁ ਸਤਿ ਸਤਿ ਉਤਪਤਿ॥
ਸਤਿ ਕਰਣੀ ਨਿਰਮਲ ਨਿਰਮਲੀ॥ ਜਿਸਹਿ ਬੁਝਾਏ ਤਿਸਹਿ ਸਭ ਭਲੀ॥
ਸਤਿ ਨਾਮੁ ਪ੍ਰਭ ਕਾ ਸੁਖਦਾਈ॥ ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ॥ ੬॥

ਪਦ ਅਰਥ : **ਸਤਿ**—ਸਦਾ ਥਿਰ ਰਹਿਣ ਵਾਲਾ। **ਕਰਤੂਤਿ**—ਕੰਮ। **ਕਰਮੁ**—ਬਖਸ਼ਿਸ਼। **ਉਤਪਤਿ**—ਰਚਨਾ। **ਕਰਣੀ**—ਕੰਮ, ਰਜ਼ਾ। **ਨਿਰਮਲ ਨਿਰਮਲੀ**—ਮਹਾਂ ਪਵਿੱਤਰ। **ਬਿਸ੍ਵਾਸੁ**—ਸ਼ਰਧਾ।

ਅਰਥ : ਜਿਸ ਪ੍ਰਭੂ ਦਾ ਰੂਪ ਤੇ ਟਿਕਾਣਾ ਸਦਾ ਥਿਰ ਰਹਿਣ ਵਾਲੇ ਹਨ, ਕੇਵਲ ਉਹੀ ਸਰਬ-ਵਿਆਪਕ ਪ੍ਰਭੂ ਸਭ ਦੇ ਸਿਰ 'ਤੇ ਹੈ।

ਜਿਸ ਸਦਾ-ਅਟੱਲ ਅਕਾਲ ਪੁਰਖ ਦੀ ਬਾਣੀ ਸਭ ਜੀਵਾਂ ਵਿਚ ਰਮੀ ਹੋਈ ਹੈ, ਉਸ ਦੇ ਕੰਮ ਵੀ ਅਟੱਲ ਹਨ।

ਜਿਸ ਪ੍ਰਭੂ ਦੀ ਰਚਨਾ ਪੂਰਨ ਹੈ, ਜੋ ਸਭ ਦਾ ਮੂਲ-ਰੂਪ ਸਦਾ ਅਡੋਲ ਹੈ, ਜਿਸ ਦੀ ਪੈਦਾਇਸ਼ ਵੀ ਪੂਰਨ ਹੈ, ਉਸ ਦੀ ਬਖਸ਼ਸ਼ ਸਦਾ ਕਾਇਮ ਹੈ।

ਪ੍ਰਭੂ ਦੀ ਮਹਾਂ ਪਵਿੱਤਰ ਰਜ਼ਾ ਹੈ, ਜਿਸ ਜੀਵ ਨੂੰ ਰਜ਼ਾ ਦੀ ਸਮਝ ਦੇਂਦਾ ਹੈ, ਉਸ ਨੂੰ ਉਹ ਰਜ਼ਾ ਪੂਰਨ ਤੌਰ 'ਤੇ ਸੁਖਦਾਈ ਲਗਦੀ ਹੈ।

ਪ੍ਰਭੂ ਦਾ ਸਦਾ ਥਿਰ ਰਹਿਣ ਵਾਲਾ ਨਾਮ ਸੁਖਦਾਈ ਹੈ। ਹੇ ਨਾਨਕ! ਜੀਵ ਨੂੰ ਇਹ ਅਟੱਲ ਸਿਦਕ ਸਤਿਗੁਰੂ ਤੋਂ ਮਿਲਦਾ ਹੈ॥ ੬॥

ਸਤਿ ਬਚਨ ਸਾਧੂ ਉਪਦੇਸ॥ ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ॥
ਸਤਿ ਨਿਰਤਿ ਬੂਝੈ ਜੇ ਕੋਇ॥ ਨਾਮੁ ਜਪਤ ਤਾ ਕੀ ਗਤਿ ਹੋਇ॥
ਆਪਿ ਸਤਿ ਕੀਆ ਸਭੁ ਸਤਿ॥ ਆਪੇ ਜਾਨੈ ਅਪਨੀ ਮਿਤਿ ਗਤਿ॥
ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ॥ ਅਵਰ ਨ ਬੂਝਿ ਕਰਤ ਬੀਚਾਰੁ॥
ਕਰਤੇ ਕੀ ਮਿਤਿ ਨ ਜਾਨੈ ਕੀਆ॥ ਨਾਨਕ ਜੋ ਤਿਸੁ ਭਾਵੈ ਸੋ ਵਰਤੀਆ॥ ੭॥

ਪਦ ਅਰਥ : ਨਿਰਤਿ—ਪਿਆਰ। ਮਿਤਿ—ਅੰਦਾਜ਼ਾ। ਗਤਿ—ਪਹੁੰਚ। ਵਰਤੀਆ—ਵਰਤਦਾ ਹੈ।

ਅਰਥ : ਗੁਰੂ ਦਾ ਉਪਦੇਸ਼ ਉਸ ਦੇ ਅਟੱਲ ਬਚਨ ਹਨ। ਜਿਨ੍ਹਾਂ ਦੇ ਹਿਰਦੇ ਵਿਚ ਇਸ ਉਪਦੇਸ਼ ਦਾ ਪ੍ਰਵੇਸ਼ ਹੁੰਦਾ ਹੈ, ਉਹ ਵੀ ਅਟੱਲ ਅਥਵਾ ਜਨਮ ਮਰਨ ਤੋਂ ਰਹਿਤ ਹੋ ਜਾਂਦੇ ਹਨ।

ਜੇ ਕਿਸੇ ਮਨੁੱਖ ਨੂੰ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੇ ਪਿਆਰ ਦੀ ਸੂਝ ਆ ਜਾਏ ਤਾਂ ਨਾਮ ਜਪ ਕੇ ਉਹ ਉੱਚੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ।

ਪ੍ਰਭੂ ਆਪ ਸਦਾ ਕਾਇਮ ਰਹਿਣ ਵਾਲਾ ਹੈ, ਉਸ ਦਾ ਪੈਦਾ ਕੀਤਾ ਹੋਇਆ ਸੰਸਾਰ ਵੀ ਸੱਚਮੁੱਚ ਹੋਂਦ ਵਾਲਾ ਹੈ। ਪ੍ਰਭੂ ਆਪਣੀ ਅਵਸਥਾ ਤੇ ਮਰਯਾਦਾ ਆਪ ਜਾਣਦਾ ਹੈ।

ਜਿਸ ਪ੍ਰਭੂ ਦਾ ਇਹ ਸੰਸਾਰ ਹੈ, ਉਹ ਆਪ ਇਸ ਨੂੰ ਬਣਾਉਣ ਵਾਲਾ ਹੈ। ਕਿਸੇ ਹੋਰ ਨੂੰ ਇਸ ਜਗਤ ਦਾ ਖਿਆਲ ਰੱਖਣ ਵਾਲਾ ਵੀ ਨਾ ਸਮਝੋ।

ਕਰਤਾਰ ਦੀ ਬਜ਼ੁਰਗੀ ਦਾ ਅੰਦਾਜ਼ਾ ਉਸ ਦਾ ਪੈਦਾ ਕੀਤਾ ਮਨੁੱਖ ਨਹੀਂ ਲਾ ਸਕਦਾ। ਹੇ ਨਾਨਕ! ਉਹੀ ਕੁਝ ਵਰਤਦਾ ਹੈ ਜੋ ਉਸ ਪ੍ਰਭੂ ਨੂੰ ਭਾਉਂਦਾ ਹੈ॥ ੭॥

ਬਿਸਮਨ ਬਿਸਮ ਭਏ ਬਿਸਮਾਦ॥ ਜਿਨਿ ਬੂਝਿਆ ਤਿਸੁ ਆਇਆ ਸ੍ਵਾਦ॥
ਪ੍ਰਭ ਕੈ ਰੰਗਿ ਰਾਚਿ ਜਨ ਰਹੇ॥ ਗੁਰ ਕੈ ਬਚਨਿ ਪਦਾਰਥ ਲਹੇ॥
ਓਇ ਦਾਤੇ ਦੁਖ ਕਾਟਨਹਾਰ॥ ਜਾ ਕੈ ਸੰਗਿ ਤਰੈ ਸੰਸਾਰ॥
ਜਨ ਕਾ ਸੇਵਕੁ ਸੋ ਵਡਭਾਗੀ॥ ਜਨ ਕੈ ਸੰਗਿ ਏਕ ਲਿਵ ਲਾਗੀ॥
ਗੁਨ ਗੋਬਿਦ ਕੀਰਤਨੁ ਜਨੁ ਗਾਵੈ॥ ਗੁਰ ਪ੍ਰਸਾਦਿ ਨਾਨਕ ਫਲੁ ਪਾਵੈ॥ ੮॥ ੧੬॥

ਪਦ ਅਰਥ : ਬਿਸਮਨ ਬਿਸਮ—ਹੈਰਾਨ ਤੋਂ ਹੈਰਾਨ। ਸ੍ਵਾਦ—ਅਨੰਦ। ਰਾਚਿ ਜਨ ਰਹੇ—ਸੇਵਕ (ਦਾਸ) ਮਸਤ ਰਹਿੰਦੇ ਹਨ।

ਅਰਥ : ਜਿਸ ਜਿਸ ਮਨੁੱਖ ਨੇ ਪ੍ਰਭੂ ਦੀ ਬਜ਼ੁਰਗੀ ਨੂੰ ਸਮਝਿਆ ਹੈ, ਉਸ ਉਸ ਨੂੰ ਅਨੰਦ ਆਇਆ ਹੈ। ਪ੍ਰਭੂ ਦੀ ਵਡਿਆਈ ਦੇਖ ਕੇ ਉਹ ਬੜੇ ਹੈਰਾਨ ਤੇ ਅਸਚਰਜ

ਹੁੰਦੇ ਹਨ।

ਪ੍ਰਭੂ ਦੇ ਦਾਸ ਪ੍ਰਭੂ ਦੇ ਪਿਆਰ ਵਿਚ ਮਸਤ ਰਹਿੰਦੇ ਹਨ ਤੇ ਸਤਿਗੁਰੂ ਦੇ ਉਪਦੇਸ਼ ਦੀ ਬਰਕਤ ਨਾਲ ਨਾਮ ਪਦਾਰਥ ਪ੍ਰਾਪਤ ਕਰ ਲੈਂਦੇ ਹਨ।

ਉਹ ਸੇਵਕ ਖੁਦ ਨਾਮ ਦੀ ਦਾਤ ਵੰਡਦੇ ਹਨ ਤੇ ਜੀਵਾਂ ਦੇ ਦੁੱਖ ਕੱਟਦੇ ਹਨ, ਉਨ੍ਹਾਂ ਦੀ ਸੰਗਤ ਨਾਲ ਜਗਤ ਦੇ ਜੀਵ ਸੰਸਾਰ ਸਮੁੰਦਰ ਤੋਂ ਤਰ ਜਾਂਦੇ ਹਨ।

ਜੋ ਇਹੋ ਜਿਹੇ ਸੇਵਕਾਂ ਦਾ ਸੇਵਕ ਬਣਦਾ ਹੈ, ਉਹ ਵੱਡੇ ਭਾਗਾਂ ਵਾਲਾ ਹੁੰਦਾ ਹੈ, ਉਨ੍ਹਾਂ ਦੀ ਸੰਗਤ ਵਿਚ ਰਿਹਾਂ ਇਕ ਅਕਾਲ ਪੁਰਖ ਨਾਲ ਸੁਰਤ ਜੁੜਦੀ ਹੈ।

ਪ੍ਰਭੂ ਦਾ ਸੇਵਕ ਪ੍ਰਭੂ ਦੇ ਗੁਣ ਗਾਉਂਦਾ ਹੈ ਤੇ ਸਿਫਤ-ਸਲਾਹ ਕਰਦਾ ਹੈ। ਹੇ ਨਾਨਕ! ਸਤਿਗੁਰੂ ਦੀ ਮਿਹਰ ਨਾਲ ਉਹ ਪ੍ਰਭੂ ਦਾ ਨਾਮ ਰੂਪੀ ਫਲ ਪਾ ਲੈਂਦਾ ਹੈ॥ ੮॥ ੧੬॥

ਸ਼ਬਦ ਉਚਾਰਨ : ਮਹਿਂ, ਤੂੰ, ਨਾਹੀਂ, ਪਾਉਂ, ਜਾਂ ਕੈ, ਸੁਨੀਅਹਿਂ, ਤਾਂ ਕੈ, ਨਹਿਂ, ਭਗਤਹਂ, ਜਾਂ ਕੀ, ਨਾਹਿਂ, ਅਵਗਾਹਿਂ, ਧਿਆਵਹਿਂ, ਜਾਂ ਕੇ, ਕਰਹਿਂ, ਮਾਹਿਂ, ਠਾਇਂ, ਠਾਉਂ, ਨਾਉਂ, ਪੁਰੀਆਂ ਬਿੰਦੀ ਸਹਿਤ ਉਚਾਰਨ ਕਰਨੇ ਹਨ।

॥ ਸਲੋਕੁ ॥

ਆਦਿ ਸਚੁ ਜੁਗਾਦਿ ਸਚੁ ॥
ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥ ੧ ॥

ਪਦ ਅਰਥ : ਆਦਿ—ਮੁੱਢ ਤੋਂ। ਜੁਗਾਦਿ—ਜੁਗਾਂ ਦੇ ਸ਼ੁਰੂ ਤੋਂ। ਸਚੁ—ਸਦਾ ਥਿਰ ਰਹਿਣ ਵਾਲਾ, ਪਰਮਾਤਮਾ। ਹੋਸੀ—ਹੋਵੇਗਾ।

ਅਰਥ : ਪਰਮਾਤਮਾ ਮੁੱਢ ਤੋਂ ਹੀ ਹੋਂਦ ਵਾਲਾ ਹੈ, ਜੁਗਾਂ ਦੇ ਸ਼ੁਰੂ ਤੋਂ ਮੌਜੂਦ ਹੈ। ਇਸ ਵੇਲੇ ਵੀ ਮੌਜੂਦ ਹੈ। ਹੇ ਨਾਨਕ! ਅਗਾਂਹ ਨੂੰ ਵੀ ਸਦਾ ਕਾਇਮ ਰਹੇਗਾ॥ ੧॥

ਅਸਟਪਦੀ ॥

ਚਰਨ ਸਤਿ ਸਤਿ ਪਰਸਨਹਾਰ ॥ ਪੂਜਾ ਸਤਿ ਸਤਿ ਸੇਵਦਾਰ ॥
ਦਰਸਨੁ ਸਤਿ ਸਤਿ ਪੇਖਨਹਾਰ ॥ ਨਾਮੁ ਸਤਿ ਸਤਿ ਧਿਆਵਨਹਾਰ ॥
ਆਪਿ ਸਤਿ ਸਤਿ ਸਭ ਧਾਰੀ ॥ ਆਪੇ ਗੁਣ ਆਪੇ ਗੁਣਕਾਰੀ ॥
ਸਬਦੁ ਸਤਿ ਸਤਿ ਪ੍ਰਭੁ ਬਕਤਾ ॥ ਸੁਰਤਿ ਸਤਿ ਸਤਿ ਜਸੁ ਸੁਨਤਾ ॥
ਬੁਝਨਹਾਰ ਕਉ ਸਤਿ ਸਭ ਹੋਇ ॥ ਨਾਨਕ ਸਤਿ ਸਤਿ ਪ੍ਰਭੁ ਸੋਇ ॥ ੧ ॥

ਪਦ ਅਰਥ : ਸਤਿ—ਅਟੱਲ। ਪਰਸਨਹਾਰ—ਛੋਹਣ ਵਾਲਾ। ਪੇਖਨਹਾਰ—ਵੇਖਣ ਵਾਲੇ। ਧਾਰੀ—ਟਿਕਾਈ ਹੋਈ। ਸੁਰਤਿ—ਧਿਆਨ।

ਅਰਥ : ਪ੍ਰਭੂ ਦੇ ਚਰਨ ਸਦਾ ਥਿਰ ਹਨ, ਚਰਨਾਂ ਨੂੰ ਛੋਹਣ ਵਾਲੇ ਸੇਵਕ ਵੀ

ਅਟੱਲ ਹੋ ਜਾਂਦੇ ਹਨ। ਪ੍ਰਭੂ ਦੀ ਪੂਜਾ ਇਕ ਸਦਾ ਨਿਭਣ ਵਾਲਾ ਕਰਮ ਹੈ। ਸੋ ਪੂਜਾ ਕਰਨ ਵਾਲੇ ਸਦਾ ਲਈ ਅਟੱਲ ਹੋ ਜਾਂਦੇ ਹਨ।

ਪ੍ਰਭੂ ਦਾ ਦੀਦਾਰ ਸਤਿ-ਕਰਮ ਹੈ, ਦੀਦਾਰ ਕਰਨ ਵਾਲੇ ਵੀ ਜਨਮ ਮਰਨ ਤੋਂ ਰਹਿਤ ਹੋ ਜਾਂਦੇ ਹਨ। ਪ੍ਰਭੂ ਦਾ ਨਾਮ ਸਦਾ ਅਟੱਲ ਹੈ, ਸਿਮਰਨ ਕਰਨ ਵਾਲੇ ਵੀ ਥਿਰ ਹਨ।

ਪ੍ਰਭੂ ਆਪ ਸਦਾ ਹੋਂਦ ਵਾਲਾ ਹੈ, ਉਸ ਦੀ ਟਿਕਾਈ ਹੋਈ ਰਚਨਾ ਵੀ ਹੋਂਦ ਵਾਲੀ ਹੈ। ਪ੍ਰਭੂ ਆਪ ਗੁਣ-ਰੂਪ ਹੈ, ਆਪ ਹੀ ਗੁਣ ਪੈਦਾ ਕਰਨ ਵਾਲਾ ਹੈ।

ਪ੍ਰਭੂ ਦਾ ਸ਼ਬਦ ਸਦਾ ਕਾਇਮ ਹੈ, ਸ਼ਬਦ ਨੂੰ ਉਚਾਰਨ ਵਾਲਾ ਵੀ ਥਿਰ ਹੋ ਜਾਂਦਾ ਹੈ। ਪ੍ਰਭੂ ਨਾਲ ਸੁਰਤਿ ਜੋੜਨੀ ਸਤਿ-ਕਰਮ ਹੈ। ਪ੍ਰਭੂ ਦਾ ਜਸ ਸੁਣਨ ਵਾਲਾ ਵੀ ਸਤਿ ਹੈ।

ਪ੍ਰਭੂ ਦੀ ਹੋਂਦ ਸਮਝਣ ਵਾਲੇ ਨੂੰ ਉਸ ਦਾ ਬਣਾਇਆ ਹੋਇਆ ਸੰਸਾਰ ਵੀ ਹਸਤੀ ਵਾਲਾ ਦਿਸਦਾ ਹੈ। ਹੇ ਨਾਨਕ! ਪ੍ਰਭੂ ਆਪ ਸਦਾ ਹੀ ਥਿਰ ਰਹਿਣ ਵਾਲਾ ਹੈ॥ ੧॥

ਸਤਿ ਸਰੂਪੁ ਰਿਦੈ ਜਿਨਿ ਮਾਨਿਆ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥
ਭੈ ਤੇ ਨਿਰਭਉ ਹੋਇ ਬਸਾਨਾ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ॥
ਬਸਤੁ ਮਾਹਿ ਲੇ ਬਸਤੁ ਗਡਾਈ॥ ਤਾ ਕਉ ਭਿੰਨ ਨ ਕਹਨਾ ਜਾਈ॥
ਬੂਝੈ ਬੂਝਨਹਾਰੁ ਬਿਬੇਕ॥ ਨਾਰਾਇਨ ਮਿਲੇ ਨਾਨਕ ਏਕ॥ ੨॥

ਪਦ ਅਰਥ : **ਸਤਿ ਸਰੂਪੁ**—ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀ ਮੂਰਤਿ। **ਮੂਲੁ**—ਮੁੱਢ, ਕਾਰਨ। **ਬਿਸ੍ਵਾਸੁ**—ਸ਼ਰਧਾ, ਯਕੀਨ। **ਬਸਤੁ**—ਚੀਜ਼। **ਗਡਾਈ**—ਮਿਲਾ ਦਿੱਤੀ। **ਬਿਬੇਕ**—ਵਿਚਾਰ। **ਨਾਰਾਇਨ**—ਅਕਾਲ ਪੁਰਖ।

ਅਰਥ : ਜਿਸ ਮਨੁੱਖ ਨੇ ਅਟੱਲ ਪ੍ਰਭੂ ਦੀ ਮੂਰਤਿ (ਹੋਂਦ) ਨੂੰ ਸਦਾ ਮਨ ਵਿਚ ਵਸਾਇਆ ਹੈ, ਉਸ ਨੇ ਸਭ ਕੁਝ ਕਰਨ ਵਾਲੇ ਤੇ ਜੀਵਾਂ ਪਾਸੋਂ ਕਰਾਉਣ ਵਾਲੇ ਜਗਤ ਦੇ ਮੂਲ ਨੂੰ ਪਛਾਣ ਲਿਆ ਹੈ।

ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਭੂ ਦੀ ਹਸਤੀ ਦਾ ਯਕੀਨ ਬੱਝ ਗਿਆ ਹੈ, ਉਸ ਦੇ ਮਨ ਵਿਚ ਸੱਚਾ ਗਿਆਨ ਪ੍ਰਗਟ ਹੋ ਗਿਆ ਹੈ।

ਉਹ ਮਨੁੱਖ ਡਰ ਤੋਂ ਰਹਿਤ ਹੋ ਕੇ ਨਿਡਰ ਹੋ ਕੇ ਰਹਿੰਦਾ ਹੈ ਕਿਉਂਕਿ ਉਹ ਸਦਾ ਪ੍ਰਭੂ ਵਿਚ ਲੀਨ ਰਹਿੰਦਾ ਹੈ, ਜਿਸ ਨੇ ਕਿ ਉਸ ਨੂੰ ਪੈਦਾ ਕੀਤਾ ਹੈ।

ਜਿਵੇਂ ਇਕ ਚੀਜ਼ ਲੈ ਕੇ ਉਸ ਪ੍ਰਕਾਰ ਦੀ ਚੀਜ਼ ਵਿਚ ਰਲਾ ਦਿੱਤੀ ਜਾਏ ਤਾਂ ਦੋਹਾਂ ਦਾ ਕੋਈ ਫਰਕ ਨਹੀਂ ਰਹਿ ਜਾਂਦਾ, ਤਿਵੇਂ ਜੋ ਮਨੁੱਖ ਪ੍ਰਭੂ ਚਰਨਾਂ ਵਿਚ ਲੀਨ ਹੈ, ਉਸ ਨੂੰ ਪ੍ਰਭੂ ਤੋਂ ਵੱਖਰਾ ਨਹੀਂ ਕਿਹਾ ਜਾ ਸਕਦਾ।

ਪਰ ਇਸ ਵਿਚਾਰ ਨੂੰ ਵਿਚਾਰਨ ਵਾਲਾ ਕੋਈ ਵਿਰਲਾ ਹੀ ਸਮਝਦਾ ਹੈ। ਹੇ ਨਾਨਕ! ਜਿਹੜੇ ਜੀਵ ਪ੍ਰਭੂ ਨੂੰ ਮਿਲ ਪਏ ਹਨ, ਉਹ ਉਸ ਨਾਲ ਇਕ ਰੂਪ ਹੋ ਗਏ ਹਨ॥ ੨॥

ਠਾਕੁਰ ਕਾ ਸੇਵਕੁ ਆਗਿਆਕਾਰੀ॥ ਠਾਕੁਰ ਕਾ ਸੇਵਕੁ ਸਦਾ ਪੂਜਾਰੀ॥
ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ॥ ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ॥
ਠਾਕੁਰ ਕਉ ਸੇਵਕੁ ਜਾਨੈ ਸੰਗਿ॥ ਪ੍ਰਭ ਕਾ ਸੇਵਕੁ ਨਾਮ ਕੈ ਰੰਗਿ॥
ਸੇਵਕ ਕਉ ਪ੍ਰਭ ਪਾਲਨਹਾਰਾ॥ ਸੇਵਕ ਕੀ ਰਾਖੈ ਨਿਰੰਕਾਰਾ॥
ਸੋ ਸੇਵਕੁ ਜਿਸੁ ਦਇਆ ਪ੍ਰਭੁ ਧਾਰੈ॥ ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ॥ ੩॥

ਪਦ ਅਰਥ : ਆਗਿਆਕਾਰੀ—ਹੁਕਮ ਮੰਨਣ ਵਾਲਾ। ਪਰਤੀਤਿ—ਸ਼ਰਧਾ, ਸਿਦਕ। ਸਾਸਿ ਸਾਸਿ—ਦਮ-ਬ-ਦਮ। ਸਮਾਰੈ—ਯਾਦ ਕਰਦਾ ਹੈ।

ਅਰਥ : ਪ੍ਰਭੂ ਦਾ ਸੇਵਕ ਪ੍ਰਭੂ ਦੇ ਹੁਕਮ ਵਿਚ ਤੁਰਦਾ ਹੈ ਤੇ ਸਦਾ ਉਸ ਦੀ ਪੂਜਾ ਕਰਦਾ ਹੈ।

ਪਰਮਾਤਮਾ ਦੇ ਸੇਵਕ ਦੇ ਮਨ ਵਿਚ ਉਸ ਦੀ ਹਸਤੀ ਦਾ ਵਿਸ਼ਵਾਸ ਰਹਿੰਦਾ ਹੈ, ਇਸੇ ਹੀ ਕਰਕੇ ਉਸਦੇ ਜੀਵਨ ਦੀ ਸੁੱਚੀ ਮਰਯਾਦਾ ਹੁੰਦੀ ਹੈ।

ਸੇਵਕ ਆਪਣੇ ਮਾਲਕ ਪ੍ਰਭੂ ਨੂੰ ਹਰ ਵੇਲੇ ਆਪਣੇ ਨਾਲ ਜਾਣਦਾ ਹੈ ਅਤੇ ਉਸ ਦੇ ਨਾਮ ਦੀ ਮੌਜ ਵਿਚ ਰਹਿੰਦਾ ਹੈ।

ਪ੍ਰਭੂ ਆਪਣੇ ਸੇਵਕ ਨੂੰ ਪਾਲਣ ਵਾਲਾ ਹੈ ਤੇ ਆਪਣੇ ਸੇਵਕ ਦੀ ਸਦਾ ਲਾਜ ਰੱਖਦਾ ਹੈ।

ਪਰ ਉਹੀ ਮਨੁੱਖ ਸੇਵਕ ਬਣ ਸਕਦਾ ਹੈ, ਜਿਸ ਉੱਤੇ ਪ੍ਰਭੂ ਆਪ ਮਿਹਰ ਕਰਦਾ ਹੈ। ਹੇ ਨਾਨਕ! ਅਜਿਹਾ ਸੇਵਕ ਦਮ-ਬ-ਦਮ ਪ੍ਰਭੂ ਨੂੰ ਯਾਦ ਰੱਖਦਾ ਹੈ॥ ੩॥

ਅਪੁਨੇ ਜਨ ਕਾ ਪਰਦਾ ਢਾਕੈ॥ ਅਪਨੇ ਸੇਵਕ ਕੀ ਸਰਪਰ ਰਾਖੈ॥
ਅਪਨੇ ਦਾਸ ਕਉ ਦੇਇ ਵਡਾਈ॥ ਅਪਨੇ ਸੇਵਕ ਕਉ ਨਾਮੁ ਜਪਾਈ॥
ਅਪਨੇ ਸੇਵਕ ਕੀ ਆਪਿ ਪਤਿ ਰਾਖੈ॥ ਤਾ ਕੀ ਗਤਿ ਮਿਤਿ ਕੋਇ ਨ ਲਾਖੈ॥
ਪ੍ਰਭ ਕੇ ਸੇਵਕ ਕਉ ਕੋ ਨ ਪਹੂਚੈ॥ ਪ੍ਰਭ ਕੇ ਸੇਵਕ ਊਚ ਤੇ ਊਚੇ॥
ਜੋ ਪ੍ਰਭਿ ਅਪਨੀ ਸੇਵਾ ਲਾਇਆ॥ ਨਾਨਕ ਸੋ ਸੇਵਕੁ ਦਹ ਦਿਸਿ ਪ੍ਰਗਟਾਇਆ॥ ੪॥

ਪਦ ਅਰਥ : ਪਰਦਾ ਢਾਕੈ—ਔਗੁਣਾਂ 'ਤੇ ਪਰਦਾ ਪਾਉਂਦਾ ਹੈ। ਸਰਪਰ—ਜ਼ਰੂਰ। ਪਤਿ—ਇੱਜ਼ਤ। ਗਤਿ—ਹਾਲਤ। ਮਿਤਿ—ਮਿਣਤੀ, ਅੰਦਾਜ਼ਾ। ਨ ਲਾਖੈ—ਨਹੀਂ ਸਮਝ ਸਕਦਾ। ਦਹ ਦਿਸਿ—ਦਸ ਪਾਸੇ।

ਅਰਥ : ਪ੍ਰਭੂ ਆਪਣੇ ਸੇਵਕ ਦਾ ਪਰਦਾ ਢਕਦਾ ਹੈ ਤੇ ਉਸ ਦੀ ਲਾਜ ਜ਼ਰੂਰ ਰੱਖਦਾ ਹੈ।

ਪ੍ਰਭੂ ਆਪਣੇ ਸੇਵਕ ਨੂੰ ਮਾਣ ਬਖਸ਼ਦਾ ਹੈ ਤੇ ਉਸ ਤੋਂ ਆਪਣਾ ਨਾਮ ਜਪਾਉਂਦਾ ਹੈ।

ਪ੍ਰਭੂ ਆਪਣੇ ਸੇਵਕ ਦੀ ਇੱਜ਼ਤ ਆਪ ਰੱਖਦਾ ਹੈ, ਉਸ ਦੀ ਉੱਚੀ ਅਵਸਥਾ ਤੇ ਉਸਦੇ ਵਡੱਪਣ ਦਾ ਅੰਦਾਜ਼ਾ ਕੋਈ ਨਹੀਂ ਲਗਾ ਸਕਦਾ।

ਕੋਈ ਮਨੁੱਖ ਪ੍ਰਭੂ ਦੇ ਸੇਵਕ ਦੀ ਬਰਾਬਰੀ ਨਹੀਂ ਕਰ ਸਕਦਾ ਕਿਉਂਕਿ ਪ੍ਰਭੂ ਦੇ ਸੇਵਕ ਉੱਚਿਆਂ ਤੋਂ ਉੱਚੇ ਹੁੰਦੇ ਹਨ।

ਪਰ ਹੇ ਨਾਨਕ! ਉਹ ਸੇਵਕ ਸਾਰੇ ਸੰਸਾਰ ਵਿਚ ਪ੍ਰਗਟ ਹੋਇਆ ਹੈ, ਜਿਸ ਨੂੰ ਪ੍ਰਭੂ ਨੇ ਆਪ ਆਪਣੀ ਸੇਵਾ ਵਿਚ ਲਾਇਆ ਹੈ॥ ੪॥

ਨੀਕੀ ਕੀਰੀ ਮਹਿ ਕਲ ਰਾਖੈ॥ ਭਸਮ ਕਰੈ ਲਸਕਰ ਕੋਟਿ ਲਾਖੈ॥
ਜਿਸ ਕਾ ਸਾਸੁ ਨ ਕਾਢਤ ਆਪਿ॥ ਤਾ ਕਉ ਰਾਖਤ ਦੇ ਕਰਿ ਹਾਥ॥
ਮਾਨਸ ਜਤਨ ਕਰਤ ਬਹੁ ਭਾਤਿ॥ ਤਿਸ ਕੇ ਕਰਤਬ ਬਿਰਥੇ ਜਾਤਿ॥
ਮਾਰੈ ਨ ਰਾਖੈ ਅਵਰੁ ਨ ਕੋਇ॥ ਸਰਬ ਜੀਆ ਕਾ ਰਾਖਾ ਸੋਇ॥
ਕਾਹੇ ਸੋਚ ਕਰਹਿ ਰੇ ਪ੍ਰਾਣੀ॥ ਜਪਿ ਨਾਨਕ ਪ੍ਰਭ ਅਲਖ ਵਿਡਾਣੀ॥ ੫॥

ਪਦ ਅਰਥ : **ਨੀਕੀ**—ਨਿੱਕੀ। **ਕੀਰੀ**—ਕੀੜੀ। **ਕਲ**-ਤਾਕਤ। **ਭਸਮ**—ਸੁਆਹ। **ਕੋਟਿ**—ਕਰੋੜ। **ਮਾਨਸ**—ਮਨੁੱਖ। **ਕਰਤਬ**—ਕੰਮ। **ਅਵਰੁ**—ਹੋਰ। **ਅਲਖ**—ਜਿਸ ਦਾ ਬਿਆਨ ਨਾ ਹੋ ਸਕੇ। **ਵਿਡਾਣੀ**—ਅਚਰਜ।

ਅਰਥ : ਜਿਸ ਨਿੱਕੀ ਜਿਹੀ ਕੀੜੀ ਵਿਚ ਪ੍ਰਭੂ ਤਾਕਤ ਭਰਦਾ ਹੈ, ਉਹ ਕੀੜੀ ਲੱਖਾਂ ਕਰੋੜਾਂ ਲਸ਼ਕਰਾਂ ਨੂੰ ਸੁਆਹ ਕਰ ਦਿੰਦੀ ਹੈ।

ਜਿਸ ਜੀਵ ਦਾ ਸੁਆਸ ਪ੍ਰਭੂ ਆਪ ਨਹੀਂ ਕੱਢਦਾ, ਉਸ ਨੂੰ ਆਪਣਾ ਹੱਥ ਦੇ ਕੇ ਰੱਖਦਾ ਹੈ।

ਮਨੁੱਖ ਕਈ ਕਿਸਮ ਦੇ ਯਤਨ ਕਰਦਾ ਹੈ ਪਰ ਜੇ ਪ੍ਰਭੂ ਸਹਾਇਤਾ ਨਾ ਕਰੇ ਤਾਂ ਉਸ ਦੇ ਕੰਮ ਵਿਅਰਥ ਹਨ।

ਪ੍ਰਭੂ ਤੋਂ ਬਿਨਾਂ ਨਾ ਕੋਈ ਜੀਵਾਂ ਨੂੰ ਮਾਰ ਸਕਦਾ ਹੈ, ਨਾ ਰੱਖ ਸਕਦਾ ਹੈ। ਪ੍ਰਭੂ ਜੇਡਾ ਹੋਰ ਕੋਈ ਨਹੀਂ ਹੈ। ਸਾਰੇ ਜੀਵਾਂ ਦਾ ਰਾਖਾ ਪ੍ਰਭੂ ਆਪ ਹੈ।

ਹੇ ਪ੍ਰਾਣੀ! ਤੂੰ ਕਿਉਂ ਫਿਕਰ ਕਰਦਾ ਹੈਂ? ਹੇ ਨਾਨਕ! ਨਾ ਬਿਆਨ ਕੀਤੇ ਜਾਣ ਵਾਲੇ ਤੇ ਅਚਰਜ ਪ੍ਰਭੂ ਨੂੰ ਸਿਮਰ॥ ੫॥

ਬਾਰੰਬਾਰ ਬਾਰ ਪ੍ਰਭੁ ਜਪੀਐ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥
ਨਾਮ ਰਤਨੁ ਜਿਨਿ ਗੁਰਮੁਖਿ ਪਾਇਆ॥ ਤਿਸੁ ਕਿਛੁ ਅਵਰੁ ਨਾਹੀ ਦ੍ਰਿਸਟਾਇਆ॥
ਨਾਮੁ ਧਨੁ ਨਾਮੋ ਰੂਪੁ ਰੰਗੁ॥ ਨਾਮੋ ਸੁਖੁ ਹਰਿ ਨਾਮ ਕਾ ਸੰਗੁ॥
ਨਾਮਿ ਰਸਿ ਜੋ ਜਨ ਤ੍ਰਿਪਤਾਨੇ॥ ਮਨ ਤਨ ਨਾਮਹਿ ਨਾਮਿ ਸਮਾਨੇ॥

ਊਠਤ ਬੈਠਤ ਸੋਵਤ ਨਾਮ॥ ਕਹੁ ਨਾਨਕ ਜਨ ਕੈ ਸਦ ਕਾਮ॥੬॥

ਪਦ ਅਰਥ : **ਧ੍ਰਪੀਐ**—ਤ੍ਰਿਪਤ ਕਰੀਏ। **ਗੁਰਮੁਖਿ**—ਜਿਸ ਦਾ ਮੁਖ ਗੁਰੂ ਵਲ ਹੈ। **ਦ੍ਰਿਸਟਾਇਆ**—ਵੇਖਿਆ। **ਰੂਪੁ ਰੰਗੁ**—ਸੁੰਦਰਤਾ। **ਤ੍ਰਿਪਤਾਨੇ**—ਰੱਜ ਗਏ ਹਨ। **ਨਾਮਹਿ ਨਾਮਿ**—ਨਾਮ ਹੀ ਨਾਮ ਵਿਚ। **ਸਮਾਨੇ**—ਜੁੜੇ ਰਹਿੰਦੇ ਹਨ। **ਜਨ ਕੈ**—ਸੇਵਕ ਦੇ ਹਿਰਦੇ ਵਿਚ।

ਅਰਥ : ਹੇ ਭਾਈ! ਬਾਰ ਬਾਰ ਪ੍ਰਭੂ ਨੂੰ ਸਿਮਰੀਏ ਤੇ ਇਹ ਨਾਮ ਅੰਮ੍ਰਿਤ ਪੀ ਕੇ ਮਨ ਨੂੰ ਤੇ ਸਰੀਰਕ ਇੰਦਰੀਆਂ ਨੂੰ ਰਜਾ ਦੇਈਏ।

ਜਿਸ ਗੁਰਮੁਖ ਨੇ ਨਾਮ-ਰੂਪੀ ਰਤਨ ਲੱਭ ਲਿਆ ਹੈ, ਉਸ ਨੂੰ ਪ੍ਰਭੂ ਤੋਂ ਬਿਨਾਂ ਕਿਤੇ ਹੋਰ ਕੁਝ ਨਹੀਂ ਦਿਸਦਾ।

ਨਾਮ ਉਸ ਗੁਰਮੁਖ ਦਾ ਧਨ ਹੈ ਅਤੇ ਨਾਮ ਹੀ ਉਸ ਦੀ ਸੁੰਦਰਤਾ ਹੈ। ਪ੍ਰਭੂ ਦੇ ਨਾਮ ਦਾ ਉਹ ਸਦਾ ਸੰਗ ਕਰਦਾ ਹੈ ਜੋ ਉਸ ਨੂੰ ਸੁਖ ਦਿੰਦਾ ਹੈ।

ਜੋ ਮਨੁੱਖ ਨਾਮ ਦੇ ਸੁਆਦ ਨਾਲ ਰੱਜ ਗਏ ਹਨ, ਉਨ੍ਹਾਂ ਦੇ ਮਨ ਤਨ ਕੇਵਲ ਪ੍ਰਭੂ-ਨਾਮ ਵਿਚ ਹੀ ਜੁੜੇ ਰਹਿੰਦੇ ਹਨ।

ਹੇ ਨਾਨਕ! ਇਉਂ ਕਹੋ ਕਿ ਉਠਦਿਆਂ, ਬੈਠਦਿਆਂ, ਸੁੱਤਿਆਂ ਹਰ ਵੇਲੇ ਪ੍ਰਭੂ ਦਾ ਨਾਮ ਸਿਮਰਨਾ ਹੀ ਸੇਵਕਾਂ ਦਾ ਆਹਰ ਹੁੰਦਾ ਹੈ॥ ੬॥

ਬੋਲਹੁ ਜਸੁ ਜਿਹਬਾ ਦਿਨੁ ਰਾਤਿ॥ ਪ੍ਰਭਿ ਅਪਨੈ ਜਨ ਕੀਨੀ ਦਾਤਿ॥
ਕਰਹਿ ਭਗਤਿ ਆਤਮ ਕੈ ਚਾਇ॥ ਪ੍ਰਭ ਅਪਨੇ ਸਿਉ ਰਹਹਿ ਸਮਾਇ॥
ਜੋ ਹੋਆ ਹੋਵਤ ਸੋ ਜਾਨੈ॥ ਪ੍ਰਭ ਅਪਨੇ ਕਾ ਹੁਕਮੁ ਪਛਾਨੈ॥
ਤਿਸ ਕੀ ਮਹਿਮਾ ਕਉਨ ਬਖਾਨਉ॥ ਤਿਸ ਕਾ ਗੁਨੁ ਕਹਿ ਏਕ ਨ ਜਾਨਉ॥
ਆਠ ਪਹਰ ਪ੍ਰਭ ਬਸਹਿ ਹਜੂਰੇ॥ ਕਹੁ ਨਾਨਕ ਸੇਈ ਜਨ ਪੂਰੇ॥੭॥

ਪਦ ਅਰਥ : **ਜਿਹਬਾ**—ਜੀਭ ਨਾਲ। **ਚਾਇ**—ਚਾਉ ਨਾਲ। **ਬਖਾਨਉ**—ਮੈਂ ਦੱਸਾਂ।

ਅਰਥ : ਹੇ ਭਾਈ! ਦਿਨ ਰਾਤ ਆਪਣੀ ਜੀਭ ਨਾਲ ਪ੍ਰਭੂ ਦੇ ਗੁਣ ਗਾਓ। ਸਿਫਤ-ਸਲਾਹ ਦੀ ਇਹ ਬਖਸ਼ਸ਼ ਪ੍ਰਭੂ ਨੇ ਆਪਣੇ ਸੇਵਕਾਂ ਨੂੰ ਹੀ ਕੀਤੀ ਹੈ।

ਸੇਵਕ ਅੰਦਰਲੇ ਉਤਸ਼ਾਹ ਨਾਲ ਭਗਤੀ ਕਰਦੇ ਹਨ ਤੇ ਆਪਣੇ ਪ੍ਰਭੂ ਨਾਲ ਜੁੜੇ ਰਹਿੰਦੇ ਹਨ।

ਸੇਵਕ ਆਪਣੇ ਪ੍ਰਭੂ ਦਾ ਹੁਕਮ ਪਛਾਣ ਲੈਂਦਾ ਹੈ ਤੇ ਜੋ ਕੁਝ ਹੋ ਰਿਹਾ ਹੈ ਉਸ ਨੂੰ ਰਜ਼ਾ ਜਾਣਦਾ ਹੈ।

ਇਹੋ ਜਿਹੇ ਸੇਵਕ ਦੀ ਕਿਹੜੀ ਵਡਿਆਈ ਮੈਂ ਦੱਸਾਂ? ਮੈਂ ਉਸ ਸੇਵਕ ਦਾ ਇਕ ਗੁਣ ਵੀ ਬਿਆਨ ਨਹੀਂ ਕਰਨਾ ਜਾਣਦਾ!

ਹੇ ਨਾਨਕ! ਇਉਂ ਆਖ ਕਿ ਉਹ ਮਨੁੱਖ ਹੀ ਪੂਰੇ ਹਨ ਜੋ ਅੱਠੇ ਪਹਿਰ ਪ੍ਰਭੂ

ਦੀ ਹਜ਼ੂਰੀ ਵਿਚ ਵਸਦੇ ਹਨ॥ ੭॥

ਮਨ ਮੇਰੇ ਤਿਨ ਕੀ ਓਟ ਲੇਹਿ॥ ਮਨੁ ਤਨੁ ਅਪਨਾ ਤਿਨ ਜਨ ਦੇਹਿ॥
ਜਿਨਿ ਜਨਿ ਅਪਨਾ ਪ੍ਰਭੂ ਪਛਾਤਾ॥ ਸੋ ਜਨੁ ਸਰਬ ਥੋਕ ਕਾ ਦਾਤਾ॥
ਤਿਸ ਕੀ ਸਰਨਿ ਸਰਬ ਸੁਖ ਪਾਵਹਿ॥ ਤਿਸ ਕੈ ਦਰਸਿ ਸਭ ਪਾਪ ਮਿਟਾਵਹਿ॥
ਅਵਰ ਸਿਆਨਪ ਸਗਲੀ ਛਾਡੁ॥ ਤਿਸੁ ਜਨ ਕੀ ਤੂ ਸੇਵਾ ਲਾਗੁ॥
ਆਵਨੁ ਜਾਨੁ ਨ ਹੋਵੀ ਤੇਰਾ॥ ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ॥ ੮॥ ੧੭॥

ਪਦ ਅਰਥ : ਥੋਕ—ਪਦਾਰਥ। ਦਰਸਿ—ਦੀਦਾਰ ਕਰਨ ਨਾਲ। ਸਿਆਨਪ—ਚਤੁਰਾਈ। ਆਵਨੁ ਜਾਨੁ—ਜਨਮ ਤੇ ਮਰਨ।

ਅਰਥ : ਹੇ ਮੇਰੇ ਮਨ! ਜੋ ਮਨੁੱਖ ਸਦਾ ਪ੍ਰਭੂ ਦੀ ਹਜ਼ੂਰੀ ਵਿਚ ਵੱਸਦੇ ਹਨ, ਉਨ੍ਹਾਂ ਦੀ ਸਰਣੀ ਪਉ ਅਤੇ ਆਪਣਾ ਤਨ ਮਨ ਉਨ੍ਹਾਂ ਤੋਂ ਵਾਰ ਦੇ।

ਜਿਸ ਮਨੁੱਖ ਨੇ ਆਪਣੇ ਪ੍ਰਭੂ ਨੂੰ ਪਛਾਣ ਲਿਆ ਹੈ, ਉਹ ਮਨੁੱਖ ਸਾਰੇ ਪਦਾਰਥ ਦੇਣ ਦੇ ਸਮਰੱਥ ਹੋ ਜਾਂਦਾ ਹੈ।

ਹੇ ਮਨ! ਉਸ (ਸੇਵਕ) ਦੀ ਸ਼ਰਨ ਪਿਆਂ ਤੂੰ ਸਾਰੇ ਸੁਖ ਪਾਵੇਂਗਾ, ਉਸ ਦੇ ਦਰਸ਼ਨ ਕਰਨ ਨਾਲ ਤੂੰ ਸਾਰੇ ਪਾਪ ਦੂਰ ਕਰ ਲਵੇਂਗਾ।

ਹੋਰ ਸਾਰੀ ਚਤੁਰਾਈ ਛੱਡ ਦੇ ਤੇ ਉਸ ਸੇਵਕ ਦੀ ਸੇਵਾ ਵਿਚ ਜੁਟ ਜਾ।

ਹੇ ਨਾਨਕ! ਉਸ ਸੰਤ ਜਨ ਦੇ ਸਦਾ ਪੈਰ ਪੂਜ; ਭਾਵ, ਉਸ ਨਾਲ ਮਿਲਿਆ ਰਹੁ। ਇਸ ਤਰ੍ਹਾਂ ਮੁੜ ਮੁੜ ਸੰਸਾਰ ਵਿਚ ਆਉਣਾ-ਜਾਣਾ ਖ਼ਤਮ ਹੋ ਜਾਵੇਗਾ॥ ੮॥ ੧੭॥

ਸ਼ਬਦ ਉਚਾਰਨ : ਜੀਆਂ, ਕਰਹਿਂ, ਸਿਉਂ, ਰਹਹਿਂ, ਬਖਾਨਉਂ, ਜਾਨਉਂ, ਬਸਹਿਂ, ਪਾਵਹਿਂ, ਮਿਟਾਵਹਿਂ ਬਿੰਦੀ ਸਹਿਤ ਉਚਾਰਨ ਕਰਨੇ ਹਨ।

ਨੋਟ : 'ਭਿ' ਨੂੰ 'ਭੀ' ਉਚਾਰਨਾ ਅਸ਼ੁੱਧ ਹੈ।

॥ ਸਲੋਕੁ ॥

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥ ੧॥

ਪਦ ਅਰਥ : ਸਤਿ ਪੁਰਖੁ—ਉਹ ਜੋ ਸਦਾ ਥਿਰ ਹੈ ਤੇ ਸਭ ਵਿਚ ਵਿਆਪਕ ਹੈ। ਉਧਰੈ—ਵਿਕਾਰਾਂ ਤੋਂ ਬਚ ਜਾਂਦਾ ਹੈ।

ਅਰਥ : ਜਿਸ ਨੇ ਸਦਾ ਥਿਰ ਤੇ ਸਰਬ ਵਿਆਪਕ ਪ੍ਰਭੂ ਨੂੰ ਜਾਣ ਲਿਆ ਹੈ, ਉਸ ਦਾ ਨਾਮ ਸਤਿਗੁਰੂ ਹੈ। ਉਸ ਦੀ ਸੰਗਤ ਵਿਚ ਰਹਿ ਕੇ ਸਿੱਖ ਵਿਕਾਰਾਂ ਤੋਂ ਬਚ ਜਾਂਦਾ ਹੈ, ਤਾਂ ਤੇ ਹੇ ਨਾਨਕ! ਤੂੰ ਵੀ ਗੁਰੂ ਦੀ ਸੰਗਤ ਵਿਚ ਰਹਿ ਕੇ ਪ੍ਰਭੂ ਦੇ ਗੁਣ ਗਾ॥ ੧॥

ਅਸਟਪਦੀ॥

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥ ਸੇਵਕ ਕਉ ਗੁਰੁ ਸਦਾ ਦਇਆਲ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥ ਗੁਰ ਬਚਨੀ ਹਰਿ ਨਾਮੁ ਉਚਰੈ॥
ਸਤਿਗੁਰੁ ਸਿਖ ਕੇ ਬੰਧਨ ਕਾਟੈ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥ ਗੁਰ ਕਾ ਸਿਖੁ ਵਡਭਾਗੀ ਹੇ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥੧॥

ਪਦ ਅਰਥ : ਪ੍ਰਤਿਪਾਲ—ਰੱਖਿਆ। ਦੁਰਮਤਿ—ਭੈੜੀ ਮੱਤ। ਹਿਰੈ—ਦੂਰ ਕਰਦਾ ਹੈ। ਗੁਰ ਬਚਨੀ—ਗੁਰੂ ਦੇ ਬਚਨਾਂ ਨਾਲ। ਹਾਟੈ—ਹਟ ਜਾਂਦਾ ਹੈ। ਹਲਤੁ—ਇਹ ਲੋਕ। ਪਲਤੁ—ਪਰਲੋਕ।

ਅਰਥ : ਸਤਿਗੁਰੂ ਸਿੱਖ ਦੀ ਰੱਖਿਆ ਕਰਦਾ ਹੈ। ਸਤਿਗੁਰੂ ਆਪਣੇ ਸੇਵਕ ਉੱਤੇ ਸਦਾ ਮਿਹਰ ਕਰਦਾ ਹੈ।

ਸਤਿਗੁਰੂ ਆਪਣੇ ਸਿੱਖ ਦੀ ਭੈੜੀ ਮੱਤ ਰੂਪੀ ਮੈਲ ਦੂਰ ਕਰ ਦਿੰਦਾ ਹੈ ਕਿਉਂਕਿ ਸਿੱਖ ਆਪਣੇ ਸਤਿਗੁਰੂ ਦੇ ਉਪਦੇਸ਼ ਰਾਹੀਂ ਪ੍ਰਭੂ ਦਾ ਨਾਮ ਸਿਮਰਦਾ ਹੈ।

ਸਤਿਗੁਰੂ ਆਪਣੇ ਸਿੱਖ ਦੇ ਮਾਇਆ ਦੇ ਬੰਧਨ ਕੱਟ ਦਿੰਦਾ ਹੈ ਅਤੇ ਗੁਰੂ ਦਾ ਸਿੱਖ ਵਿਕਾਰਾਂ ਵਲੋਂ ਹਟ ਜਾਂਦਾ ਹੈ;

ਸਤਿਗੁਰੂ ਆਪਣੇ ਸਿੱਖ ਨੂੰ ਪ੍ਰਭੂ ਦਾ ਨਾਮ ਰੂਪੀ ਧਨ ਦਿੰਦਾ ਹੈ ਤੇ ਇਸ ਤਰ੍ਹਾਂ ਸਤਿਗੁਰੂ ਦਾ ਸਿੱਖ ਵੱਡੇ ਭਾਗਾਂ ਵਾਲਾ ਬਣ ਜਾਂਦਾ ਹੈ।

ਸਤਿਗੁਰੂ ਆਪਣੇ ਸਿੱਖ ਦਾ ਲੋਕ-ਪਰਲੋਕ ਸਵਾਰ ਦਿੰਦਾ ਹੈ। ਹੇ ਨਾਨਕ! ਸਤਿਗੁਰੂ ਆਪਣੇ ਸਿੱਖ ਨੂੰ ਆਪਣੀ ਜਿੰਦ ਦੇ ਨਾਲ ਯਾਦ ਰੱਖਦਾ ਹੈ॥ ੧॥

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ॥
ਆਪਸ ਕਉ ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥
ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥
ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ॥ ੨॥

ਪਦ ਅਰਥ : ਗ੍ਰਿਹਿ—ਘਰ ਵਿਚ। ਸਹੈ—ਸਹਾਰਦਾ ਹੈ। ਜਨਾਵੈ—ਜਣਾਉਂਦਾ ਹੈ। ਰਾਸਿ—ਸਫ਼ਲ। ਨਿਹਕਾਮੀ—ਕਾਮਨਾ ਰਹਿਤ। ਸੁਆਮੀ—ਮਾਲਕ, ਪ੍ਰਭੂ।

ਅਰਥ : ਜਿਹੜਾ ਸੇਵਕ ਗੁਰੂ ਦੇ ਘਰ ਅਥਵਾ ਦਰ 'ਤੇ ਰਹਿੰਦਾ ਹੈ ਤੇ ਗੁਰੂ ਦੇ ਹੁਕਮ ਨੂੰ ਮਨ ਵਿਚ ਮੰਨਦਾ ਹੈ;

ਜੋ ਆਪਣੇ ਆਪ ਨੂੰ ਵੱਡਾ ਨਹੀਂ ਜਤਾਉਂਦਾ, ਪ੍ਰਭੂ ਦਾ ਨਾਮ ਸਦਾ ਹਿਰਦੇ ਵਿਚ

ਧਿਆਉਂਦਾ ਹੈ;

ਜੋ ਆਪਣਾ ਮਨ ਸਤਿਗੁਰੂ ਅੱਗੇ ਵੇਚ ਦਿੰਦਾ ਹੈ, ਉਸ ਸੇਵਕ ਦੇ ਸਾਰੇ ਕੰਮ ਸਿਰੇ ਚੜ੍ਹ ਜਾਂਦੇ ਹਨ।

ਜੋ ਸੇਵਕ ਗੁਰੂ ਦੀ ਸੇਵਾ ਕਰਦਾ ਹੋਇਆ ਕਿਸੇ ਫਲ ਦੀ ਖਾਹਸ਼ ਨਹੀਂ ਰੱਖਦਾ, ਉਸ ਨੂੰ ਮਾਲਕ ਪ੍ਰਭੂ ਮਿਲ ਪੈਂਦਾ ਹੈ।

ਹੇ ਨਾਨਕ! ਉਹ ਸੇਵਕ ਸਤਿਗੁਰੂ ਦੀ ਸਿੱਖਿਆ ਲੈਂਦਾ ਹੈ, ਜਿਸ ਉੱਤੇ ਪ੍ਰਭੂ ਆਪਣੀ ਮਿਹਰ ਕਰਦਾ ਹੈ॥ ੨॥

ਬੀਸ ਬਿਸਵੇ ਗੁਰ ਕਾ ਮਨੁ ਮਾਨੈ॥ ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ॥
ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ॥ ਅਨਿਕ ਬਾਰ ਗੁਰ ਕਉ ਬਲਿ ਜਾਉ॥
ਸਰਬ ਨਿਧਾਨ ਜੀਅ ਕਾ ਦਾਤਾ॥ ਆਠ ਪਹਰ ਪਾਰਬ੍ਰਹਮ ਰੰਗਿ ਰਾਤਾ॥
ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ॥ ਏਕਹਿ ਆਪਿ ਨਹੀ ਕਛੁ ਭਰਮੁ॥
ਸਹਸ ਸਿਆਨਪ ਲਇਆ ਨ ਜਾਈਐ॥
ਨਾਨਕ ਐਸਾ ਗੁਰੁ ਬਡਭਾਗੀ ਪਾਈਐ॥ ੩॥

ਪਦ ਅਰਥ : ਬੀਸ ਬਿਸਵੇ—ਵੀਹ ਵਿਸਵੇ, ਪੂਰੇ ਤੌਰ 'ਤੇ। ਅਨਿਕ ਬਾਰ—ਕਈ ਵਾਰੀ। ਨਿਧਾਨ—ਖਜ਼ਾਨੇ। ਜੀਅ—ਜਿੰਦ। ਪਾਰਬ੍ਰਹਮ ਰੰਗਿ—ਪ੍ਰਭੂ ਦੇ ਪਿਆਰ ਵਿਚ। ਰਾਤਾ—ਰੰਗਿਆ ਹੋਇਆ। ਸਹਸ—ਹਜ਼ਾਰਾਂ।

ਅਰਥ : ਜੋ ਸੇਵਕ ਆਪਣੇ ਸਤਿਗੁਰੂ ਨੂੰ ਆਪਣੀ ਸ਼ਰਧਾ ਦਾ ਪੂਰੇ ਤੌਰ 'ਤੇ ਯਕੀਨ ਦਿਵਾ ਦਿੰਦਾ ਹੈ, ਉਹ ਅਕਾਲ ਪੁਰਖ ਦੀ ਅਵਸਥਾ ਨੂੰ ਸਮਝ ਲੈਂਦਾ ਹੈ।

ਸਤਿਗੁਰੂ ਵੀ ਉਹ ਹੈ ਜਿਸ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਵੱਸਦਾ ਹੈ। ਮੈਂ ਐਸੇ ਗੁਰੂ ਤੋਂ ਕਈ ਵਾਰ ਸਦਕੇ ਜਾਂਦਾ ਹਾਂ।

ਸਤਿਗੁਰੂ ਸਾਰਿਆਂ ਖਜ਼ਾਨਿਆਂ ਦਾ ਤੇ ਆਤਮਕ-ਜੀਵਨ ਦਾ ਦੇਣ ਵਾਲਾ ਹੈ ਕਿਉਂਕਿ ਉਹ ਅੱਠੇ ਪਹਿਰ ਪ੍ਰਭੂ ਦੇ ਪਿਆਰ ਵਿਚ ਰੰਗਿਆ ਰਹਿੰਦਾ ਹੈ।

ਪ੍ਰਭੂ ਦਾ ਸੇਵਕ (ਸਤਿਗੁਰੂ) ਪ੍ਰਭੂ ਵਿਚ ਜੁੜਿਆ ਰਹਿੰਦਾ ਹੈ ਤੇ ਪ੍ਰਭੂ ਦੇ ਸੇਵਕ (ਸਤਿਗੁਰੂ) ਵਿਚ ਪ੍ਰਭੂ ਸਦਾ ਟਿਕਿਆ ਹੋਇਆ ਹੈ। ਗੁਰੂ ਤੇ ਪ੍ਰਭੂ ਇਕ ਰੂਪ ਹਨ। ਇਸ ਵਿਚ ਭੁਲੇਖੇ ਵਾਲੀ ਗੱਲ ਨਹੀਂ।

ਹੇ ਨਾਨਕ! ਹਜ਼ਾਰਾਂ ਚਤੁਰਾਈਆਂ ਨਾਲ ਅਜਿਹਾ ਗੁਰੂ ਨਹੀਂ ਮਿਲਦਾ, ਵੱਡੇ ਭਾਗਾਂ ਨਾਲ ਮਿਲਦਾ ਹੈ॥ ੩॥

ਸਫਲ ਦਰਸਨੁ ਪੇਖਤ ਪੁਨੀਤ॥ ਪਰਸਤ ਚਰਨ ਗਤਿ ਨਿਰਮਲ ਰੀਤਿ॥
ਭੇਟਤ ਸੰਗਿ ਰਾਮ ਗੁਨ ਰਵੇ॥ ਪਾਰਬ੍ਰਹਮ ਕੀ ਦਰਗਹ ਗਵੇ॥
ਸੁਨਿ ਕਰਿ ਬਚਨ ਕਰਨ ਆਘਾਨੇ॥ ਮਨਿ ਸੰਤੋਖੁ ਆਤਮ ਪਤੀਆਨੇ॥

ਪੂਰਾ ਗੁਰੁ ਅਖ੍ਹਓ ਜਾ ਕਾ ਮੰਤ੍ਰ ॥ ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ॥
ਗੁਣ ਬਿਅੰਤ ਕੀਮਤਿ ਨਹੀ ਪਾਇ ॥ ਨਾਨਕ ਜਿਸੁ ਭਾਵੈ ਤਿਸੁ ਲਏ ਮਿਲਾਇ ॥ ੪ ॥

ਪਦ ਅਰਥ : ਪੇਖਤ—ਵੇਖਦਿਆਂ। ਪੁਨੀਤ—ਪਵਿੱਤਰ। ਪਰਸਤ—ਛੋਹਿਆਂ। ਗਤਿ ਨਿਰਮਲ ਰੀਤਿ—ਉੱਚੀ ਅਵਸਥਾ ਤੇ ਸੁੱਚੀ ਰਹੁ-ਰੀਤ। ਭੇਟਤ—ਮਿਲਿਆਂ। ਰਵੈ—ਗਾਏ ਜਾਂਦੇ ਹਨ। ਗਵੈ—ਪਹੁੰਚ ਹੋ ਜਾਂਦੀ ਹੈ। ਕਰਨ—ਕੰਨ। ਆਘਾਨੇ—ਰੱਜ ਜਾਂਦੇ ਹਨ। ਪਤੀਆਨੇ—ਪਤੀਜ ਜਾਂਦੇ ਹਨ। ਅਖ੍ਹਉ—ਸਦਾ ਕਾਇਮ। ਪੇਖੈ—ਵੇਖਦਾ ਹੈ। ਮੰਤ੍ਰ—ਉਪਦੇਸ਼।

ਅਰਥ : ਗੁਰੂ ਦਾ ਦਰਸ਼ਨ ਸਾਰੇ ਫਲ ਦੇਣ ਵਾਲਾ ਹੈ। ਦਰਸ਼ਨ ਕੀਤਿਆਂ ਪਵਿੱਤਰ ਹੋ ਜਾਈਦਾ ਹੈ, ਗੁਰੂ ਦੇ ਚਰਨ ਛੋਹਿਆਂ ਉੱਚੀ ਅਵਸਥਾ ਤੇ ਸੁੱਚੀ ਰਹੁ-ਰੀਤ ਹੋ ਜਾਂਦੀ ਹੈ।

ਗੁਰੂ ਦੀ ਸੰਗਤ ਵਿਚ ਰਿਹਾਂ ਪ੍ਰਭੂ ਦੇ ਗੁਣ ਗਾ ਸਕੀਦੇ ਹਨ ਤੇ ਅਕਾਲ ਪੁਰਖ ਦੀ ਦਰਗਾਹ ਵਿਚ ਪਹੁੰਚ ਹੋ ਜਾਂਦੀ ਹੈ।

ਗੁਰੂ ਦੇ ਬਚਨ ਸੁਣ ਕੇ ਕੰਨ ਰੱਜ ਜਾਂਦੇ ਹਨ, ਮਨ ਵਿਚ ਸੰਤੋਖ ਆ ਜਾਂਦਾ ਹੈ ਤੇ ਆਤਮਾ ਪਸੀਜ ਜਾਂਦੀ ਹੈ।

ਸਤਿਗੁਰੂ ਪੂਰਨ ਪੁਰਖ ਹੈ, ਉਸ ਦਾ ਉਪਦੇਸ਼ ਵੀ ਸਦਾ ਲਈ ਅਟੱਲ ਹੈ। ਉਹ ਜਿਸ ਵੱਲ ਅਮਰ ਕਰਨ ਵਾਲੀ ਨਜ਼ਰ ਨਾਲ ਤੱਕਦਾ ਹੈ, ਉਹੀ ਸੰਤ ਹੋ ਜਾਂਦਾ ਹੈ।

ਸਤਿਗੁਰੂ ਦੇ ਗੁਣ ਬੇਅੰਤ ਹਨ, ਮੁੱਲ ਨਹੀਂ ਪੈ ਸਕਦਾ। ਹੇ ਨਾਨਕ! ਜੋ ਜੀਵ ਪ੍ਰਭੂ ਨੂੰ ਚੰਗਾ ਲਗਦਾ ਹੈ, ਉਸ ਨੂੰ ਗੁਰੂ ਨਾਲ ਮਿਲਾਉਂਦਾ ਹੈ॥ ੪॥

ਜਿਹਬਾ ਏਕ ਉਸਤਤਿ ਅਨੇਕ ॥ ਸਤਿ ਪੁਰਖ ਪੂਰਨ ਬਿਬੇਕ ॥
ਕਾਹੂ ਬੋਲ ਨ ਪਹੁਚਤ ਪ੍ਰਾਨੀ ॥ ਅਗਮ ਅਗੋਚਰ ਪ੍ਰਭ ਨਿਰਬਾਨੀ ॥
ਨਿਰਾਹਾਰ ਨਿਰਵੈਰ ਸੁਖਦਾਈ ॥ ਤਾ ਕੀ ਕੀਮਤਿ ਕਿਨੈ ਨ ਪਾਈ ॥
ਅਨਿਕ ਭਗਤ ਬੰਦਨ ਨਿਤ ਕਰਹਿ ॥ ਚਰਨ ਕਮਲ ਹਿਰਦੈ ਸਿਮਰਹਿ ॥
ਸਦ ਬਲਿਹਾਰੀ ਸਤਿਗੁਰ ਅਪਨੇ ॥ ਨਾਨਕ ਜਿਸੁ ਪ੍ਰਸਾਦਿ ਐਸਾ ਪ੍ਰਭੁ ਜਪਨੇ ॥ ੫ ॥

ਪਦ ਅਰਥ : ਉਸਤਤਿ—ਵਡਿਆਈ। ਬਿਬੇਕ—ਵਿਚਾਰ। ਅਗੋਚਰ—ਜਿਸ ਤੱਕ ਸਰੀਰਕ ਇੰਦਰਿਆਂ ਦੀ ਪਹੁੰਚ ਨਹੀਂ। ਨਿਰਬਾਨੀ—ਵਾਸ਼ਨਾ ਰਹਿਤ। ਨਿਰਾਹਾਰ—ਨਿਰ ਆਹਾਰ, ਖੁਰਾਕ ਤੋਂ ਬਿਨਾਂ। ਬੰਦਨ—ਨਮਸਕਾਰ। ਜਿਸੁ ਪ੍ਰਸਾਦਿ—ਜਿਸ ਦੀ ਕਿਰਪਾ ਨਾਲ।

ਅਰਥ : ਮਨੁੱਖ ਦੀ ਜੀਭ ਇਕ ਹੈ, ਪਰ ਪੂਰਨ ਪਰਖ ਵਾਲੇ ਅਤੇ ਸਦਾ-ਥਿਰ ਵਿਆਪਕ ਪ੍ਰਭੂ ਦੇ ਗੁਣ ਅਨੇਕਾਂ ਹਨ।

ਮਨੁੱਖ ਕਿਸੇ ਬੋਲ ਦੁਆਰਾ ਪ੍ਰਭੂ ਦੇ ਗੁਣਾਂ ਤੱਕ ਪਹੁੰਚ ਨਹੀਂ ਸਕਦਾ ਕਿਉਂਕਿ

ਪ੍ਰਭੂ ਪਹੁੰਚ ਤੋਂ ਪਰੇ ਹੈ, ਵਾਸ਼ਨਾ ਰਹਿਤ ਹੈ ਤੇ ਮਨੁੱਖ ਦੇ ਸਰੀਰਕ ਇੰਦਰਿਆਂ ਦੀ ਉਸ ਤੱਕ ਪਹੁੰਚ ਨਹੀਂ।

ਅਕਾਲ ਪੁਰਖ ਨੂੰ ਕਿਸੇ ਖੁਰਾਕ ਦੀ ਲੋੜ ਨਹੀਂ। ਪ੍ਰਭੂ ਵੈਰ-ਰਹਿਤ ਹੈ ਅਤੇ ਉਹ ਸੁਖ ਦੇਣ ਵਾਲਾ ਹੈ। ਕੋਈ ਜੀਵ ਉਸ ਦੇ ਗੁਣਾਂ ਦਾ ਮੁੱਲ ਨਹੀਂ ਪਾ ਸਕਿਆ।

ਅਨੇਕਾਂ ਭਗਤ ਸਦਾ ਪ੍ਰਭੂ ਨੂੰ ਨਮਸਕਾਰ ਕਰਦੇ ਹਨ ਅਤੇ ਉਸ ਦੇ ਕੰਵਲ ਦੇ ਫੁੱਲਾਂ ਵਰਗੇ ਸੋਹਣੇ ਚਰਨਾਂ ਨੂੰ ਆਪਣੇ ਹਿਰਦੇ ਵਿਚ ਸਿਮਰਦੇ ਹਨ।

ਹੇ ਨਾਨਕ! ਇਉਂ ਆਖ ਕਿ ਜਿਸ ਗੁਰੂ ਦੀ ਕਿਰਪਾ ਨਾਲ ਅਜੇਹੇ ਪ੍ਰਭੂ ਨੂੰ ਜਪ ਸਕੀਦਾ ਹੈ, ਮੈਂ ਆਪਣੇ ਉਸ ਗੁਰੂ ਤੋਂ ਸਦਾ ਬਲਿਹਾਰ ਜਾਂਦਾ ਹਾਂ॥ ੫॥

ਇਹੁ ਹਰਿ ਰਸੁ ਪਾਵੈ ਜਨੁ ਕੋਇ॥ ਅੰਮ੍ਰਿਤੁ ਪੀਵੈ ਅਮਰੁ ਸੋ ਹੋਇ॥
ਉਸੁ ਪੁਰਖ ਕਾ ਨਾਹੀ ਕਦੇ ਬਿਨਾਸ॥ ਜਾ ਕੈ ਮਨਿ ਪ੍ਰਗਟੇ ਗੁਨਤਾਸ॥
ਆਠ ਪਹਰ ਹਰਿ ਕਾ ਨਾਮੁ ਲੇਇ॥ ਸਚੁ ਉਪਦੇਸੁ ਸੇਵਕ ਕਉ ਦੇਇ॥
ਮੋਹ ਮਾਇਆ ਕੈ ਸੰਗਿ ਨ ਲੇਪੁ॥ ਮਨ ਮਹਿ ਰਾਖੈ ਹਰਿ ਹਰਿ ਏਕੁ॥
ਅੰਧਕਾਰ ਦੀਪਕ ਪਰਗਾਸੇ॥ ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ॥ ੬॥

ਪਦ ਅਰਥ : ਜਨੁ ਕੋਇ—ਕੋਈ ਵਿਰਲਾ ਮਨੁੱਖ। ਗੁਨਤਾਸ—ਗੁਣਾਂ ਦੇ ਖਜ਼ਾਨੇ, ਪ੍ਰਭੂ ਜੀ। ਲੇਪੁ—ਲਗਾਉ। ਅੰਧਕਾਰ—ਹਨੇਰਾ।

ਅਰਥ : ਕੋਈ ਵਿਰਲਾ ਮਨੁੱਖ ਪ੍ਰਭੂ ਦੇ ਨਾਮ ਦਾ ਸੁਆਦ ਮਾਣਦਾ ਹੈ, ਤੇ ਜੋ ਮਾਣਦਾ ਹੈ ਉਹ ਨਾਮ-ਅੰਮ੍ਰਿਤ ਪੀਂਦਾ ਹੈ ਅਤੇ ਅਮਰ ਹੋ ਜਾਂਦਾ ਹੈ।

ਜਿਸਦੇ ਮਨ ਵਿਚ ਗੁਣਾਂ ਦੇ ਖਜ਼ਾਨੇ ਪ੍ਰਭੂ ਦਾ ਪ੍ਰਕਾਸ਼ ਹੁੰਦਾ ਹੈ, ਉਸ ਦਾ ਕਦੇ ਨਾਸ ਨਹੀ ਹੁੰਦਾ।

ਸਤਿਗੁਰੂ ਅੱਠੇ ਪਹਿਰ ਪ੍ਰਭੂ ਦਾ ਨਾਮ ਸਿਮਰਦਾ ਹੈ ਤੇ ਆਪਣੇ ਸੇਵਕ ਨੂੰ ਵੀ ਇਹੀ ਸੱਚਾ ਉਪਦੇਸ਼ ਦਿੰਦਾ ਹੈ।

ਮਾਇਆ ਦੇ ਮੋਹ ਨਾਲ ਉਸ ਦਾ ਕਦੇ ਜੋੜ ਨਹੀਂ ਹੁੰਦਾ, ਉਹ ਸਦਾ ਆਪਣੇ ਮਨ ਵਿਚ ਇਕ ਪ੍ਰਭੂ ਨੂੰ ਟਿਕਾ ਕੇ ਰੱਖਦਾ ਹੈ।

ਹੇ ਨਾਨਕ! ਜਿਸ ਦੇ ਅੰਦਰੋਂ ਨਾਮ-ਰੂਪ ਦੀਵੇ ਨਾਲ ਅਗਿਆਨਤਾ ਦਾ ਹਨੇਰਾ ਹਟ ਕੇ ਚਾਨਣ ਹੋ ਜਾਂਦਾ ਹੈ, ਉਸ ਦੇ ਭੁਲੇਖੇ ਅਤੇ ਮੋਹ ਦੇ ਕਾਰਨ ਪੈਦਾ ਹੋਏ ਦੁੱਖ ਦੂਰ ਹੋ ਜਾਂਦੇ ਹਨ॥ ੬॥

ਤਪਤਿ ਮਾਹਿ ਠਾਢਿ ਵਰਤਾਈ॥ ਅਨਦੁ ਭਇਆ ਦੁਖ ਨਾਠੇ ਭਾਈ॥
ਜਨਮ ਮਰਨ ਕੇ ਮਿਟੇ ਅੰਦੇਸੇ॥ ਸਾਧੂ ਕੇ ਪੂਰਨ ਉਪਦੇਸੇ॥
ਭਉ ਚੂਕਾ ਨਿਰਭਉ ਹੋਇ ਬਸੇ॥ ਸਗਲ ਬਿਆਧਿ ਮਨ ਤੇ ਖੈ ਨਸੇ॥

ਜਿਸ ਕਾ ਸਾ ਤਿਨਿ ਕਿਰਪਾ ਧਾਰੀ॥ ਸਾਧਸੰਗਿ ਜਪਿ ਨਾਮੁ ਮੁਰਾਰੀ॥
ਥਿਤਿ ਪਾਈ ਚੂਕੇ ਭ੍ਰਮ ਗਵਨ॥ ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ॥੭॥

ਪਦ ਅਰਥ : ਤਪਤਿ—ਤਪਸ਼। ਅੰਦੇਸੇ—ਫ਼ਿਕਰ। ਸਾਧੂ—ਗੁਰੂ। ਬਿਆਧਿ— ਸਰੀਰਕ ਰੋਗ। ਖੈ—ਨਾਸ ਹੋ ਕੇ। ਥਿਤਿ—ਟਿਕਾਉ। ਸੁਨਿ—ਸੁਣ ਕੇ।

ਅਰਥ : ਹੇ ਭਾਈ! ਗੁਰੂ ਦੇ ਉਪਦੇਸ਼ ਦੁਆਰਾ ਵਿਕਾਰਾਂ ਦੀ ਤਪਸ਼ ਵਿਚ ਵੀ ਪ੍ਰਭੂ ਨੇ ਸਾਡੇ ਅੰਦਰ ਠੰਢ ਵਰਤਾ ਦਿੱਤੀ ਹੈ, ਸੁਖ ਹੀ ਸੁਖ ਹੋ ਗਿਆ ਹੈ, ਦੁੱਖ ਨੱਸ ਗਏ ਹਨ ਤੇ ਜਨਮ ਮਰਨ ਦੇ ਗੇੜ ਵਿਚ ਪੈਣ ਦੇ ਡਰ-ਫਿਕਰ ਮਿਟ ਗਏ ਹਨ।

ਸਾਡਾ ਡਰ ਖ਼ਤਮ ਹੋ ਗਿਆ ਹੈ, ਹੁਣ ਨਿਡਰ ਵੱਸਦੇ ਹਾਂ, ਸਾਰੇ ਰੋਗ ਨਾਸ ਹੋ ਗਏ ਹਨ।

ਜਿਸ ਗੁਰੂ ਦੇ ਬਣੇ ਸਾਂ, ਉਸ ਨੇ ਸਾਡੇ ਉੱਤੇ ਕਿਰਪਾ ਕੀਤੀ ਹੈ, ਸਤਸੰਗ ਵਿਚ ਪ੍ਰਭੂ ਦਾ ਨਾਮ ਜਪ ਕੇ ਤੇ ਹੇ ਨਾਨਕ! ਪ੍ਰਭੂ ਦਾ ਜਸ ਕੰਨੀਂ ਸੁਣ ਕੇ ਅਸਾਂ ਸ਼ਾਂਤੀ ਪ੍ਰਾਪਤ ਕਰ ਲਈ ਹੈ ਤੇ ਸਾਡੇ ਭੁਲੇਖੇ ਤੇ ਭਟਕਣਾ ਖ਼ਤਮ ਹੋ ਗਈ ਹੈ॥ ੭॥

ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ ਕਲਾ ਧਾਰਿ ਜਿਨਿ ਸਗਲੀ ਮੋਹੀ॥
ਅਪਨੇ ਚਰਿਤ ਪ੍ਰਭਿ ਆਪਿ ਬਨਾਏ॥ ਅਪੁਨੀ ਕੀਮਤਿ ਆਪੇ ਪਾਏ॥
ਹਰਿ ਬਿਨੁ ਦੂਜਾ ਨਾਹੀ ਕੋਇ॥ ਸਰਬ ਨਿਰੰਤਰਿ ਏਕੋ ਸੋਇ॥
ਓਤਿ ਪੋਤਿ ਰਵਿਆ ਰੂਪ ਰੰਗ॥ ਭਏ ਪ੍ਰਗਾਸ ਸਾਧ ਕੈ ਸੰਗ॥
ਰਚਿ ਰਚਨਾ ਅਪਨੀ ਕਲ ਧਾਰੀ॥ ਅਨਿਕ ਬਾਰ ਨਾਨਕ ਬਲਿਹਾਰੀ॥ ੮॥ ੧੮॥

ਪਦ ਅਰਥ : ਨਿਰਗੁਨ—ਮਾਇਆ ਦੇ ਤਿੰਨਾਂ ਗੁਣਾਂ ਤੋਂ ਵੱਖਰਾ। ਸਰਗੁਨੁ—ਮਾਇਆ ਦੇ ਤਿੰਨਾਂ ਗੁਣਾਂ ਦੇ ਰੂਪ ਵਾਲਾ, ਸਾਰਾ ਦ੍ਰਿਸ਼ਟਮਾਨ ਜਗਤ-ਰੂਪ। ਮੋਹੀ—ਮੋਹ ਲਈ ਹੈ। ਓਤਿ ਪੋਤਿ—ਤਾਣੇ ਪੇਟੇ ਵਾਂਗ। ਰਵਿਆ—ਵਿਆਪਕ। ਕਲ—ਕਲਾ, ਤਾਕਤ।

ਅਰਥ : ਜਿਸ ਪ੍ਰਭੂ ਨੇ ਆਪਣੀ ਤਾਕਤ ਕਾਇਮ ਕਰ ਕੇ ਸਾਰੇ ਸੰਸਾਰ ਨੂੰ ਮੋਹਿਆ ਹੈ, ਉਹ ਆਪ ਮਾਇਆ ਦੇ ਤਿੰਨਾਂ ਗੁਣਾਂ ਤੋਂ ਵੱਖਰਾ ਹੈ, ਤ੍ਰਿਗੁਣੀ (ਦ੍ਰਿਸ਼ਟਮਾਨ) ਸੰਸਾਰ ਦਾ ਰੂਪ ਵੀ ਆਪ ਹੀ ਹੈ।

ਪ੍ਰਭੂ ਨੇ ਆਪਣੇ ਖੇਲ-ਤਮਾਸ਼ੇ ਆਪ ਹੀ ਬਣਾਏ ਹਨ, ਆਪਣੀ ਬਜ਼ੁਰਗੀ ਦਾ ਮੁੱਲ ਵੀ ਆਪ ਹੀ ਪਾਉਂਦਾ ਹੈ।

ਪ੍ਰਭੂ ਤੋਂ ਬਿਨਾਂ ਉਸ ਵਰਗਾ ਹੋਰ ਕੋਈ ਨਹੀਂ ਹੈ, ਸਭ ਦੇ ਅੰਦਰ ਪ੍ਰਭੂ ਆਪ ਹੀ ਮੌਜੂਦ ਹੈ।

ਤਾਣੇ ਪੇਟੇ ਵਾਂਗ ਸਾਰੇ ਰੂਪਾਂ ਤੇ ਰੰਗਾਂ ਵਿਚ ਵਿਆਪਕ ਹੈ, ਇਹ ਚਾਨਣ ਅਥਵਾ ਸੋਝੀ ਸਤਿਗੁਰੂ ਦੀ ਸੰਗਤ ਵਿਚ ਪ੍ਰਕਾਸ਼ਦਾ ਹੈ।

ਸ੍ਰਿਸ਼ਟੀ ਰਚ ਕੇ ਪ੍ਰਭੂ ਨੇ ਆਪਣੀ ਸੱਤਿਆ ਇਸ ਸ੍ਰਿਸ਼ਟੀ ਵਿਚ ਟਿਕਾਈ ਹੈ। ਹੇ ਨਾਨਕ! ਇਉਂ ਆਖ ਕਿ ਮੈਂ ਕਈ ਵਾਰ ਐਸੇ ਪ੍ਰਭੂ ਤੋਂ ਬਲਿਹਾਰ ਜਾਂਦਾ ਹਾਂ॥ ੮॥ ੧੮॥

ਸ਼ਬਦ ਉਚਾਰਨ : ਨਾਉਂ, ਮਹਿਂ, ਨਹੀਂ, ਪਹੁੰਚਤ, ਕਰਹਿਂ, ਸਿਮਰਹਿਂ, ਮਾਹਿਂ, ਠਾਂਢਿ ਬਿੰਦੀ ਸਹਿਤ ਉਚਾਰਨ ਕਰਨੇ ਹਨ।

॥ ਸਲੋਕੁ ॥

ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ॥
ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ ॥ ੧ ॥

ਪਦ ਅਰਥ : **ਬਿਖਿਆ**—ਮਾਇਆ। **ਸਗਲੀ**—ਸਾਰੀ। **ਛਾਰੁ**—ਸੁਆਹ। **ਸਾਰੁ**—ਸ੍ਰੇਸ਼ਟ, ਚੰਗਾ।

ਅਰਥ : ਪ੍ਰਭੂ ਦੇ ਭਜਨ ਤੋਂ ਬਿਨਾਂ ਹੋਰ ਕੋਈ ਚੀਜ਼ ਮਨੁੱਖ ਦੇ ਨਾਲ ਨਹੀਂ ਜਾਂਦੀ। ਮਨੁੱਖ ਦੀ ਕਮਾਈ ਹੋਈ ਸਾਰੀ ਮਾਇਆ ਸੰਸਾਰ ਤੋਂ ਜਾਣ ਵੇਲੇ ਇਸ ਦੇ ਵਾਸਤੇ ਸੁਆਹ ਦੇ ਬਰਾਬਰ ਹੈ। ਹੇ ਨਾਨਕ! ਅਕਾਲ ਪੁਰਖ ਦੇ ਨਾਮ ਸਿਮਰਨ ਦੀ ਕਮਾਈ ਕਰਨਾ ਸਭ ਤੋਂ ਚੰਗਾ ਧਨ ਹੈ, (ਇਹੀ ਮਨੁੱਖ ਦੇ ਨਾਲ ਜਾਂਦਾ ਹੈ)॥ ੧॥

ਅਸਟਪਦੀ ॥

ਸੰਤ ਜਨਾ ਮਿਲਿ ਕਰਹੁ ਬੀਚਾਰੁ ॥ ਏਕੁ ਸਿਮਰਿ ਨਾਮ ਆਧਾਰੁ ॥
ਅਵਰਿ ਉਪਾਵ ਸਭਿ ਮੀਤ ਬਿਸਾਰਹੁ ॥ ਚਰਨ ਕਮਲ ਰਿਦ ਮਹਿ ਉਰਿ ਧਾਰਹੁ ॥
ਕਰਨ ਕਾਰਨ ਸੋ ਪ੍ਰਭੁ ਸਮਰਥੁ ॥ ਦ੍ਰਿੜੁ ਕਰਿ ਗਹਹੁ ਨਾਮੁ ਹਰਿ ਵਥੁ ॥
ਇਹੁ ਧਨੁ ਸੰਚਹੁ ਹੋਵਹੁ ਭਗਵੰਤ ॥ ਸੰਤ ਜਨਾ ਕਾ ਨਿਰਮਲ ਮੰਤ ॥
ਏਕ ਆਸ ਰਾਖਹੁ ਮਨ ਮਾਹਿ ॥ ਸਰਬ ਰੋਗ ਨਾਨਕ ਮਿਟਿ ਜਾਹਿ ॥ ੧ ॥

ਪਦ ਅਰਥ : **ਆਧਾਰੁ**—ਆਸਰਾ। **ਅਵਰਿ**—ਹੋਰ। **ਉਪਾਵ**—ਹੀਲੇ। **ਉਰਿ ਧਾਰਹੁ**—ਹਿਰਦੇ ਅੰਦਰ ਟਿਕਾਵੋ। **ਦ੍ਰਿੜੁ**—ਪੱਕਾ। **ਗਹਹੁ**—ਫੜੋ। **ਵਥੁ**—ਵਸਤ, ਚੀਜ਼। **ਸੰਚਹੁ**—ਇਕੱਠਾ ਕਰੋ। **ਭਗਵੰਤ**—ਭਾਗਾਂ ਵਾਲੇ। **ਮੰਤ**—ਉਪਦੇਸ਼।

ਅਰਥ : ਸੰਤਾਂ ਨਾਲ ਮਿਲ ਕੇ ਪ੍ਰਭੂ ਦੇ ਗੁਣਾਂ ਦੀ ਵਿਚਾਰ ਕਰੋ, ਇਕੋ ਪ੍ਰਭੂ ਨੂੰ ਸਿਮਰੋ ਤੇ ਪ੍ਰਭੂ ਦੇ ਨਾਮ ਦਾ ਆਸਰਾ ਲਵੋ।

ਹੇ ਮਿੱਤਰ! ਹੋਰ ਸਾਰੇ ਹੀਲੇ ਛੱਡ ਦਿਓ ਤੇ ਪ੍ਰਭੂ ਦੇ ਕਮਲ-ਫੁੱਲ ਵਰਗੇ ਸੋਹਣੇ ਚਰਨ ਹਿਰਦੇ ਵਿਚ ਟਿਕਾਓ।

ਉਹ ਪ੍ਰਭੂ ਸਭ ਕੁਝ ਆਪ ਕਰਨ ਤੇ ਜੀਵਾਂ ਪਾਸੋਂ ਕਰਵਾਉਣ ਦੀ ਤਾਕਤ ਰੱਖਦਾ

ਹੈ, ਉਸ ਪ੍ਰਭੂ ਦਾ ਨਾਮ ਰੂਪੀ ਸੋਹਣਾ ਪਦਾਰਥ ਪੱਕਾ ਕਰਕੇ ਸਾਂਭ ਲਵੋ।

ਹੇ ਭਾਈ! ਨਾਮ ਰੂਪ ਇਹ ਧਨ ਇਕੱਠਾ ਕਰੋ ਤੇ ਭਾਗਾਂ ਵਾਲੇ ਬਣੋ, ਗੁਰਮੁਖਾਂ ਦਾ ਇਹੀ ਪਵਿੱਤਰ ਉਪਦੇਸ਼ ਹੈ।

ਆਪਣੇ ਮਨ ਵਿਚ ਇਕ ਪ੍ਰਭੂ ਦੀ ਆਸ ਰੱਖੋ। ਹੇ ਨਾਨਕ! ਇਸ ਤਰ੍ਹਾਂ ਸਾਰੇ ਰੋਗ ਮਿਟ ਜਾਣਗੇ॥ ੧॥

ਜਿਸੁ ਧਨ ਕਉ ਚਾਰਿ ਕੁੰਟ ਉਠਿ ਧਾਵਹਿ॥ ਸੋ ਧਨੁ ਹਰਿ ਸੇਵਾ ਤੇ ਪਾਵਹਿ॥
ਜਿਸੁ ਸੁਖ ਕਉ ਨਿਤ ਬਾਛਹਿ ਮੀਤ॥ ਸੋ ਸੁਖੁ ਸਾਧੂ ਸੰਗਿ ਪਰੀਤਿ॥
ਜਿਸੁ ਸੋਭਾ ਕਉ ਕਰਹਿ ਭਲੀ ਕਰਨੀ॥ ਸਾ ਸੋਭਾ ਭਜੁ ਹਰਿ ਕੀ ਸਰਨੀ॥
ਅਨਿਕ ਉਪਾਵੀ ਰੋਗੁ ਨ ਜਾਇ॥ ਰੋਗੁ ਮਿਟੈ ਹਰਿ ਅਵਖਧੁ ਲਾਇ॥
ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ॥ ਜਪਿ ਨਾਨਕ ਦਰਗਹਿ ਪਰਵਾਨੁ॥ ੨॥

ਪਦ ਅਰਥ : ਕੁੰਟ—ਪਾਸੇ। ਧਾਵਹਿ—ਦੌੜਦਾ ਹੈ। ਬਾਛਹਿ—ਚਾਹੁੰਦਾ ਹੈ। ਕਰਨੀ—ਕੰਮ। ਉਪਾਵੀ—ਉਪਾਵਾਂ (ਹੀਲਿਆਂ) ਨਾਲ। ਅਵਖਧੁ—ਦਵਾਈ। ਨਿਧਾਨ—ਖਜ਼ਾਨੇ।

ਅਰਥ : ਹੇ ਮਿੱਤਰ! ਜਿਸ ਧਨ ਦੀ ਖਾਤਰ ਤੂੰ ਚੌਹੀਂ ਪਾਸੀਂ ਉਠ ਦੌੜਦਾ ਹੈਂ, ਉਹ ਧਨ ਤੂੰ ਪ੍ਰਭੂ ਦੀ ਸੇਵਾ ਤੋਂ ਪਾਵੇਂਗਾ।

ਹੇ ਮਿੱਤਰ! ਜਿਸ ਸੁਖ ਨੂੰ ਤੂੰ ਸਦਾ ਲੋਚਦਾ ਹੈਂ, ਉਹ ਸੁਖ ਸੰਤਾਂ ਦੀ ਸੰਗਤ ਵਿਚ ਪਿਆਰ ਕੀਤਿਆਂ ਮਿਲਦਾ ਹੈ।

ਜਿਸ ਸ਼ੋਭਾ ਦੀ ਖਾਤਰ ਤੂੰ ਨੇਕ ਕਮਾਈ ਕਰਦਾ ਹੈਂ, ਉਹ ਸ਼ੋਭਾ ਖੱਟਣ ਲਈ ਤੂੰ ਪ੍ਰਭੂ ਦੀ ਸ਼ਰਨ ਵਿਚ ਆ।

ਜਿਹੜਾ ਹਉਮੈ ਦਾ ਰੋਗ ਅਨੇਕ ਹੀਲਿਆਂ ਨਾਲ ਦੂਰ ਨਹੀਂ ਹੁੰਦਾ, ਉਹ ਰੋਗ ਪ੍ਰਭੂ ਦੀ ਨਾਮ-ਰੂਪੀ ਦਵਾਈ ਵਰਤਿਆਂ ਮਿਟ ਜਾਂਦਾ ਹੈ।

ਸਾਰੇ ਸੰਸਾਰਕ ਖਜ਼ਾਨਿਆਂ ਵਿਚ ਪ੍ਰਭੂ ਦਾ ਨਾਮ ਵਧੀਆ ਖਜ਼ਾਨਾ ਹੈ। ਹੇ ਨਾਨਕ! ਨਾਮ ਜਪ, ਦਰਗਾਹ ਵਿਚ ਕਬੂਲ ਹੋਵੇਂਗਾ॥ ੨॥

ਮਨੁ ਪਰਬੋਧਹੁ ਹਰਿ ਕੈ ਨਾਇ॥ ਦਹ ਦਿਸਿ ਧਾਵਤ ਆਵੈ ਠਾਇ॥
ਤਾ ਕਉ ਬਿਘਨੁ ਨ ਲਾਗੈ ਕੋਇ॥ ਜਾ ਕੈ ਰਿਦੈ ਬਸੈ ਹਰਿ ਸੋਇ॥
ਕਲਿ ਤਾਤੀ ਠਾਂਢਾ ਹਰਿ ਨਾਉ॥ ਸਿਮਰਿ ਸਿਮਰਿ ਸਦਾ ਸੁਖ ਪਾਉ॥
ਭਉ ਬਿਨਸੈ ਪੂਰਨ ਹੋਇ ਆਸ॥ ਭਗਤਿ ਭਾਇ ਆਤਮ ਪਰਗਾਸ॥
ਤਿਤੁ ਘਰਿ ਜਾਇ ਬਸੈ ਅਬਿਨਾਸੀ॥ ਕਹੁ ਨਾਨਕ ਕਾਟੀ ਜਮ ਫਾਸੀ॥ ੩॥

ਪਦ ਅਰਥ : ਪਰਬੋਧਹੁ—ਜਗਾਉ। ਦਹ ਦਿਸਿ—ਦਸੀਂ ਪਾਸੀਂ। ਧਾਵਤ —ਦੌੜਦਾ ਹੈ। ਠਾਇ—ਟਿਕਾਣੇ ਤੇ। ਬਿਘਨੁ—ਰੁਕਾਵਟ। ਬਿਨਸੈ—ਨਾਸ ਹੋ ਜਾਂਦਾ ਹੈ। ਭਗਤਿ

ਭਾਇ—ਭਗਤੀ ਦੇ ਪਿਆਰ ਨਾਲ। ਤਿਤੁ ਘਰਿ—ਉਸ ਹਿਰਦੇ-ਘਰ ਵਿਚ।

ਅਰਥ : ਹੇ ਭਾਈ! ਆਪਣੇ ਮਨ ਨੂੰ ਪ੍ਰਭੂ ਦੇ ਨਾਮ ਨਾਲ ਜਗਾਉ, ਨਾਮ ਦੀ ਬਰਕਤ ਨਾਲ ਦਸੀਂ ਪਾਸੀਂ ਦੌੜਦਾ ਇਹ ਮਨ ਟਿਕਾਣੇ ਆ ਜਾਂਦਾ ਹੈ।

ਉਸ ਮਨੁੱਖ ਨੂੰ ਕੋਈ ਔਕੜ ਨਹੀਂ ਆਉਂਦੀ, ਜਿਸ ਦੇ ਹਿਰਦੇ ਵਿਚ ਉਹ ਪ੍ਰਭੂ ਵਸਦਾ ਹੈ।

ਕਲਜੁਗ ਤੱਤੀ ਅੱਗ ਹੈ, ਪ੍ਰਭੂ ਦਾ ਨਾਮ ਠੰਢਾ ਹੈ, ਉਸ ਨੂੰ ਸਦਾ ਸਿਮਰੋ ਤੇ ਸੁਖ ਪਾਓ।

ਨਾਮ ਜਪਿਆਂ ਡਰ ਉੱਡ ਜਾਂਦਾ ਹੈ ਤੇ ਆਸ ਪੂਰੀ ਹੋ ਜਾਂਦੀ ਹੈ, ਕਿਉਂਕਿ ਪ੍ਰਭੂ-ਭਗਤੀ ਨਾਲ ਪਿਆਰ ਕੀਤਿਆਂ ਆਤਮਾ ਚਮਕ ਪੈਂਦੀ ਹੈ।

ਜਿਹੜਾ ਮਨੁੱਖ ਸਿਮਰਨ ਕਰਦਾ ਹੈ ਉਸ ਦੇ ਹਿਰਦੇ-ਰੂਪੀ ਘਰ ਵਿਚ ਅਬਿਨਾਸੀ ਪ੍ਰਭੂ ਆ ਵਸਦਾ ਹੈ। ਹੇ ਨਾਨਕ! ਇਉਂ ਆਖ ਕਿ ਨਾਮ ਜਪਿਆਂ ਜਮਾਂ ਦੀ ਫਾਂਸੀ ਕੱਟੀ ਜਾਂਦੀ ਹੈ॥ ੩॥

ਤਤੁ ਬੀਚਾਰੁ ਕਹੈ ਜਨੁ ਸਾਚਾ॥ ਜਨਮਿ ਮਰੈ ਸੋ ਕਾਚੋ ਕਾਚਾ॥
ਆਵਾਗਵਨੁ ਮਿਟੈ ਪ੍ਰਭ ਸੇਵ॥ ਆਪੁ ਤਿਆਗਿ ਸਰਨਿ ਗੁਰਦੇਵ॥
ਇਉ ਰਤਨ ਜਨਮ ਕਾ ਹੋਇ ਉਧਾਰੁ॥ ਹਰਿ ਹਰਿ ਸਿਮਰਿ ਪ੍ਰਾਨ ਆਧਾਰੁ॥
ਅਨਿਕ ਉਪਾਵ ਨ ਛੂਟਨਹਾਰੇ॥ ਸਿੰਮ੍ਰਿਤਿ ਸਾਸਤ ਬੇਦ ਬੀਚਾਰੇ॥
ਹਰਿ ਕੀ ਭਗਤਿ ਕਰਹੁ ਮਨੁ ਲਾਇ॥ ਮਨਿ ਬੰਛਤ ਨਾਨਕ ਫਲ ਪਾਇ॥ ੪॥

ਪਦ ਅਰਥ : ਤਤੁ—ਅਕਾਲ ਪੁਰਖ। ਜਨਮਿ ਮਰੈ—ਜੋ ਜੰਮ ਕੇ (ਕੇਵਲ) ਮਰ ਜਾਂਦਾ ਹੈ। ਕਾਚੋ ਕਾਚਾ—ਕੱਚਾ ਹੀ ਕੱਚਾ। ਆਵਾਗਵਨੁ—ਜਨਮ ਮਰਨ ਦੇ ਗੇੜ। ਆਪੁ—ਆਪਾ ਭਾਵ। ਰਤਨ ਜਨਮ—ਕੀਮਤੀ ਮਨੁੱਖਾ ਜਨਮ। ਮਨਿ ਬੰਛਤ—ਮਨ ਭਾਉਂਦੇ।

ਅਰਥ : ਜੋ ਮਨੁੱਖ ਪਾਰਬ੍ਰਹਮ ਦੀ ਸਿਫਤ-ਰੂਪ ਸੋਚ ਸੋਚਦਾ ਹੈ, ਉਹ ਸਚ-ਮੁੱਚ ਮਨੁੱਖ ਹੈ ਤੇ ਸੱਚਾ ਸੇਵਕ ਹੈ, ਪਰ ਜੋ ਜੰਮ ਕੇ ਮਰ ਜਾਂਦਾ ਹੈ ਤੇ ਬੰਦਗੀ ਨਹੀਂ ਕਰਦਾ ਉਹ ਨਿਰੋਲ ਕੱਚਾ ਹੈ।

ਆਪਾ-ਭਾਵ ਛੱਡ ਕੇ, ਸਤਿਗੁਰੂ ਦੀ ਸ਼ਰਨੀ ਪੈ ਕੇ ਪ੍ਰਭੂ ਦਾ ਸਿਮਰਨ ਕੀਤਿਆਂ ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ।

ਇਸ ਤਰ੍ਹਾਂ ਕੀਮਤੀ ਮਨੁੱਖਾ ਜਨਮ ਸਫ਼ਲਾ ਹੋ ਜਾਂਦਾ ਹੈ, ਤਾਂ ਤੇ ਹੇ ਭਾਈ! ਪ੍ਰਭੂ ਨੂੰ ਸਿਮਰ, ਇਹੀ ਪ੍ਰਾਣਾਂ ਦਾ ਆਸਰਾ ਹੈ।

ਸਿਮ੍ਰਿਤੀਆਂ, ਸ਼ਾਸਤ੍ਰ, ਵੇਦ ਆਦਿਕ ਵਿਚਾਰਿਆਂ ਅਤੇ ਇਹੋ ਜਿਹੇ ਅਨੇਕਾਂ ਹੀਲੇ ਕੀਤਿਆਂ ਆਵਾਗਵਨ ਤੋਂ ਬਚ ਨਹੀਂ ਸਕੀਦਾ।

ਮਨ ਲਾ ਕੇ ਕੇਵਲ ਪ੍ਰਭੂ ਦੀ ਹੀ ਭਗਤੀ ਕਰੋ! ਹੇ ਨਾਨਕ! ਜੋ ਭਗਤੀ ਕਰਦਾ

ਹੈ ਉਸ ਨੂੰ ਮਨ-ਇੱਛਤ ਫਲ ਮਿਲ ਜਾਂਦੇ ਹਨ॥ ੪॥

ਸੰਗਿ ਨ ਚਾਲਸਿ ਤੇਰੈ ਧਨਾ॥ ਤੂੰ ਕਿਆ ਲਪਟਾਵਹਿ ਮੂਰਖ ਮਨਾ॥
ਸੁਤ ਮੀਤ ਕੁਟੰਬ ਅਰੁ ਬਨਿਤਾ॥ ਇਨ ਤੇ ਕਹਹੁ ਤੁਮ ਕਵਨ ਸਨਾਥਾ॥
ਰਾਜ ਰੰਗ ਮਾਇਆ ਬਿਸਥਾਰ॥ ਇਨ ਤੇ ਕਹਹੁ ਕਵਨ ਛੁਟਕਾਰ॥
ਅਸੁ ਹਸਤੀ ਰਥ ਅਸਵਾਰੀ॥ ਝੂਠਾ ਡੰਫੁ ਝੂਠੁ ਪਾਸਾਰੀ॥
ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ॥ ਨਾਮੁ ਬਿਸਾਰਿ ਨਾਨਕ ਪਛੁਤਾਨਾ॥ ੫॥

ਪਦ ਅਰਥ : **ਕਿਆ ਲਪਟਾਵਹਿ**—ਕਿਉਂ ਲਪਟ ਰਿਹਾ ਹੈਂ? ਕਿਉਂ ਜੱਫਾ ਮਾਰੀ ਬੈਠਾ ਹੈਂ। **ਸੁਤ**—ਪੁੱਤਰ। **ਕੁਟੰਬ**—ਪਰਿਵਾਰ। **ਬਨਿਤਾ**—ਇਸਤਰੀ। **ਸਨਾਥਾ**—ਖਸਮ ਵਾਲਾ। **ਛੁਟਕਾਰ**—ਸਦਾ ਲਈ ਛੋਟ (ਖ਼ਲਾਸੀ)। **ਅਸੁ**—ਘੋੜੇ। **ਹਸਤੀ**—ਹਾਥੀ। **ਡੰਫੁ**—ਦਿਖਾਵਾ। **ਪਾਸਾਰੀ**—ਖਿਲਾਰਾ ਖਿਲਾਰਨ ਵਾਲਾ। **ਬਿਗਾਨਾ**—ਬੇ-ਗਿਆਨਾ, ਮੂਰਖ।

ਅਰਥ : ਹੇ ਮੂਰਖ ਮਨ! ਧਨ ਤੇਰੇ ਨਾਲ ਨਹੀਂ ਜਾ ਸਕਦਾ, ਤੂੰ ਕਿਉਂ ਇਸ ਨੂੰ ਜੱਫਾ ਮਾਰੀ ਬੈਠਾ ਹੈਂ?

ਪੁੱਤਰ, ਮਿੱਤਰ, ਪਰਿਵਾਰ ਤੇ ਇਸਤਰੀ—ਇਨ੍ਹਾਂ ਵਿਚੋਂ ਦੱਸ ਕੌਣ ਤੇਰਾ ਸਾਥ ਦੇਣ ਵਾਲਾ ਹੈ?

ਮਾਇਆ ਦੇ ਅਡੰਬਰ, ਰਾਜ ਤੇ ਰੰਗ-ਰਲੀਆਂ—ਦੱਸੋ ਇਨ੍ਹਾਂ ਵਿਚੋਂ ਕਿਸ ਦੇ ਨਾਲ ਮੋਹ ਪਾਇਆਂ ਸਦਾ ਲਈ ਮਾਇਆ ਤੋਂ ਖਲਾਸੀ ਮਿਲ ਸਕਦੀ ਹੈ?

ਘੋੜੇ, ਹਾਥੀ, ਰਥਾਂ ਦੀ ਸਵਾਰੀ ਕਰਨੀ, ਇਹ ਸਭ ਝੂਠਾ ਦਿਖਾਵਾ ਹੈ। ਇਹ ਅਡੰਬਰ ਰਚਾਉਣ ਵਾਲਾ ਵੀ ਬਿਨਸਨਹਾਰ ਹੈ।

ਮੂਰਖ ਮਨੁੱਖ ਉਸ ਪ੍ਰਭੂ ਨੂੰ ਨਹੀਂ ਪਛਾਣਦਾ ਜਿਸ ਨੇ ਇਹ ਸਾਰੇ ਪਦਾਰਥ ਦਿੱਤੇ ਹਨ। ਹੇ ਨਾਨਕ! ਮਨੁੱਖ, ਨਾਮ ਨੂੰ ਭੁੱਲਾ ਕੇ ਆਖਰ ਪਛਤਾਉਂਦਾ ਹੈ॥ ੫॥

ਗੁਰ ਕੀ ਮਤਿ ਤੂੰ ਲੇਹਿ ਇਆਨੇ॥ ਭਗਤਿ ਬਿਨਾ ਬਹੁ ਡੂਬੇ ਸਿਆਨੇ॥
ਹਰਿ ਕੀ ਭਗਤਿ ਕਰਹੁ ਮਨ ਮੀਤ॥ ਨਿਰਮਲ ਹੋਇ ਤੁਮ੍ਹਾਰੋ ਚੀਤ॥
ਚਰਨ ਕਮਲ ਰਾਖਹੁ ਮਨ ਮਾਹਿ॥ ਜਨਮ ਜਨਮ ਕੇ ਕਿਲਬਿਖ ਜਾਹਿ॥
ਆਪਿ ਜਪਹੁ ਅਵਰਾ ਨਾਮੁ ਜਪਾਵਹੁ॥ ਸੁਨਤ ਕਹਤ ਰਹਤ ਗਤਿ ਪਾਵਹੁ॥
ਸਾਰ ਭੂਤ ਸਤਿ ਹਰਿ ਕੋ ਨਾਉ॥ ਸਹਜਿ ਸੁਭਾਇ ਨਾਨਕ ਗੁਨ ਗਾਉ॥ ੬॥

ਪਦ ਅਰਥ : **ਇਆਨੇ**—ਹੇ ਅੰਞਾਣ। **ਕਿਲਬਿਖ**—ਪਾਪ। **ਸੁਨਤ**—ਸੁਣਦਿਆਂ। **ਗਤਿ**—ਉੱਚੀ ਅਵਸਥਾ। **ਸਾਰ**—ਸ੍ਰੇਸ਼ਟ। **ਭੂਤ**—ਪਦਾਰਥ। **ਸਹਜਿ**—ਆਤਮਕ ਅਡੋਲਤਾ ਵਿਚ। **ਸੁਭਾਇ**—ਪ੍ਰੇਮ ਨਾਲ।

ਅਰਥ : ਹੇ ਅੰਞਾਣ! ਸਤਿਗੁਰੂ ਦੀ ਮੱਤ ਲੈ। ਬੜੇ ਸਿਆਣੇ ਸਿਆਣੇ ਬੰਦੇ ਵੀ ਭਗਤੀ ਤੋਂ ਬਿਨਾਂ ਵਿਕਾਰਾਂ ਵਿਚ ਹੀ ਡੁੱਬ ਜਾਂਦੇ ਹਨ।

ਹੇ ਮਿੱਤਰ ਮਨ! ਪ੍ਰਭੂ ਦੀ ਭਗਤੀ ਕਰ, ਇਸ ਤਰ੍ਹਾਂ ਤੇਰੀ ਸੁਰਤਿ ਪਵਿੱਤਰ ਹੋਵੇਗੀ।

ਹੇ ਭਾਈ! ਪ੍ਰਭੂ ਦੇ ਕਮਲ ਵਰਗੇ ਸੋਹਣੇ ਚਰਨ ਆਪਣੇ ਮਨ ਵਿਚ ਪ੍ਰੋ ਰੱਖ। ਇਸ ਤਰ੍ਹਾਂ ਕਈ ਜਨਮਾਂ ਦੇ ਪਾਪ ਨਾਸ ਹੋ ਜਾਣਗੇ।

ਪ੍ਰਭੂ ਦਾ ਨਾਮ ਤੂੰ ਆਪ ਜਪ ਤੇ ਹੋਰਨਾਂ ਨੂੰ ਜਪਣ ਵਾਸਤੇ ਪ੍ਰੇਰ। ਨਾਮ ਸੁਣਦਿਆਂ, ਉਚਾਰਦਿਆਂ, ਨਿਰਮਲ ਰਹਿਤ ਵਿਚ ਰਹਿੰਦਿਆਂ ਉੱਚੀ ਅਵਸਥਾ ਬਣ ਜਾਏਗੀ।

ਪ੍ਰਭੂ ਦਾ ਨਾਮ ਹੀ ਸਭ ਪਦਾਰਥਾਂ ਤੋਂ ਉੱਤਮ ਪਦਾਰਥ ਹੈ। ਹੇ ਨਾਨਕ! ਆਤਮਕ ਅਡੋਲਤਾ ਵਿਚ ਟਿਕ ਕੇ ਪ੍ਰੇਮ ਨਾਲ ਪ੍ਰਭੂ ਦੇ ਗੁਣ ਗਾ॥ ੬॥

ਗੁਨ ਗਾਵਤ ਤੇਰੀ ਉਤਰਸਿ ਮੈਲੁ॥ ਬਿਨਸਿ ਜਾਇ ਹਉਮੈ ਬਿਖੁ ਫੈਲੁ॥
ਹੋਹਿ ਅਚਿੰਤੁ ਬਸੈ ਸੁਖ ਨਾਲਿ॥ ਸਾਸਿ ਗ੍ਰਾਸਿ ਹਰਿ ਨਾਮੁ ਸਮਾਲਿ॥
ਛਾਡਿ ਸਿਆਨਪ ਸਗਲੀ ਮਨਾ॥ ਸਾਧਸੰਗਿ ਪਾਵਹਿ ਸਚੁ ਧਨਾ॥
ਹਰਿ ਪੂੰਜੀ ਸੰਚਿ ਕਰਹੁ ਬਿਉਹਾਰੁ॥ ਈਹਾ ਸੁਖੁ ਦਰਗਹ ਜੈਕਾਰੁ॥
ਸਰਬ ਨਿਰੰਤਰਿ ਏਕੋ ਦੇਖੁ॥ ਕਹੁ ਨਾਨਕ ਜਾ ਕੈ ਮਸਤਕਿ ਲੇਖੁ॥ ੭॥

ਪਦ ਅਰਥ : **ਬਿਖੁ**—ਜ਼ਹਿਰ। **ਫੈਲੁ**—ਖਿਲਾਰਾ। **ਅਚਿੰਤ**—ਬੇਫਿਕਰ। **ਸਾਸਿ**— ਸਾਹ ਦੇ ਨਾਲ। **ਗ੍ਰਾਸਿ**—ਗ੍ਰਾਹੀ ਨਾਲ। **ਸੰਚਿ**—ਇਕੱਠੀ ਕਰ। **ਬਿਉਹਾਰ**—ਵਪਾਰ। **ਜੈਕਾਰੁ**—ਸਦਾ ਹੀ ਜਿੱਤ, ਆਦਰ। **ਸਰਬ ਨਿਰੰਤਰਿ**—ਸਭ ਦੇ ਅੰਦਰ। **ਮਸਤਕਿ**—ਮੱਥੇ 'ਤੇ।

ਅਰਥ : ਹੇ ਭਾਈ! ਪ੍ਰਭੂ ਦੇ ਗੁਣ ਗਾਉਂਦਿਆਂ ਤੇਰੀ ਵਿਕਾਰਾਂ ਦੀ ਮੈਲ ਉਤਰ ਜਾਏਗੀ ਤੇ ਹਉਮੈ ਰੂਪੀ ਜ਼ਹਿਰ ਦਾ ਖਿਲਾਰਾ ਵੀ ਮਿਟ ਜਾਏਗਾ।

ਦਮ-ਬ-ਦਮ ਪ੍ਰਭੂ ਦੇ ਨਾਮ ਨੂੰ ਯਾਦ ਕਰ, ਬੇ-ਫਿਕਰ ਹੋ ਜਾਏਂਗਾ ਤੇ ਸੁਖੀ ਜੀਵਨ ਬਤੀਤ ਹੋਵੇਗਾ।

ਹੇ ਮਨ! ਸਾਰੀ ਚਤੁਰਾਈ ਛੱਡ ਦੇ, ਸਦਾ ਨਾਲ ਨਿਭਣ ਵਾਲੇ ਦਾ ਸਥਾਨ ਸਤਸੰਗ ਵਿਚ ਮਿਲੇਗਾ।

ਪ੍ਰਭੂ ਦੇ ਨਾਮ ਦੀ ਰਾਸ ਇਕੱਠੀ ਕਰ। ਇਹੀ ਵਿਹਾਰ ਕਰ, ਇਸ ਜੀਵਨ ਵਿਚ ਸੁਖ ਮਿਲੇਗਾ ਤੇ ਪ੍ਰਭੂ ਦੀ ਦਰਗਾਹ ਵਿਚ ਆਦਰ ਹੋਵੇਗਾ।

ਸਭ ਜੀਵਾਂ ਦੇ ਅੰਦਰ ਇਕ ਅਕਾਲ ਪੁਰਖ ਨੂੰ ਹੀ ਵੇਖ, ਪਰ ਹੇ ਨਾਨਕ! ਇਹ ਕੰਮ ਉਹੀ ਮਨੁੱਖ ਕਰਦਾ ਹੈ ਜਿਸ ਦੇ ਮੱਥੇ 'ਤੇ ਭਾਗ ਪ੍ਰਭੂ ਨੇ ਲਿਖ ਦਿਤੇ ਹਨ॥ ੭॥

ਏਕੋ ਜਪਿ ਏਕੋ ਸਾਲਾਹਿ॥ ਏਕੁ ਸਿਮਰਿ ਏਕੋ ਮਨ ਆਹਿ॥
ਏਕਸ ਕੇ ਗੁਨ ਗਾਉ ਅਨੰਤ॥ ਮਨਿ ਤਨਿ ਜਾਪਿ ਏਕ ਭਗਵੰਤ॥
ਏਕੋ ਏਕੁ ਏਕੁ ਹਰਿ ਆਪਿ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ॥

ਅਨਿਕ ਬਿਸਥਾਰ ਏਕ ਤੇ ਭਏ॥ ਏਕੁ ਅਰਾਧਿ ਪਰਾਛਤ ਗਏ॥

ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ॥ ਗੁਰ ਪ੍ਰਸਾਦਿ ਨਾਨਕ ਇਕੁ ਜਾਤਾ॥ ੮॥ ੧੯॥

ਪਦ ਅਰਥ : ਆਹਿ—ਤਾਂਘ ਕਰ। ਅਨੰਤ—ਬੇਅੰਤ। ਭਗਵੰਤ—ਭਗਵਾਨ। ਰਹਿਓ ਪ੍ਰਭ ਬਿਆਪਿ—ਪਰਮਾਤਮਾ ਸਭ ਵਿਚ ਵਸ ਰਿਹਾ ਹੈ। ਪਰਾਛਤ—ਪਾਪ। ਰਾਤਾ—ਰੱਤਾ ਹੋਇਆ।

ਅਰਥ : ਇਕ ਪ੍ਰਭੂ ਨੂੰ ਹੀ ਜਪ, ਤੇ ਇਕ ਪ੍ਰਭੂ ਦੀ ਸਿਫ਼ਤ ਕਰ। ਇਕ ਨੂੰ ਸਿਮਰ ਅਤੇ ਹੇ ਮਨ! ਇਕ ਪ੍ਰਭੂ ਦੇ ਮਿਲਣ ਦੀ ਤਾਂਘ ਰੱਖ।

ਇਕ ਬੇਅੰਤ ਪ੍ਰਭੂ ਦੇ ਹੀ ਗੁਣ ਗਾ, ਮਨ ਵਿਚ ਤੇ ਸਰੀਰਕ ਇੰਦਰੀਆਂ ਦੀ ਰਾਹੀਂ ਇਕ ਭਗਵਾਨ ਨੂੰ ਹੀ ਜਪ।

ਸਭ ਥਾਈਂ ਪ੍ਰਭੂ ਆਪ ਹੀ ਆਪ ਹੈ, ਸਭ ਜੀਵਾਂ ਵਿਚ ਪ੍ਰਭੂ ਹੀ ਵੱਸ ਰਿਹਾ ਹੈ।

ਸੰਸਾਰ ਦੇ ਅਨੇਕਾਂ ਖਿਲਾਰੇ ਇਕ ਪ੍ਰਭੂ ਤੋਂ ਹੀ ਹੋਏ ਹਨ। ਇਕ ਪ੍ਰਭੂ ਨੂੰ ਸਿਮਰਿਆਂ ਸਾਰੇ ਪਾਪ ਨਾਸ ਹੋ ਜਾਂਦੇ ਹਨ।

ਜਿਸ ਮਨੁੱਖ ਦੇ ਮਨ ਤੇ ਸਰੀਰ ਵਿਚ ਇਕ ਪ੍ਰਭੂ ਹੀ ਪ੍ਰੋਤਾ ਗਿਆ ਹੈ, ਹੇ ਨਾਨਕ! ਉਸ ਨੇ ਗੁਰੂ ਦੀ ਕਿਰਪਾ ਨਾਲ ਉਸ ਇਕ ਪ੍ਰਭੂ ਨੂੰ ਪਛਾਣ ਲਿਆ ਹੈ॥ ੮॥ ੧੯॥

ਸ਼ਬਦ ਉਚਾਰਨ : ਜਨਾਂ, ਮਹਿਂ, ਮਾਹਿਂ, ਜਾਹਿਂ, ਧਾਵਹਿਂ, ਪਾਵਹਿਂ, ਬਾਂਛਹਿਂ, ਕਰਹਿਂ, ਉਪਾਵੀਂ, ਨਾਂਇ, ਠਾਇਂ, ਤਾਂ ਕਉ, ਜਾਂ ਕੈ, ਨਾਉਂ, ਲਪਟਾਵਹਿਂ, ਪਾਹਿਂ, ਅਵਰਾਂ, ਹੋਹਿਂ, ਬਸੈਂ ਬਿੰਦੀ ਸਹਿਤ ਉਚਾਰਨ ਕਰਨੇ ਹਨ।

॥ ਸਲੋਕੁ॥

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥

ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ੧॥

ਪਦ ਅਰਥ : ਪਰਿਆ—ਪਿਆ ਹਾਂ। ਤਉ ਸਰਨਾਇ—ਤੇਰੀ ਸ਼ਰਨ। ਲਾਇ—ਲਾ ਲੈ, ਜੋੜ ਲੈ।

ਅਰਥ : ਭਟਕਦਾ ਭਟਕਦਾ ਮੈਂ ਤੇਰੀ ਸ਼ਰਨ ਆ ਪਿਆ ਹਾਂ। ਹੇ ਪ੍ਰਭੂ! ਨਾਨਕ ਦੀ ਇਹੀ ਬੇਨਤੀ ਹੈ ਕਿ ਮੈਨੂੰ ਆਪਣੀ ਭਗਤੀ ਵਿਚ ਜੋੜ ਲੈ॥ ੧॥

ਅਸਟਪਦੀ॥

ਜਾਚਕ ਜਨੁ ਜਾਚੈ ਪ੍ਰਭ ਦਾਨੁ॥ ਕਰਿ ਕਿਰਪਾ ਦੇਵਹੁ ਹਰਿ ਨਾਮੁ॥

ਸਾਧ ਜਨਾ ਕੀ ਮਾਗਉ ਧੂਰਿ॥ ਪਾਰਬ੍ਰਹਮ ਮੇਰੀ ਸਰਧਾ ਪੂਰਿ॥

ਸਦਾ ਸਦਾ ਪ੍ਰਭ ਕੇ ਗੁਨ ਗਾਵਉ॥ ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ॥

ਚਰਨ ਕਮਲ ਸਿਉ ਲਾਗੈ ਪ੍ਰੀਤਿ॥ ਭਗਤਿ ਕਰਉ ਪ੍ਰਭ ਕੀ ਨਿਤ ਨੀਤਿ॥
ਏਕ ਓਟ ਏਕੋ ਆਧਾਰੁ॥ ਨਾਨਕੁ ਮਾਗੈ ਨਾਮੁ ਪ੍ਰਭ ਸਾਰੁ॥੧॥

ਪਦ ਅਰਥ : ਜਾਚਕ ਜਨੁ—ਮੰਗਤਾ ਮਨੁੱਖ। ਜਾਚੈ—ਮੰਗਦਾ ਹੈ। ਨਾਮੁ ਪ੍ਰਭ ਸਾਰੁ—ਪ੍ਰਭੂ ਦਾ ਸ੍ਰੇਸ਼ਟ ਨਾਮ।

ਅਰਥ : ਹੇ ਪ੍ਰਭੂ! ਇਹ ਮੰਗਤਾ ਦਾਸ ਤੇਰੇ ਨਾਮ ਦਾ ਦਾਨ ਮੰਗਦਾ ਹੈ। ਹੇ ਹਰੀ! ਕਿਰਪਾ ਕਰਕੇ ਆਪਣਾ ਨਾਮ ਦੇਹੁ।

ਹੇ ਪਾਰਬ੍ਰਹਮ! ਮੇਰੀ ਇੱਛਾ ਪੂਰੀ ਕਰ, ਮੈਂ ਸਾਧੂ ਜਨਾਂ ਦੇ ਪੈਰਾਂ ਦੀ ਖਾਕ (ਧੂੜ) ਮੰਗਦਾ ਹਾਂ।

ਮੈਂ ਸਦਾ ਹੀ ਪ੍ਰਭੂ ਦੇ ਗੁਣ ਗਾਵਾਂ। ਹੇ ਪ੍ਰਭੂ! ਮੈਂ ਦਮ-ਬ-ਦਮ ਤੈਨੂੰ ਹੀ ਸਿਮਰਾਂ।

ਪ੍ਰਭੂ ਦੇ ਕਮਲ-ਫੁੱਲ ਵਰਗੇ ਸੋਹਣੇ ਚਰਨਾਂ ਨਾਲ ਮੇਰੀ ਪ੍ਰੀਤ ਲੱਗੀ ਰਹੇ ਤੇ ਸਦਾ ਪ੍ਰਭੂ ਦੀ ਭਗਤੀ ਕਰਦਾ ਰਹਾਂ।

ਪ੍ਰਭੂ ਦਾ ਨਾਮ ਹੀ ਇਕੋ ਮੇਰੀ ਓਟ ਤੇ ਇਕੋ ਆਸਰਾ ਹੈ। ਨਾਨਕ ਪ੍ਰਭੂ ਦਾ ਸ੍ਰੇਸ਼ਟ ਨਾਮ ਮੰਗਦਾ ਹੈ॥ ੧॥

ਪ੍ਰਭ ਕੀ ਦ੍ਰਿਸਟਿ ਮਹਾ ਸੁਖੁ ਹੋਇ॥ ਹਰਿ ਰਸੁ ਪਾਵੈ ਬਿਰਲਾ ਕੋਇ॥
ਜਿਨ ਚਾਖਿਆ ਸੇ ਜਨ ਤ੍ਰਿਪਤਾਨੇ॥ ਪੂਰਨ ਪੁਰਖ ਨਹੀ ਡੋਲਾਨੇ॥
ਸੁਭਰ ਭਰੇ ਪ੍ਰੇਮ ਰਸ ਰੰਗਿ॥ ਉਪਜੈ ਚਾਉ ਸਾਧ ਕੈ ਸੰਗਿ॥
ਪਰੇ ਸਰਨਿ ਆਨ ਸਭ ਤਿਆਗਿ॥ ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ॥
ਬਡਭਾਗੀ ਜਪਿਆ ਪ੍ਰਭੁ ਸੋਇ॥ ਨਾਨਕ ਨਾਮਿ ਰਤੇ ਸੁਖੁ ਹੋਇ॥੨॥

ਪਦ ਅਰਥ : ਤ੍ਰਿਪਤਾਨੇ—ਰੱਜੇ ਹੋਏ। ਸੁਭਰ—ਨਕਾ ਨਕ। ਆਨ—ਹੋਰ। ਤਿਆਗਿ—ਛੱਡ ਕੇ। ਅਨਦਿਨੁ—ਹਰ ਰੋਜ਼। ਨਾਮਿ ਰਤੇ—ਨਾਮ ਵਿਚ ਰੰਗੇ ਹੋਏ।

ਅਰਥ : ਪ੍ਰਭੂ ਦੀ ਮੇਹਰ ਦੀ ਨਜ਼ਰ ਨਾਲ ਬੜਾ ਸੁਖ ਹੁੰਦਾ ਹੈ, ਪਰ ਕੋਈ ਵਿਰਲਾ ਮਨੁੱਖ ਪ੍ਰਭੂ ਦੇ ਨਾਮ ਦਾ ਸੁਆਦ ਚੱਖਦਾ ਹੈ।

ਜਿਨ੍ਹਾਂ ਨੇ ਨਾਮ-ਰਸ ਚੱਖਿਆ ਹੈ ਉਹ ਮਨੁੱਖ ਮਾਇਆ ਵਲੋਂ ਰੱਜ ਗਏ ਹਨ, ਉਹ ਪੂਰਨ ਮਨੁੱਖ ਬਣ ਗਏ ਹਨ ਅਤੇ ਕਦੇ ਮਾਇਆ ਦੇ ਲਾਭ-ਘਾਟੇ ਵਿਚ ਡੋਲਦੇ ਨਹੀਂ।

ਪ੍ਰਭੂ ਦੇ ਪਿਆਰ ਦੇ ਸੁਆਦ ਦੀ ਮੌਜ ਵਿਚ ਉਹ ਨਕਾ ਨਕ ਭਰੇ ਰਹਿੰਦੇ ਹਨ। ਸਾਧ ਜਨਾਂ ਦੀ ਸੰਗਤਿ ਵਿਚ ਰਹਿ ਕੇ ਉਨ੍ਹਾਂ ਦੇ ਅੰਦਰ ਪ੍ਰਭੂ-ਮਿਲਾਪ ਦਾ ਚਾਉ ਪੈਦਾ ਹੁੰਦਾ ਹੈ।

ਹੋਰ ਸਾਰੇ ਆਸਰੇ ਛੱਡ ਕੇ ਉਹ ਪ੍ਰਭੂ ਦੀ ਸ਼ਰਨ ਪੈਂਦੇ ਹਨ; ਉਨ੍ਹਾਂ ਦੇ ਅੰਦਰ ਚਾਨਣ ਹੋ ਜਾਂਦਾ ਹੈ ਤੇ ਹਰ ਵੇਲੇ ਉਨ੍ਹਾਂ ਦੀ ਲਿਵ ਪ੍ਰਭੂ ਚਰਨਾਂ ਵਿਚ ਲੱਗੀ

ਰਹਿੰਦੀ ਹੈ।

ਵੱਡੇ ਭਾਗਾਂ ਵਾਲੇ ਬੰਦਿਆਂ ਨੇ ਪ੍ਰਭੂ ਨੂੰ ਸਿਮਰਿਆ ਹੈ। ਹੇ ਨਾਨਕ! ਪ੍ਰਭੂ ਦੇ ਨਾਮ ਵਿਚ ਰੌਤਿਆਂ ਸੁਖ ਹੁੰਦਾ ਹੈ॥ ੨॥

ਸੇਵਕ ਕੀ ਮਨਸਾ ਪੂਰੀ ਭਈ॥ ਸਤਿਗੁਰ ਤੇ ਨਿਰਮਲ ਮਤਿ ਲਈ॥
ਜਨ ਕਉ ਪ੍ਰਭੁ ਹੋਇਓ ਦਇਆਲੁ॥ ਸੇਵਕੁ ਕੀਨੋ ਸਦਾ ਨਿਹਾਲੁ॥
ਬੰਧਨ ਕਾਟਿ ਮੁਕਤਿ ਜਨੁ ਭਇਆ॥ ਜਨਮ ਮਰਨ ਦੂਖੁ ਭ੍ਰਮੁ ਗਇਆ॥
ਇਛ ਪੁਨੀ ਸਰਧਾ ਸਭ ਪੂਰੀ॥ ਰਵਿ ਰਹਿਆ ਸਦ ਸੰਗਿ ਹਜੂਰੀ॥
ਜਿਸ ਕਾ ਸਾ ਤਿਨਿ ਲੀਆ ਮਿਲਾਇ॥ ਨਾਨਕ ਭਗਤੀ ਨਾਮਿ ਸਮਾਇ॥ ੩॥

ਪਦ ਅਰਥ : ਮਨਸਾ—ਮਨ ਦੀ ਇੱਛਾ। ਰਵਿ ਰਹਿਆ—ਸਭ ਥਾਈਂ ਮੌਜੂਦ। ਹਜੂਰੀ—ਅੰਗ ਸੰਗ।

ਅਰਥ : ਜਦੋਂ ਸੇਵਕ ਆਪਣੇ ਗੁਰੂ ਤੋਂ ਉੱਤਮ ਸਿੱਖਿਆ ਲੈਂਦਾ ਹੈ ਤਾਂ ਸੇਵਕ ਦੇ ਮਨ ਦੇ ਫੁਰਨੇ ਪੂਰਨ ਹੋ ਜਾਂਦੇ ਹਨ।

ਪ੍ਰਭੂ ਆਪਣੇ ਅਜਿਹੇ ਸੇਵਕ ਉੱਤੇ ਮੇਹਰ ਕਰਦਾ ਹੈ ਤੇ ਸੇਵਕ ਨੂੰ ਸਦਾ ਖਿੜੇ ਮੱਥੇ ਰੱਖਦਾ ਹੈ।

ਸੇਵਕ ਮਾਇਆ ਵਾਲੇ ਜ਼ੰਜੀਰ ਤੋੜ ਕੇ ਮੁਕਤ ਹੋ ਜਾਂਦਾ ਹੈ, ਉਸ ਦੇ ਜਨਮ ਮਰਨ ਦੇ ਗੇੜ ਦਾ ਦੁੱਖ ਤੇ ਸਹਸਾ ਮੁੱਕ ਜਾਂਦਾ ਹੈ।

ਸੇਵਕ ਦੀ ਇੱਛਾ ਤੇ ਸ਼ਰਧਾ ਸਭ ਸਿਰੇ ਚੜ੍ਹ ਜਾਂਦੀ ਹੈ, ਉਸ ਨੂੰ ਪ੍ਰਭੂ ਸਭ ਥਾਈਂ ਵਿਆਪਕ ਆਪਣੇ ਨਾਲ ਅੰਗ ਸੰਗ ਦਿਸਦਾ ਹੈ।

ਹੇ ਨਾਨਕ! ਜਿਸ ਮਾਲਕ ਦਾ ਉਹ ਸੇਵਕ ਬਣਦਾ ਹੈ, ਉਹ (ਮਾਲਕ) ਆਪਣੇ ਨਾਲ ਮਿਲਾ ਲੈਂਦਾ ਹੈ। ਸੇਵਕ, ਭਗਤੀ ਕਰਕੇ ਨਾਮ ਵਿਚ ਟਿਕਿਆ ਰਹਿੰਦਾ ਹੈ॥ ੩॥

ਸੋ ਕਿਉ ਬਿਸਰੈ ਜਿ ਘਾਲ ਨ ਭਾਨੈ॥ ਸੋ ਕਿਉ ਬਿਸਰੈ ਜਿ ਕੀਆ ਜਾਨੈ॥
ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ॥ ਸੋ ਕਿਉ ਬਿਸਰੈ ਜਿ ਜੀਵਨ ਜੀਆ॥
ਸੋ ਕਿਉ ਬਿਸਰੈ ਜਿ ਅਗਨਿ ਮਹਿ ਰਾਖੈ॥ ਗੁਰ ਪ੍ਰਸਾਦਿ ਕੋ ਬਿਰਲਾ ਲਾਖੈ॥
ਸੋ ਕਿਉ ਬਿਸਰੈ ਜਿ ਬਿਖੁ ਤੇ ਕਾਢੈ॥ ਜਨਮ ਜਨਮ ਕਾ ਟੂਟਾ ਗਾਢੈ॥
ਗੁਰਿ ਪੂਰੈ ਤਤੁ ਇਹੈ ਬੁਝਾਇਆ॥ ਪ੍ਰਭੁ ਅਪਨਾ ਨਾਨਕ ਜਨ ਧਿਆਇਆ॥ ੪॥

ਪਦ ਅਰਥ : ਘਾਲ—ਮਿਹਨਤ। ਜੀਵਨ ਜੀਆ—ਜ਼ਿੰਦਗੀ ਦਾ ਆਸਰਾ। ਲਾਖੈ—ਸਮਝਦਾ ਹੈ। ਬਿਖੁ—ਮਾਇਆ ਦੀ ਜ਼ਹਿਰ। ਤਤੁ—ਅਸਲੀਅਤ।

ਅਰਥ : ਮਨੁੱਖ ਨੂੰ ਉਹ ਪ੍ਰਭੂ ਕਿਉਂ ਵਿਸਰ ਜਾਏ ਜੋ ਮਨੁੱਖ ਦੀ ਕੀਤੀ ਮਿਹਨਤ ਨੂੰ ਅਜਾਈਂ ਨਹੀਂ ਜਾਣ ਦਿੰਦਾ, ਜੋ ਕੀਤੀ ਕਮਾਈ ਨੂੰ ਚੇਤੇ ਰੱਖਦਾ ਹੈ?

ਉਹ ਪ੍ਰਭੂ ਕਿਉਂ ਭੁੱਲ ਜਾਏ ਜਿਸ ਨੇ ਸਭ ਕੁਝ ਦਿੱਤਾ ਹੈ, ਜੋ ਜੀਵਾਂ ਦੇ ਜੀਵਨ ਦਾ ਆਸਰਾ ਹੈ?

ਉਹ ਅਕਾਲ ਪੁਰਖ ਕਿਉਂ ਵਿਸਰ ਜਾਏ ਜੋ ਮਾਂ ਦੇ ਪੇਟ ਦੀ ਅੱਗ ਵਿਚ ਬਚਾ ਕੇ ਰਖਦਾ ਹੈ? ਪਰ ਕੋਈ ਵਿਰਲਾ ਮਨੁੱਖ ਗੁਰੂ ਦੀ ਕਿਰਪਾ ਨਾਲ ਇਹ ਗੱਲ ਸਮਝਦਾ ਹੈ।

ਉਹ ਅਕਾਲ ਪੁਰਖ ਕਿਉਂ ਭੁੱਲ ਜਾਏ ਜੋ ਮਾਇਆ ਰੂਪ ਜ਼ਹਿਰ ਤੋਂ ਬਚਾਉਂਦਾ ਹੈ ਅਤੇ ਕਈ ਜਨਮਾਂ ਦੇ ਵਿਛੜੇ ਹੋਏ ਜੀਵ ਨੂੰ ਆਪਣੇ ਨਾਲ ਜੋੜ ਲੈਂਦਾ ਹੈ?

ਜਿਨ੍ਹਾਂ ਸੇਵਕਾਂ ਨੂੰ ਪੂਰੇ ਗੁਰੂ ਨੇ ਇਹ ਡੂੰਘੀ ਗੱਲ ਸਮਝਾਈ ਹੈ, ਹੇ ਨਾਨਕ! ਉਨ੍ਹਾਂ ਨੇ ਆਪਣੇ ਪ੍ਰਭੂ ਨੂੰ ਸਿਮਰਿਆ ਹੈ॥ ੪॥

ਸਾਜਨ ਸੰਤ ਕਰਹੁ ਇਹੁ ਕਾਮੁ॥ ਆਨ ਤਿਆਗਿ ਜਪਹੁ ਹਰਿ ਨਾਮੁ॥
ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ॥ ਆਪਿ ਜਪਹੁ ਅਵਰਹ ਨਾਮੁ ਜਪਾਵਹੁ॥
ਭਗਤਿ ਭਾਇ ਤਰੀਐ ਸੰਸਾਰੁ॥ ਬਿਨੁ ਭਗਤੀ ਤਨੁ ਹੋਸੀ ਛਾਰੁ॥
ਸਰਬ ਕਲਿਆਣ ਸੂਖ ਨਿਧਿ ਨਾਮੁ॥ ਬੂਡਤ ਜਾਤ ਪਾਏ ਬਿਸ੍ਰਾਮੁ॥
ਸਗਲ ਦੂਖ ਕਾ ਹੋਵਤ ਨਾਸੁ॥ ਨਾਨਕ ਨਾਮੁ ਜਪਹੁ ਗੁਨਤਾਸੁ॥ ੫॥

ਪਦ ਅਰਥ : ਆਨ—ਹੋਰ। ਅਵਰਹ—ਹੋਰਨਾਂ ਨੂੰ। ਭਗਤਿ ਭਾਇ—ਭਗਤੀ ਦੇ ਪਿਆਰ ਨਾਲ। ਛਾਰੁ—ਸੁਆਹ। ਕਲਿਆਣ—ਭਲੇ ਭਾਗ। ਨਿਧਿ—ਖਜ਼ਾਨਾ। ਬੂਡਤ ਜਾਤ—ਡੁੱਬਦਾ ਜਾਂਦਾ। ਬਿਸ੍ਰਾਮੁ—ਟਿਕਾਣਾ। ਗੁਨਤਾਸੁ—ਗੁਣਾਂ ਦਾ ਖਜ਼ਾਨਾ।

ਅਰਥ : ਹੇ ਸੱਜਣ ਜਨੋ! ਹੇ ਸੰਤ ਜਨੋ! ਇਹ ਕੰਮ ਕਰੋ। ਹੋਰ ਸਾਰੇ ਆਹਰ ਛੱਡ ਕੇ ਪ੍ਰਭੂ ਦਾ ਨਾਮ ਜਪੋ।

ਸਦਾ ਪ੍ਰਭੂ ਨੂੰ ਸਿਮਰੋ ਤੇ ਸਿਮਰ ਕੇ ਸੁਖ ਪ੍ਰਾਪਤ ਕਰੋ; ਪ੍ਰਭੂ ਦਾ ਨਾਮ ਆਪ ਜਪੋ ਤੇ ਹੋਰਨਾਂ ਨੂੰ ਜਪਾਵੋ।

ਪ੍ਰਭੂ ਦੀ ਭਗਤੀ ਵਿਚ ਪ੍ਰੀਤ ਲਾਇਆਂ ਇਹ ਸੰਸਾਰ ਸਮੁੰਦਰ ਤਰੀਦਾ ਹੈ, ਭਗਤੀ ਤੋਂ ਬਿਨਾਂ ਇਹ ਸਰੀਰ ਕਿਸੇ ਕੰਮ ਨਹੀਂ।

ਪ੍ਰਭੂ ਦਾ ਨਾਮ ਚੰਗੇ ਭਾਗਾਂ ਤੇ ਸੁਖਾਂ ਦਾ ਖਜ਼ਾਨਾ ਹੈ। ਨਾਮ ਜਪਿਆਂ ਵਿਕਾਰਾਂ ਵਿਚ ਡੁੱਬਦੇ ਜਾਂਦੇ ਨੂੰ ਆਸਰਾ ਤੇ ਟਿਕਾਣਾ ਮਿਲਦਾ ਹੈ;

ਤੇ ਸਾਰੇ ਦੁੱਖਾਂ ਦਾ ਨਾਸ ਹੋ ਜਾਂਦਾ ਹੈ। ਤਾਂ ਤੇ ਹੇ ਨਾਨਕ! ਨਾਮ ਜਪੋ, ਨਾਮ ਹੀ ਗੁਣਾਂ ਦਾ ਖਜ਼ਾਨਾ ਹੈ॥ ੫॥

ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ॥ ਮਨ ਤਨ ਅੰਤਰਿ ਇਹੀ ਸੁਆਉ॥
ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ॥ ਮਨੁ ਬਿਗਸੈ ਸਾਧ ਚਰਨ ਧੋਇ॥
ਭਗਤ ਜਨਾ ਕੈ ਮਨਿ ਤਨਿ ਰੰਗੁ॥ ਬਿਰਲਾ ਕੋਊ ਪਾਵੈ ਸੰਗੁ॥

ਏਕ ਬਸਤੁ ਦੀਜੈ ਕਰਿ ਮਇਆ॥ ਗੁਰ ਪ੍ਰਸਾਦਿ ਨਾਮੁ ਜਪਿ ਲਇਆ॥
ਤਾ ਕੀ ਉਪਮਾ ਕਹੀ ਨ ਜਾਇ॥ ਨਾਨਕ ਰਹਿਆ ਸਰਬ ਸਮਾਇ॥੬॥

ਪਦ ਅਰਥ : **ਉਪਜੀ**—ਪੈਦਾ ਹੋਈ। **ਸੁਆਉ**—ਸੁਆਰਥ, ਚਾਹ। **ਨੇਤ੍ਰਹੁ**—ਅੱਖਾਂ ਨਾਲ। **ਦਰਸੁ**—ਦਰਸ਼ਨ। **ਬਿਗਸੈ**—ਖਿੜ ਪੈਂਦਾ ਹੈ। **ਬਸਤੁ**—ਚੀਜ਼। **ਮਇਆ**—ਮਿਹਰ। **ਉਪਮਾ**—ਵਡਿਆਈ।

ਅਰਥ : ਜਿਸ ਦੇ ਅੰਦਰ ਪ੍ਰਭੂ ਦੀ ਪ੍ਰੀਤ ਪੈਦਾ ਹੋਈ ਹੈ, ਪ੍ਰਭੂ ਦੇ ਪਿਆਰ ਦਾ ਸੁਆਦ ਤੇ ਚਾਉ ਪੈਦਾ ਹੋਇਆ ਹੈ, ਉਸ ਦੇ ਮਨ ਤੇ ਤਨ ਵਿਚ ਇਹੀ ਚਾਹ ਹੈ ਕਿ ਨਾਮ ਦੀ ਦਾਤ ਮਿਲੇ।

ਅੱਖਾਂ ਨਾਲ ਗੁਰੂ ਦਾ ਦਰਸ਼ਨ ਕਰ ਕੇ ਉਸ ਨੂੰ ਸੁਖ ਪ੍ਰਤੀਤ ਹੁੰਦਾ ਹੈ, ਗੁਰੂ ਦੇ ਚਰਨ ਧੋ ਕੇ ਉਸ ਦਾ ਮਨ ਖਿੜ ਆਉਂਦਾ ਹੈ।

ਭਗਤਾਂ ਦੇ ਮਨ ਤੇ ਸਰੀਰ ਵਿਚ ਪ੍ਰਭੂ ਦਾ ਪਿਆਰ ਟਿਕਿਆ ਰਹਿੰਦਾ ਹੈ ਪਰ ਕਿਸੇ ਵਿਰਲੇ ਭਾਗਾਂ ਵਾਲੇ ਨੂੰ ਉਨ੍ਹਾਂ ਦੀ ਸੰਗਤ ਨਸੀਬ ਹੁੰਦੀ ਹੈ।

ਹੇ ਪ੍ਰਭੂ! ਇਕ ਨਾਮ-ਵਸਤੂ ਮਿਹਰ ਕਰਕੇ ਸਾਨੂੰ ਦੇ ਤਾਂ ਜੋ ਗੁਰੂ ਦੀ ਕਿਰਪਾ ਨਾਲ ਤੇਰਾ ਨਾਮ ਜਪ ਸਕੀਏ।

ਹੇ ਨਾਨਕ! ਉਹ ਪ੍ਰਭੂ ਸਭ ਥਾਈਂ ਮੌਜੂਦ ਹੈ, ਉਸ ਦੀ ਵਡਿਆਈ ਬਿਆਨ ਨਹੀਂ ਕੀਤੀ ਜਾ ਸਕਦੀ॥ ੬॥

ਪ੍ਰਭ ਬਖਸੰਦ ਦੀਨ ਦਇਆਲ॥ ਭਗਤਿ ਵਛਲ ਸਦਾ ਕਿਰਪਾਲ॥
ਅਨਾਥ ਨਾਥ ਗੋਬਿੰਦ ਗੁਪਾਲ॥ ਸਰਬ ਘਟਾ ਕਰਤ ਪ੍ਰਤਿਪਾਲ॥
ਆਦਿ ਪੁਰਖ ਕਾਰਣ ਕਰਤਾਰ॥ ਭਗਤ ਜਨਾ ਕੇ ਪ੍ਰਾਨ ਅਧਾਰ॥
ਜੋ ਜੋ ਜਪੈ ਸੁ ਹੋਇ ਪੁਨੀਤ॥ ਭਗਤਿ ਭਾਇ ਲਾਵੈ ਮਨ ਹੀਤ॥
ਹਮ ਨਿਰਗੁਨੀਆਰ ਨੀਚ ਅਜਾਨ॥
ਨਾਨਕ ਤੁਮਰੀ ਸਰਨਿ ਪੁਰਖ ਭਗਵਾਨ॥੭॥

ਪਦ ਅਰਥ : **ਬਖਸੰਦ**—ਬਖਸ਼ਣਹਾਰ॥ **ਭਗਤਿ ਵਛਲ**—ਭਗਤੀ ਨਾਲ ਪਿਆਰ ਕਰਨ ਵਾਲਾ। **ਪ੍ਰਤਿਪਾਲ**—ਪਾਲਣਾ। **ਅਧਾਰ**—ਆਸਰਾ। **ਪੁਨੀਤ**—ਪਵਿੱਤਰ; **ਹੀਤ**—ਹਿਤ, ਪਿਆਰ। **ਨਿਰਗੁਨੀਆਰ**—ਗੁਣ-ਹੀਨ।

ਅਰਥ : ਹੇ ਬਖਸ਼ਣਹਾਰ ਪ੍ਰਭੂ! ਹੇ ਗਰੀਬਾਂ 'ਤੇ ਤਰਸ ਕਰਨ ਵਾਲੇ! ਹੇ ਭਗਤੀ ਨਾਲ ਪਿਆਰ ਕਰਨ ਵਾਲੇ! ਹੇ ਸਦਾ ਦਇਆ ਦੇ ਘਰ! ਹੇ ਅਨਾਥਾਂ ਦੇ ਨਾਥ! ਹੇ ਗੋਬਿੰਦ! ਹੇ ਗੋਪਾਲ! ਹੇ ਸਾਰੇ ਸਰੀਰਾਂ ਦੀ ਪਾਲਣਾ ਕਰਨ ਵਾਲੇ!

ਹੇ ਸਭ ਦੇ ਮੁੱਢ ਤੇ ਸਭ ਵਿਚ ਵਿਆਪਕ ਪ੍ਰਭੂ! ਹੇ ਜਗਤ ਦੇ ਮੂਲ! ਹੇ ਕਰਤਾਰ! ਹੇ ਭਗਤਾਂ ਦੇ ਜੀਵਨ ਦੇ ਆਸਰੇ!

ਜੋ ਜੋ ਮਨੁੱਖ ਭਗਤੀ-ਭਾਵ ਨਾਲ ਆਪਣੇ ਮਨ ਵਿਚ ਤੇਰਾ ਪਿਆਰ ਟਿਕਾਉਂਦਾ ਹੈ ਤੇ ਤੈਨੂੰ ਜਪਦਾ ਹੈ, ਉਹ ਪਵਿੱਤਰ ਹੋ ਜਾਂਦਾ ਹੈ।

ਹੇ ਨਾਨਕ! ਬੇਨਤੀ ਕਰ ਤੇ ਆਖ ਹੇ ਅਕਾਲ ਪੁਰਖ! ਹੇ ਭਗਵਾਨ! ਅਸੀਂ ਤੇਰੀ ਸ਼ਰਨ ਆਏ ਹਾਂ, ਅਸੀਂ ਨੀਚ ਹਾਂ, ਅੰਞਾਣ ਹਾਂ ਤੇ ਗੁਣ-ਹੀਨ ਹਾਂ॥ ੭॥

ਸਰਬ ਬੈਕੁੰਠ ਮੁਕਤਿ ਮੋਖ ਪਾਏ॥ ਏਕ ਨਿਮਖ ਹਰਿ ਕੇ ਗੁਨ ਗਾਏ॥
ਅਨਿਕ ਰਾਜ ਭੋਗ ਬਡਿਆਈ॥ ਹਰਿ ਕੇ ਨਾਮ ਕੀ ਕਥਾ ਮਨਿ ਭਾਈ॥
ਬਹੁ ਭੋਜਨ ਕਾਪਰ ਸੰਗੀਤ॥ ਰਸਨਾ ਜਪਤੀ ਹਰਿ ਹਰਿ ਨੀਤ॥
ਭਲੀ ਸੁ ਕਰਨੀ ਸੋਭਾ ਧਨਵੰਤ॥ ਹਿਰਦੈ ਬਸੇ ਪੂਰਨ ਗੁਰ ਮੰਤ॥
ਸਾਧ ਸੰਗਿ ਪ੍ਰਭ ਦੇਹੁ ਨਿਵਾਸ॥ ਸਰਬ ਸੂਖ ਨਾਨਕ ਪਰਗਾਸ॥ ੮॥ ੨੦॥

ਪਦ ਅਰਥ : ਬੈਕੁੰਠ—ਸੁਰਗ। ਏਕ ਨਿਮਖ—ਅੱਖ ਦਾ ਇਕ ਫੋਰ, ਇਕ ਵਾਰ ਅੱਖ ਝਮਕਣ ਜਿੰਨਾ ਸਮਾਂ, ਇਕ ਪਲ। ਭਾਈ—ਚੰਗੀ ਲੱਗੀ। ਕਾਪਰ—ਕੱਪੜੇ। ਰਸਨਾ—ਜੀਭ। ਕਰਨੀ—ਆਚਰਨ। ਗੁਰ ਮੰਤ—ਗੁਰੂ ਦਾ ਉਪਦੇਸ਼।

ਅਰਥ : ਜਿਸ ਮਨੁੱਖ ਨੇ ਅੱਖ ਦਾ ਇਕ ਫੋਰ ਮਾਤਰ ਵੀ ਪ੍ਰਭੂ ਦੇ ਗੁਣ ਗਾਏ ਹਨ, ਉਸ ਨੇ ਮਾਨੋ ਸਾਰੇ ਸੁਰਗ ਤੇ ਮੋਖ-ਮੁਕਤੀ ਪ੍ਰਾਪਤ ਕਰ ਲਈ ਹੈ।

ਜਿਸ ਮਨੁੱਖ ਦੇ ਮਨ ਵਿਚ ਪ੍ਰਭੂ ਦੇ ਨਾਮ ਦੀ ਗੱਲ-ਬਾਤ ਮਿੱਠੀ ਲੱਗੀ ਹੈ, ਉਸ ਨੂੰ ਮਾਨੋ ਅਨੇਕਾਂ ਰਾਜ, ਭੋਗ-ਪਦਾਰਥ ਤੇ ਵਡਿਆਈਆਂ ਮਿਲ ਗਈਆਂ ਹਨ।

ਜਿਸ ਮਨੁੱਖ ਦੀ ਜੀਭ ਸਦਾ ਪ੍ਰਭੂ ਦਾ ਨਾਮ ਜਪਦੀ ਹੈ, ਉਸ ਨੂੰ ਮਾਨੋ ਕਈ ਕਿਸਮ ਦੇ ਖਾਣੇ, ਕੱਪੜੇ ਤੇ ਰਾਗ-ਰੰਗ ਪ੍ਰਾਪਤ ਹੋ ਗਏ ਹਨ।

ਜਿਸ ਮਨੁੱਖ ਦੇ ਹਿਰਦੇ ਵਿਚ ਪੂਰੇ ਗੁਰੂ ਦਾ ਉਪਦੇਸ਼ ਵੱਸਦਾ ਹੈ, ਉਸੇ ਦਾ ਹੀ ਆਚਰਨ ਭਲਾ ਹੈ, ਉਸੇ ਨੂੰ ਹੀ ਸ਼ੋਭਾ ਮਿਲਦੀ ਹੈ, ਉਹੀ ਧਨਾਢ ਹੈ।

ਹੇ ਪ੍ਰਭੂ! ਮੈਨੂੰ ਆਪਣੇ ਸੰਤਾਂ ਦੀ ਸੰਗਤ ਵਿਚ ਥਾਂ ਦੇ! ਹੇ ਨਾਨਕ! ਸਤਸੰਗ ਵਿਚ ਰਹਿਆਂ ਸਾਰੇ ਸੁਖਾਂ ਦਾ ਪ੍ਰਕਾਸ਼ ਹੋ ਜਾਂਦਾ ਹੈ॥ ੮॥ ੨੦॥

ਸ਼ਬਦ ਉਚਾਰਨ : ਮਾਂਗਉਂ, ਗਾਵਉਂ, ਤੁਮਹਿਂ, ਧਿਆਵਉਂ, ਸਿਉਂ, ਕਰਉਂ, ਮਾਂਗੈ, ਮਹਾਂ, ਨਹੀਂ, ਨੇੜ੍ਹੁੰ ਬਿੰਦੀ ਸਹਿਤ ਉਚਾਰਨ ਕਰਨੇ ਹਨ।

ਨੋਟ : 'ਸੁਭਰ' ਦਾ ਉਚਾਰਨ 'ਸੁ-ਭਰ' ਕਰਨਾ ਹੈ।

॥ ਸਲੋਕੁ ॥

ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥ ੧॥

ਪਦ ਅਰਥ : ਸਰਗੁਨ—ਤ੍ਰਿਗੁਣੀ ਮਾਇਆ ਦਾ (ਦ੍ਰਿਸ਼ਟਮਾਨ) ਰੂਪ। ਨਿਰਗੁਨ—ਮਾਇਆ ਦੇ ਤਿੰਨਾਂ ਗੁਣਾਂ ਤੋਂ ਪਰੇ। ਨਿਰੰਕਾਰ—ਅਕਾਰ-ਰਹਿਤ ਅਕਾਲ

ਪੁਰਖ। **ਸੁੰਨ**—ਸੁੰਞ, ਜਿਥੇ ਕੁਝ ਨਾ ਹੋਵੇ। **ਸੁੰਨ ਸਮਾਧੀ**—ਟਿਕਾਉ ਦੀ ਉਹ ਅਵਸਥਾ ਜਿੱਥੇ ਕੋਈ ਫੁਰਨਾ ਨਾ ਉੱਠੇ (ਅਫੁਰ ਅਵਸਥਾ)।

ਅਰਥ : ਨਿਰੰਕਾਰ ਤ੍ਰਿਗੁਣੀ ਮਾਇਆ ਦਾ ਰੂਪ ਭਾਵ ਜਗਤ-ਰੂਪ ਵੀ ਹੈ ਤੇ ਮਾਇਆ ਦੇ ਤਿੰਨਾਂ ਗੁਣਾਂ ਤੋਂ ਪਰੇ ਕੇਵਲ ਆਪ ਹੀ ਆਪ ਵੀ ਹੈ; ਅਫੁਰ ਅਵਸਥਾ ਵਿਚ ਟਿਕਿਆ ਹੋਇਆ ਵੀ ਆਪ ਹੀ ਹੈ। ਹੇ ਨਾਨਕ! ਇਹ ਸਾਰਾ ਸੰਸਾਰ ਪ੍ਰਭੂ ਨੇ ਆਪ ਹੀ ਰਚਿਆ ਹੈ ਤੇ ਜੀਵਾਂ ਵਿਚ ਬੈਠ ਕੇ ਆਪ ਹੀ ਆਪਣੇ ਆਪ ਨੂੰ ਯਾਦ ਕਰ ਰਿਹਾ ਹੈ॥ ੧ ॥

ਅਸਟਪਦੀ॥

ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ॥ ਪਾਪ ਪੁੰਨ ਤਬ ਕਹ ਤੇ ਹੋਤਾ॥
ਜਬ ਧਾਰੀ ਆਪਨ ਸੁੰਨ ਸਮਾਧਿ॥ ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ॥
ਜਬ ਇਸ ਕਾ ਬਰਨੁ ਚਿਹਨੁ ਨ ਜਾਪਤ॥ ਤਬ ਹਰਖ ਸੋਗ ਕਹੁ ਕਿਸਹਿ ਬਿਆਪਤ॥
ਜਬ ਆਪਨ ਆਪ ਆਪਿ ਪਾਰਬ੍ਰਹਮ॥ ਤਬ ਮੋਹ ਕਹਾ ਕਿਸੁ ਹੋਵਤ ਭਰਮ॥
ਆਪਨ ਖੇਲੁ ਆਪਿ ਵਰਤੀਜਾ॥ ਨਾਨਕ ਕਰਨੈਹਾਰੁ ਨ ਦੂਜਾ॥ ੧॥

ਪਦ ਅਰਥ : **ਅਕਾਰੁ**—ਸਰੂਪ, ਸ਼ਕਲ। **ਦ੍ਰਿਸਟੇਤਾ**—ਦਿਸਦਾ। **ਬਰਨੁ**—ਰੰਗ। **ਚਿਹਨੁ**—ਨਿਸ਼ਾਨ। **ਹਰਖ**—ਖੁਸ਼ੀ। **ਬਿਆਪਤ**—ਪੋਹ ਸਕਦਾ। **ਵਰਤੀਜਾ**—ਵਰਤਾਇਆ।

ਅਰਥ : ਜਦੋਂ ਜਗਤ ਦੇ ਜੀਵਾਂ ਦੀ ਅਜੇ ਕੋਈ ਸ਼ਕਲ ਨਹੀਂ ਦਿਸਦੀ ਸੀ, ਉਦੋਂ ਪਾਪ ਜਾਂ ਪੁੰਨ ਕਿਸ ਜੀਵ ਤੋਂ ਹੋ ਸਕਦਾ ਸੀ?

ਜਦੋਂ ਪ੍ਰਭੂ ਨੇ ਆਪ ਅਫੁਰ ਅਵਸਥਾ ਵਾਲੀ ਸਮਾਧੀ ਲਾਈ ਹੋਈ ਸੀ, ਉਦੋਂ ਕਿਸ ਨੇ ਕਿਸ ਨਾਲ ਵੈਰ ਵਿਰੋਧ ਕਮਾਉਣਾ ਸੀ?

ਜਦੋਂ ਇਸ ਜਗਤ ਦਾ ਕੋਈ ਰੰਗ-ਰੂਪ ਹੀ ਨਹੀਂ ਸੀ ਦਿਸਦਾ, ਉਦੋਂ ਦੱਸੋ ਖੁਸ਼ੀ ਜਾਂ ਚਿੰਤਾ ਕਿਸ ਨੂੰ ਪੋਹ ਸਕਦੇ ਸਨ?

ਜਦੋਂ ਅਕਾਲ ਪੁਰਖ ਕੇਵਲ ਆਪ ਹੀ ਆਪ ਸੀ, ਉਦੋਂ ਮੋਹ ਕਿੱਥੇ ਹੋ ਸਕਦਾ ਸੀ ਤੇ ਭਰਮ ਭੁਲੇਖੇ ਕਿਸ ਨੂੰ ਹੋ ਸਕਦੇ ਸਨ?

ਹੇ ਨਾਨਕ! ਜਗਤ-ਰੂਪ ਆਪਣੀ ਖੇਲ ਪ੍ਰਭੂ ਨੇ ਆਪ ਬਣਾਈ ਹੈ, ਉਸ ਤੋਂ ਬਿਨਾਂ ਇਸ ਖੇਡ ਨੂੰ ਬਣਾਉਣ ਵਾਲਾ ਹੋਰ ਕੋਈ ਨਹੀਂ ਹੈ॥ ੧॥

ਜਬ ਹੋਵਤ ਪ੍ਰਭ ਕੇਵਲ ਧਨੀ॥ ਤਬ ਬੰਧ ਮੁਕਤਿ ਕਹੁ ਕਿਸ ਕਉ ਗਨੀ॥
ਜਬ ਏਕਹਿ ਹਰਿ ਅਗਮ ਅਪਾਰ॥ ਤਬ ਨਰਕ ਸੁਰਗ ਕਹੁ ਕਉਨ ਅਉਤਾਰ॥
ਜਬ ਨਿਰਗੁਨ ਪ੍ਰਭ ਸਹਜ ਸੁਭਾਇ॥ ਤਬ ਸਿਵ ਸਕਤਿ ਕਹਹੁ ਕਿਤੁ ਠਾਇ॥
ਜਬ ਆਪਹਿ ਆਪਿ ਅਪਨੀ ਜੋਤਿ ਧਰੈ॥ ਤਬ ਕਵਨ ਨਿਡਰੁ ਕਵਨ ਕਤ ਡਰੈ॥
ਆਪਨ ਚਲਿਤ ਆਪਿ ਕਰਨੈਹਾਰ॥ ਨਾਨਕ ਠਾਕੁਰ ਅਗਮ ਅਪਾਰ॥ ੨॥

ਪਦ ਅਰਥ : ਧਨੀ—ਮਾਲਕ। ਬੰਧ—ਬੰਧਨ। ਮੁਕਤਿ—ਮਾਇਆ ਤੋਂ ਖਲਾਸੀ। ਗਨੀ—ਸਮਝੀਏ। ਅਗਮ—ਜਿਸ ਤੱਕ ਪਹੁੰਚ ਨਾ ਹੋ ਸਕੇ। ਅਪਾਰ—ਬੇਅੰਤ। ਅਉਤਾਰ—ਉਤਰਨ ਅਥਵਾ ਜਨਮ ਲੈਣ ਵਾਲੇ। ਸਿਵ—ਜੀਵ ਆਤਮਾ। ਸਕਤਿ—ਮਾਇਆ। ਚਲਿਤ—ਤਮਾਸ਼ੇ।

ਅਰਥ : ਜਦੋਂ ਮਾਲਕ ਪ੍ਰਭੂ ਕੇਵਲ ਆਪ ਹੀ ਸੀ, ਦੱਸੋ ਉਦੋਂ ਕਿਸ ਨੂੰ ਬੰਧਨਾਂ ਵਿਚ ਫਸਿਆ ਹੋਇਆ ਤੇ ਕਿਸ ਨੂੰ ਮੁਕਤਿ ਸਮਝੀਏ?

ਜਦੋਂ ਅਗੰਮ ਤੇ ਬੇਅੰਤ ਪ੍ਰਭੂ ਇਕ ਆਪ ਹੀ ਸੀ ਉਦੋਂ ਨਰਕਾਂ ਤੇ ਸੁਰਗਾਂ ਵਿਚ ਆਉਣ ਵਾਲੇ ਕਿਹੜੇ ਜੀਵ ਸਨ?

ਜਦੋਂ ਸੁਤੇ ਹੀ ਪ੍ਰਭੂ ਤ੍ਰਿਗੁਣੀ ਮਾਇਆ ਤੋਂ ਪਰੇ ਸੀ, ਦੱਸੋ ਉਦੋਂ ਕਿਥੇ ਸਨ ਜੀਵ ਤੇ ਕਿਥੇ ਸੀ ਮਾਇਆ?

ਜਦੋਂ ਪ੍ਰਭੂ ਆਪ ਹੀ ਆਪਣੀ ਜੋਤਿ ਜਗਾਈ ਬੈਠਾ ਸੀ, ਉਦੋਂ ਕੌਣ ਨਿਡਰ ਸੀ ਤੇ ਕੌਣ ਕਿਸੇ ਤੋਂ ਡਰਦਾ ਸੀ?

ਹੇ ਨਾਨਕ! ਅਕਾਲ ਪੁਰਖ ਅਗਮ ਤੇ ਬੇਅੰਤ ਹੈ, ਆਪਣੇ ਤਮਾਸ਼ੇ ਆਪ ਹੀ ਕਰਨ ਵਾਲਾ ਹੈ॥ ੨॥

ਅਬਿਨਾਸੀ ਸੁਖ ਆਪਨ ਆਸਨ॥ ਤਹ ਜਨਮ ਮਰਨ ਕਹੁ ਕਹਾ ਬਿਨਾਸਨ॥
ਜਬ ਪੂਰਨ ਕਰਤਾ ਪ੍ਰਭੁ ਸੋਇ॥ ਤਬ ਜਮ ਕੀ ਤ੍ਰਾਸ ਕਹਹੁ ਕਿਸੁ ਹੋਇ॥
ਜਬ ਅਬਿਗਤ ਅਗੋਚਰ ਪ੍ਰਭ ਏਕਾ॥ ਤਬ ਚਿਤ੍ਰ ਗੁਪਤ ਕਿਸੁ ਪੂਛਤ ਲੇਖਾ॥
ਜਬ ਨਾਥ ਨਿਰੰਜਨ ਅਗੋਚਰ ਅਗਾਧੇ॥ ਤਬ ਕਉਨ ਛੁਟੇ ਕਉਨ ਬੰਧਨ ਬਾਧੇ॥
ਆਪਨ ਆਪ ਆਪ ਹੀ ਅਚਰਜਾ॥ ਨਾਨਕ ਆਪਨ ਰੂਪ ਆਪ ਹੀ ਉਪਰਜਾ॥ ੩॥

ਪਦ ਅਰਥ : ਅਬਿਨਾਸੀ—ਨਾਸ-ਰਹਿਤ। ਆਸਨ—ਤਖਤ, ਸਰੂਪ। ਅਬਿਗਤ—ਅਦ੍ਰਿਸ਼ਟ ਪ੍ਰਭੂ। ਅਗੋਚਰ—ਜਿਸ ਤੱਕ ਸਰੀਰਕ ਇੰਦਰੀਆਂ ਦੀ ਪਹੁੰਚ ਨਾ ਹੋਵੇ। ਚਿਤ੍ਰ ਗੁਪਤ—ਜੀਵਾਂ ਦੇ ਕੀਤੇ ਕਰਮਾਂ ਦਾ ਲੇਖਾ ਪੁੱਛਣ ਵਾਲੇ। ਅਗਾਧ—ਅਥਾਹ। ਅਚਰਜਾ—ਹੈਰਾਨ ਕਰਨ ਵਾਲਾ। ਉਪਰਜਾ—ਪੈਦਾ ਕੀਤਾ ਹੈ।

ਅਰਥ : ਜਦੋਂ ਅਕਾਲ ਪੁਰਖ ਆਪਣੀ ਮੌਜ ਵਿਚ ਆਪਣੇ ਹੀ ਸਰੂਪ ਵਿਚ ਟਿਕਿਆ ਬੈਠਾ ਸੀ, ਦੱਸੋ ਉਦੋਂ ਜੰਮਣਾ, ਮਰਨਾ ਤੇ ਮੌਤ ਕਿਥੇ ਸਨ?

ਜਦੋਂ ਕਰਤਾਰ ਪੂਰਨ ਪ੍ਰਭੂ ਆਪ ਹੀ ਸੀ, ਦੱਸੋ ਉਦੋਂ ਮੌਤ ਦਾ ਡਰ ਕਿਸ ਨੂੰ ਹੋ ਸਕਦਾ ਸੀ?

ਜਦੋਂ ਅਦ੍ਰਿਸ਼ਟ ਤੇ ਅਗੋਚਰ ਪ੍ਰਭੂ ਇਕ ਆਪ ਹੀ ਸੀ, ਉਦੋਂ ਚਿਤਰ ਗੁਪਤ ਕਿਸ ਨੂੰ ਲੇਖਾ ਪੁੱਛ ਸਕਦੇ ਸਨ?

ਜਦੋਂ ਮਾਲਕ ਮਾਇਆ-ਰਹਿਤ, ਅਥਾਹ-ਅਗੋਚਰ ਆਪ ਹੀ ਸੀ, ਉਦੋਂ ਕੌਣ

ਮਾਇਆ ਦੇ ਬੰਧਨਾਂ ਤੋਂ ਮੁਕਤ ਸਨ ਤੇ ਕੌਣ ਬੰਧਨਾਂ ਵਿਚ ਬੱਝੇ ਹੋਏ ਸਨ?

ਉਹ ਅਸਚਰਜ-ਰੂਪ ਪ੍ਰਭੂ ਆਪਣੇ ਵਰਗਾ ਆਪ ਹੀ ਹੈ। ਹੇ ਨਾਨਕ! ਆਪਣਾ ਅਕਾਰ ਉਸ ਨੇ ਆਪ ਹੀ ਪੈਦਾ ਕੀਤਾ ਹੈ॥ ੩॥

ਜਹ ਨਿਰਮਲ ਪੁਰਖੁ ਪੁਰਖ ਪਤਿ ਹੋਤਾ॥ ਤਹ ਬਿਨੁ ਮੈਲੁ ਕਹਹੁ ਕਿਆ ਧੋਤਾ॥
ਜਹ ਨਿਰੰਜਨ ਨਿਰੰਕਾਰ ਨਿਰਬਾਨ॥ ਤਹ ਕਉਨ ਕਉ ਮਾਨ ਕਉਨ ਅਭਿਮਾਨ॥
ਜਹ ਸਰੂਪ ਕੇਵਲ ਜਗਦੀਸ॥ ਤਹ ਛਲ ਛਿਦ੍ਰ ਲਗਤ ਕਹੁ ਕੀਸ॥
ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ॥ ਤਹ ਕਿਸਹਿ ਭੂਖ ਕਵਨੁ ਤ੍ਰਿਪਤਾਵੈ॥
ਕਰਨ ਕਰਾਵਨ ਕਰਨੈਹਾਰੁ॥ ਨਾਨਕ ਕਰਤੇ ਕਾ ਨਾਹਿ ਸੁਮਾਰੁ॥ ੪॥

ਪਦ ਅਰਥ : ਪੁਰਖ—ਅਕਾਲ ਪੁਰਖ। ਪੁਰਖ ਪਤਿ—ਪੁਰਖਾਂ ਦਾ ਪਤੀ, ਜੀਵਾਂ ਦਾ ਮਾਲਕ। ਨਿਰਬਾਨ—ਵਾਸ਼ਨਾ ਰਹਿਤ। ਜਗਦੀਸ—ਜਗਤ ਦਾ ਈਸ਼ (ਮਾਲਕ)। ਛਲ—ਧੋਖਾ। ਛਿਦ੍ਰ—ਐਬ। ਤ੍ਰਿਪਤਾਵੈ—ਰੱਜਦਾ ਹੈ। ਸੁਮਾਰੁ—ਅੰਦਾਜ਼ਾ।

ਅਰਥ : ਜਿਸ ਅਵਸਥਾ ਵਿਚ ਜੀਵਾਂ ਦਾ ਮਾਲਕ ਨਿਰਮਲ ਪ੍ਰਭੂ ਆਪ ਹੀ ਸੀ, ਉਥੇ ਉਹ ਮੈਲ-ਰਹਿਤ ਸੀ, ਤਾਂ ਦੱਸੋ ਉਸਨੇ ਕਿਹੜੀ ਮੈਲ ਧੋਣੀ ਸੀ?

ਜਿੱਥੇ ਮਾਇਆ-ਰਹਿਤ, ਅਕਾਰ-ਰਹਿਤ ਤੇ ਵਾਸ਼ਨਾ-ਰਹਿਤ ਪ੍ਰਭੂ ਹੀ ਸੀ, ਉਥੇ ਮਾਣ ਅਹੰਕਾਰ ਕਿਸ ਨੂੰ ਹੋਣਾ ਸੀ?

ਜਿੱਥੇ ਕੇਵਲ ਜਗਤ ਦੇ ਮਾਲਕ ਪ੍ਰਭੂ ਦੀ ਹੀ ਹਸਤੀ ਸੀ, ਦੱਸੋ ਉੱਥੇ ਛਲ ਤੇ ਐਬ ਕਿਸ ਨੂੰ ਲੱਗ ਸਕਦੇ ਸਨ?

ਜਦੋਂ ਜੋਤਿ-ਰੂਪ ਪ੍ਰਭੂ ਆਪਣੀ ਹੀ ਜੋਤਿ ਵਿਚ ਲੀਨ ਸੀ, ਉਦੋਂ ਕਿਸ ਨੂੰ ਮਾਇਆ ਦੀ ਭੁੱਖ ਹੋ ਸਕਦੀ ਸੀ ਤੇ ਕੌਣ ਰੱਜਿਆ ਹੋਇਆ ਸੀ?

ਕਰਤਾਰ ਆਪ ਹੀ ਸਭ ਕੁਝ ਕਰਨ ਵਾਲਾ ਤੇ ਜੀਵਾਂ ਤੋਂ ਕਰਾਉਣ ਵਾਲਾ ਹੈ। ਹੇ ਨਾਨਕ! ਕਰਤਾਰ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ॥ ੪॥

ਜਬ ਅਪਨੀ ਸੋਭਾ ਆਪਨ ਸੰਗਿ ਬਨਾਈ॥ ਤਬ ਕਵਨ ਮਾਇ ਬਾਪ ਮਿਤ੍ਰ ਸੁਤ ਭਾਈ॥
ਜਹ ਸਰਬ ਕਲਾ ਆਪਹਿ ਪਰਬੀਨ॥ ਤਹ ਬੇਦ ਕਤੇਬ ਕਹਾ ਕੋਊ ਚੀਨ॥
ਜਬ ਆਪਨ ਆਪੁ ਆਪਿ ਉਰਿ ਧਾਰੈ॥ ਤਉ ਸਗਨ ਅਪਸਗਨ ਕਹਾ ਬੀਚਾਰੈ॥
ਜਹ ਆਪਨ ਊਚ ਆਪਨ ਆਪਿ ਨੇਰਾ॥ ਤਹ ਕਉਨ ਠਾਕੁਰੁ ਕਉਨੁ ਕਹੀਐ ਚੇਰਾ॥
ਬਿਸਮਨ ਬਿਸਮ ਰਹੇ ਬਿਸਮਾਦ॥ ਨਾਨਕ ਅਪਨੀ ਗਤਿ ਜਾਨਹੁ ਆਪਿ॥ ੫॥

ਪਦ ਅਰਥ : ਸੁਤ—ਪੁੱਤਰ। ਕਲਾ—ਤਾਕਤ। ਪਰਬੀਨ—ਸਿਆਣਾ। ਚੀਨ—ਪਛਾਣਦਾ। ਉਰਿ ਧਾਰੈ—ਹਿਰਦੇ ਵਿਚ ਟਿਕਾਉਂਦਾ ਹੈ। ਠਾਕੁਰੁ—ਮਾਲਕ। ਚੇਰਾ— ਸੇਵਕ। ਕਹਾ ਬੀਚਾਰੈ—ਕਿੱਥੇ ਕੋਈ ਵਿਚਾਰਦਾ ਹੈ? ਬਿਸਮਨ ਬਿਸਮ—ਅਸਚਰਜ ਤੋਂ ਅਸਚਰਜ।

ਅਰਥ : ਜਦੋਂ ਪ੍ਰਭੂ ਨੇ ਆਪਣੀ ਸੋਭਾ ਆਪਣੇ ਹੀ ਨਾਲ ਬਣਾਈ ਸੀ, ਉਦੋਂ ਕੌਣ ਮਾਂ, ਪਿਉ, ਮਿੱਤਰ, ਪੁੱਤਰ ਜਾਂ ਭਰਾ ਸੀ?

ਜਦੋਂ ਅਕਾਲ ਪੁਰਖ ਆਪ ਹੀ ਸਾਰੀਆਂ ਤਾਕਤਾਂ ਵਿਚ ਸਿਆਣਾ ਸੀ, ਉਦੋਂ ਕਿੱਥੇ ਕੋਈ ਬੇਦ ਤੇ ਕਤੇਬ (ਹਿੰਦੂਆਂ ਮੁਸਲਮਾਨਾਂ ਦੀਆਂ ਧਾਰਮਕ ਪੁਸਤਕਾਂ) ਵਿਚਾਰਦਾ ਸੀ?

ਜਦੋਂ ਪ੍ਰਭੂ ਆਪਣੇ ਆਪ ਨੂੰ ਹੀ ਆਪਣੇ ਆਪ ਵਿਚ ਟਿਕਾਈ ਬੈਠਾ ਸੀ, ਉਦੋਂ ਚੰਗੇ ਮੰਦੇ ਸ਼ਗਨ ਕੌਣ ਸੋਚਦਾ ਸੀ?

ਜਿਸ ਅਵਸਥਾ ਵਿਚ ਪ੍ਰਭੂ ਆਪ ਹੀ ਸਭ ਤੋਂ ਉੱਚਾ ਸੀ, ਆਪ ਹੀ ਆਪਣੇ ਨੇੜੇ ਸੀ, ਦੱਸੋ ਮਾਲਕ ਕੌਣ ਸੀ ਤੇ ਸੇਵਕ ਕੌਣ ਸੀ?

ਹੇ ਨਾਨਕ! ਅਰਦਾਸ ਕਰ ਕਿ ਹੇ ਪ੍ਰਭੂ! ਤੂੰ ਆਪਣੀ ਗਤਿ ਆਪ ਹੀ ਜਾਣਦਾ ਹੈਂ, ਜੀਵ ਤੇਰੀ ਗਤਿ (ਉੱਚੀ ਅਵੱਸਥਾ) ਭਾਲਦੇ ਹੈਰਾਨ ਤੇ ਅਸਚਰਜ ਹੋ ਰਹੇ ਹਨ॥ ੫॥

ਜਹ ਅਛਲ ਅਛੇਦ ਅਭੇਦ ਸਮਾਇਆ॥ ਊਹਾ ਕਿਸਹਿ ਬਿਆਪਤ ਮਾਇਆ॥
ਆਪਸ ਕਉ ਆਪਹਿ ਆਦੇਸੁ॥ ਤਿਹੁ ਗੁਣ ਕਾ ਨਾਹੀ ਪਰਵੇਸ॥
ਜਹ ਏਕਹਿ ਏਕ ਏਕ ਭਗਵੰਤਾ॥ ਤਹ ਕਉਨੁ ਅਚਿੰਤੁ ਕਿਸੁ ਲਾਗੈ ਚਿੰਤਾ॥
ਜਹ ਆਪਨ ਆਪੁ ਆਪਿ ਪਤੀਆਰਾ॥ ਤਹ ਕਉਨੁ ਕਥੈ ਕਉਨੁ ਸੁਨਨੈਹਾਰਾ॥
ਬਹੁ ਬੇਅੰਤ ਊਚ ਤੇ ਊਚਾ॥ ਨਾਨਕ ਆਪਸ ਕਉ ਆਪਹਿ ਪਹੂਚਾ॥ ੬॥

ਪਦ ਅਰਥ : **ਅਛਲ**—ਜੋ ਛਲਿਆ ਨਾ ਜਾ ਸਕੇ। **ਅਛੇਦ**—ਜੋ ਛੇਦਿਆ ਨਾ ਜਾ ਸਕੇ, ਨਾਸ਼-ਰਹਿਤ। **ਅਭੇਦ**—ਜਿਸ ਦਾ ਭੇਦ ਨਾ ਪਾਇਆ ਜਾ ਸਕੇ। **ਊਹਾਂ**—ਉਥੇ। **ਆਦੇਸੁ**—ਪ੍ਰਣਾਮ। **ਪਰਵੇਸੁ**—ਦਖਲ। **ਅਚਿੰਤੁ**—ਬੇ-ਫਿਕਰ। **ਪਤੀਆਰਾ**— ਪਤਿਆਉਣ ਵਾਲਾ। **ਪਹੂਚਾ**—ਪਹੁੰਚਿਆ ਹੋਇਆ।

ਅਰਥ : ਜਿਸ ਅਵਸਥਾ ਵਿਚ ਅਛਲ, ਅਬਿਨਾਸ਼ੀ ਤੇ ਅਭੇਦ ਪ੍ਰਭੂ ਆਪਣੇ ਆਪ ਵਿਚ ਟਿਕਿਆ ਹੋਇਆ ਹੈ, ਉੱਥੇ ਕਿਸ ਨੂੰ ਮਾਇਆ ਪੋਹ ਸਕਦੀ ਹੈ?

ਉਦੋਂ ਪ੍ਰਭੂ ਆਪਣੇ ਆਪ ਨੂੰ ਆਪ ਹੀ ਪ੍ਰਣਾਮ ਕਰਦਾ ਹੈ, ਮਾਇਆ ਦੇ ਤਿੰਨ ਗੁਣਾਂ ਦਾ ਉਸ ਉੱਤੇ ਅਸਰ ਨਹੀਂ ਪੈਂਦਾ।

ਜਦੋਂ ਭਗਵਾਨ ਕੇਵਲ ਇਕ ਆਪ ਹੀ ਸੀ, ਤਦੋਂ ਕੌਣ ਬੇਫ਼ਿਕਰ ਸੀ ਤੇ ਕਿਸ ਨੂੰ ਕੋਈ ਚਿੰਤਾ ਲਗਦੀ ਸੀ?

ਜਦੋਂ ਆਪਣੇ ਆਪ ਨੂੰ ਪਤਿਆਉਣ ਵਾਲਾ ਪ੍ਰਭੂ ਆਪ ਹੀ ਸੀ, ਉਦੋਂ ਕੌਣ ਬੋਲਦਾ ਸੀ ਤੇ ਕੌਣ ਸੁਣਨ ਵਾਲਾ ਸੀ?

ਹੇ ਨਾਨਕ! ਪ੍ਰਭੂ ਬੜਾ ਬੇਅੰਤ ਹੈ, ਸਭ ਤੋਂ ਉੱਚਾ ਹੈ, ਆਪਣੇ ਆਪ ਤੱਕ ਆਪ

ਹੀ ਅੱਪੜਨ ਵਾਲਾ ਹੈ॥ ੬॥

ਜਹ ਆਪਿ ਰਚਿਓ ਪਰਪੰਚੁ ਅਕਾਰੁ॥ ਤਿਹੁ ਗੁਣ ਮਹਿ ਕੀਨੋ ਬਿਸਥਾਰੁ॥
ਪਾਪੁ ਪੁੰਨੁ ਤਹ ਭਈ ਕਹਾਵਤ॥ ਕੋਊ ਨਰਕ ਕੋਊ ਸੁਰਗ ਬੰਛਾਵਤ॥
ਆਲ ਜਾਲ ਮਾਇਆ ਜੰਜਾਲ॥ ਹਉਮੈ ਮੋਹ ਭਰਮ ਭੈ ਭਾਰ॥
ਦੂਖ ਸੂਖ ਮਾਨ ਅਪਮਾਨ॥ ਅਨਿਕ ਪ੍ਰਕਾਰ ਕੀਓ ਬਖ੍ਯ਼ਾਨ॥
ਆਪਨ ਖੇਲੁ ਆਪਿ ਕਰਿ ਦੇਖੈ॥ ਖੇਲੁ ਸੰਕੋਚੈ ਤਉ ਨਾਨਕ ਏਕੈ॥ ੭॥

ਪਦ ਅਰਥ : ਪਰਪੰਚੁ—ਦ੍ਰਿਸਟਮਾਨ ਸੰਸਾਰ। ਬਿਸਥਾਰੁ—ਪਸਾਰਾ। ਕਹਾਵਤ—ਗੱਲ। ਬੰਛਾਵਤ—ਚਾਹੁਣ ਵਾਲਾ। ਆਲ ਜਾਲ—ਘਰਾਂ ਦਾ ਬੰਧਨ। ਮਾਨ ਅਪਮਾਨ—ਆਦਰ ਨਿਰਾਦਰੀ। ਕੀਓ ਬਖ੍ਯ਼ਾਨ—ਬਿਆਨ ਕੀਤੇ (ਦੱਸੇ) ਗਏ। ਸੰਕੋਚੈ—ਸਮੇਟਦਾ ਹੈ।

ਅਰਥ : ਜਦੋਂ ਪ੍ਰਭੂ ਨੇ ਆਪ ਜਗਤ ਦੀ ਖੇਡ ਰਚ ਦਿੱਤੀ, ਮਾਇਆ ਦੇ ਤਿੰਨ ਗੁਣਾਂ ਦਾ ਖਿਲਾਰਾ ਖਲੇਰ ਦਿੱਤਾ;

ਤਦੋਂ ਇਹ ਗੱਲ ਚੱਲ ਪਈ ਕਿ ਇਹ ਪਾਪ ਹੈ, ਇਹ ਪੁੰਨ ਹੈ; ਤਦੋਂ ਕੋਈ ਜੀਵ ਨਰਕਾਂ ਦਾ ਭਾਗੀ ਤੇ ਕੋਈ ਸੁਰਗਾਂ ਦਾ ਚਾਹਵਾਨ ਬਣਿਆ।

ਘਰਾਂ ਦੇ ਧੰਧੇ, ਮਾਇਆ ਦੇ ਬੰਧਨ, ਅਹੰਕਾਰ, ਮੋਹ, ਭੁਲੇਖੇ, ਡਰ, ਦੁੱਖ, ਸੁਖ, ਆਦਰ, ਨਿਰਾਦਰੀ—ਇਹੋ ਜਿਹੀਆਂ ਕਈ ਕਿਸਮ ਦੀਆਂ ਗੱਲਾਂ ਚੱਲ ਪਈਆਂ।

ਹੇ ਨਾਨਕ! ਪ੍ਰਭੂ ਆਪਣਾ ਤਮਾਸ਼ਾ ਕਰਕੇ ਆਪ ਵੇਖ ਰਿਹਾ ਹੈ। ਜਦੋਂ ਇਸ ਖੇਡ ਨੂੰ ਸਮੇਟਦਾ ਹੈ ਤਾਂ ਇਕ ਆਪ ਹੀ ਆਪ ਹੋ ਜਾਂਦਾ ਹੈ॥ ੭॥

ਜਹ ਅਬਿਗਤੁ ਭਗਤੁ ਤਹ ਆਪਿ॥ ਜਹ ਪਸਰੈ ਪਾਸਾਰੁ ਸੰਤ ਪਰਤਾਪਿ॥
ਦੁਹੂ ਪਾਖ ਕਾ ਆਪਹਿ ਧਨੀ॥ ਉਨ ਕੀ ਸੋਭਾ ਉਨਹੂ ਬਨੀ॥
ਆਪਹਿ ਕਉਤਕ ਕਰੈ ਅਨਦ ਚੋਜ॥ ਆਪਹਿ ਰਸ ਭੋਗਨ ਨਿਰਜੋਗ।
ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ॥ ਜਿਸੁ ਭਾਵੈ ਤਿਸੁ ਖੇਲ ਖਿਲਾਵੈ॥
ਬੇਸੁਮਾਰ ਅਥਾਹ ਅਗਨਤ ਅਤੋਲੈ॥
ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ॥ ੮॥ ੨੧॥

ਪਦ ਅਰਥ : ਅਬਿਗਤੁ—ਅਦ੍ਰਿਸ਼ਟ ਪ੍ਰਭੂ। ਸੰਤ ਪਰਤਾਪਿ—ਸੰਤਾਂ ਦੇ ਪਰਤਾਪ (ਮਹਿਮਾ ਵਧਾਉਣ) ਵਾਸਤੇ। ਦੁਹੂ ਪਾਖ ਕਾ—ਦੋਹਾਂ ਪਾਸਿਆਂ ਦਾ। ਧਨੀ—ਮਾਲਕ। ਬਨੀ—ਫਬਦੀ ਹੈ। ਨਿਰਜੋਗ—ਨਿਰਲੇਪ। ਆਪਨ ਨਾਇ—ਆਪਣੇ ਨਾਮ ਵਿਚ। ਖੇਲ—ਮਾਇਆ ਦੀਆਂ ਖੇਡਾਂ। ਅਗਨਤ—ਗਿਣਤੀ-ਮਿਣਤੀ ਤੋਂ ਬਾਹਰ।

ਅਰਥ : ਜਿੱਥੇ ਅਦ੍ਰਿਸ਼ਟ ਪ੍ਰਭੂ ਹੈ, ਉਥੇ ਉਸ ਦਾ ਭਗਤ ਹੈ। ਜਿੱਥੇ ਭਗਤ ਹੈ, ਉਥੇ ਉਹ ਪ੍ਰਭੂ ਆਪ ਹੈ। ਹਰ ਥਾਂ ਸੰਤਾਂ ਦੀ ਮਹਿਮਾ ਵਾਸਤੇ ਪ੍ਰਭੂ ਜਗਤ ਦਾ ਖਿਲਾਰਾ

ਖਿਲਾਰ ਰਿਹਾ ਹੈ।

ਪਰਮਾਤਮਾ ਆਪਣੀ ਸੋਭਾ ਆਪ ਹੀ ਜਾਣਦਾ ਹੈ। ਸੰਤਾਂ ਦਾ ਪਰਤਾਪ ਤੇ ਮਾਇਆ ਦਾ ਪ੍ਰਭਾਵ—ਇਨ੍ਹਾਂ ਦੋਹਾਂ ਪੱਖਾਂ ਦਾ ਮਾਲਕ ਪ੍ਰਭੂ ਆਪ ਹੈ।

ਪ੍ਰਭੂ ਆਪ ਹੀ ਖੇਡਾਂ ਖੇਡ ਰਿਹਾ ਹੈ, ਆਪ ਹੀ ਅਨੰਦ ਤਮਾਸ਼ੇ ਕਰ ਰਿਹਾ ਹੈ, ਆਪ ਹੀ ਰਸਾਂ ਨੂੰ ਭੋਗਣ ਵਾਲਾ ਤੇ ਆਪ ਹੀ ਨਿਰਲੇਪ ਹੈ।

ਜੋ ਉਸ ਨੂੰ ਭਾਉਂਦਾ ਹੈ, ਉਸ ਨੂੰ ਆਪਣੇ ਨਾਮ ਵਿਚ ਜੋੜਦਾ ਹੈ ਤੇ ਜਿਸ ਨੂੰ ਚਾਹੁੰਦਾ ਹੈ, ਮਾਇਆ ਦੀਆਂ ਖੇਡਾਂ ਖਿਡਾਉਂਦਾ ਹੈ।

ਹੇ ਨਾਨਕ! ਇਉਂ ਅਰਦਾਸ ਕਰ ਕਿ ਹੇ ਬੇਅੰਤ! ਹੇ ਅਥਾਹ! ਹੇ ਅਗਣਤ! ਹੇ ਅਡੋਲ ਪ੍ਰਭੂ! ਜਿਵੇਂ ਤੂੰ ਬੁਲਾਉਂਦਾ ਹੈਂ ਤਿਵੇਂ ਤੇਰੇ ਦਾਸ ਬੋਲਦੇ ਹਨ॥ ੮॥ ੨੧॥

ਸ਼ਬਦ ਉਚਾਰਨ : ਉਹਾਂ, ਤਿਹੁਂ, ਨਾਇਂ ਬਿੰਦੀ ਸਹਿਤ ਉਚਾਰਨ ਕਰਨੇ ਹਨ।

ਨੋਟ : 'ਅਬਿਗਤਿ' ਦਾ ਉਚਾਰਨ 'ਅ-ਬਿਗਤਿ' ਕਰਨਾ ਹੈ ਅਤੇ 'ਅਗਨਤ' ਦਾ ਉਚਾਰਣ 'ਅ-ਗਨਤ' ਕਰਨਾ ਹੈ।

॥ ਸਲੋਕੁ ॥

ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ॥
ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ॥ ੧॥

ਪਦ ਅਰਥ : **ਵਰਤਣਹਾਰ**—ਸਭ ਥਾਈਂ ਮੌਜੂਦ। **ਪਸਰਿਆ**—ਸਭ ਥਾਈਂ ਹਾਜ਼ਰ ਹੈ। **ਦ੍ਰਿਸਟਾਰ**—ਵੇਖਣ ਵਿਚ ਆਉਂਦਾ ਹੈ।

ਅਰਥ : ਹੇ ਜੀਵ-ਜੰਤਾਂ ਦੇ ਪਾਲਣ ਵਾਲੇ ਪ੍ਰਭੂ! ਤੂੰ ਆਪ ਹੀ ਸਭ ਥਾਈਂ ਵਰਤ ਰਿਹਾ ਹੈਂ। ਹੇ ਨਾਨਕ! ਪ੍ਰਭੂ ਆਪ ਹੀ ਸਭ ਥਾਈਂ ਮੌਜੂਦ ਹੈ, ਉਸ ਤੋਂ ਬਿਨਾਂ ਕੋਈ ਦੂਜਾ ਕਿੱਥੇ ਵੇਖਣ ਵਿਚ ਆਇਆ ਹੈ? ੧॥

ਅਸਟਪਦੀ॥

ਆਪਿ ਕਥੈ ਆਪਿ ਸੁਨਨੈਹਾਰੁ॥ ਆਪਹਿ ਏਕੁ ਆਪਿ ਬਿਸਥਾਰੁ॥
ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ॥ ਆਪਨੈ ਭਾਣੈ ਲਏ ਸਮਾਏ॥
ਤੁਮ ਤੇ ਭਿੰਨ ਨਹੀ ਕਿਛੁ ਹੋਇ॥ ਆਪਨ ਸੂਤਿ ਸਭੁ ਜਗਤੁ ਪਰੋਇ॥
ਜਾ ਕਉ ਪ੍ਰਭ ਜੀਉ ਆਪਿ ਬੁਝਾਏ॥ ਸਚੁ ਨਾਮੁ ਸੋਈ ਜਨੁ ਪਾਏ॥
ਸੋ ਸਮਦਰਸੀ ਤਤ ਕਾ ਬੇਤਾ॥ ਨਾਨਕ ਸਗਲ ਸ੍ਰਿਸਟਿ ਕਾ ਜੇਤਾ॥ ੧॥

ਪਦ ਅਰਥ : **ਕਥੈ**—ਬੋਲਦਾ ਹੈ। **ਸੁਨਨੈਹਾਰ**—ਸੁਣਨ ਵਾਲਾ। **ਬਿਸਥਾਰੁ**—ਖਿਲਾਰਾ। **ਲਏ ਸਮਾਏ**—ਸਮੇਟ ਲੈਂਦਾ ਹੈ। **ਭਿੰਨ**—ਵੱਖਰਾ। **ਸਮਦਰਸੀ**—ਸਭ ਨੂੰ ਇਕੋ ਨਜ਼ਰ ਨਾਲ ਤੱਕਣ ਵਾਲਾ। **ਤਤ**—ਅਸਲੀਅਤ। **ਬੇਤਾ**—ਜਾਨਣ ਵਾਲਾ।

ਅਰਥ : ਸਭ ਜੀਆਂ ਵਿਚ ਪ੍ਰਭੂ ਆਪ ਬੋਲ ਰਿਹਾ ਹੈ, ਆਪ ਹੀ ਸੁਣਨ ਵਾਲਾ

ਹੈ, ਆਪ ਹੀ ਇਕ ਹੈ ਅਤੇ ਸਾਰੀ ਸ੍ਰਿਸ਼ਟੀ ਉਸ ਦਾ ਹੀ ਵਿਸਥਾਰ ਹੈ।

ਜਦੋਂ ਉਸ ਨੂੰ ਭਾਉਂਦਾ ਹੈ ਤਾਂ ਉਹ ਸ੍ਰਿਸ਼ਟੀ ਰਚ ਦਿੰਦਾ ਹੈ, ਤੇ ਆਪਣੇ ਭਾਣੇ ਵਿਚ ਆਪ ਹੀ ਜਗਤ ਨੂੰ ਸਮੇਟ ਲੈਂਦਾ ਹੈ।

ਹੇ ਪ੍ਰਭੂ! ਤੇਰੇ ਤੋਂ ਵੱਖਰਾ ਕੁਝ ਨਹੀਂ, ਤੂੰ ਆਪਣੇ ਹੁਕਮ ਰੂਪ ਧਾਗੇ ਵਿਚ ਸਾਰੇ ਜਗਤ ਨੂੰ ਪ੍ਰੋ ਰੱਖਿਆ ਹੈ।

ਜਿਸ ਮਨੁੱਖ ਨੂੰ ਪ੍ਰਭੂ ਜੀ ਆਪ ਸੋਝੀ ਬਖਸ਼ਦੇ ਹਨ, ਉਹ ਮਨੁੱਖ ਪ੍ਰਭੂ ਦਾ ਸਦਾ ਥਿਰ ਰਹਿਣ ਵਾਲਾ ਨਾਮ ਪ੍ਰਾਪਤ ਕਰ ਲੈਂਦਾ ਹੈ।

ਉਹ ਮਨੁੱਖ ਸਭ ਵੱਲ ਇਕ ਨਜ਼ਰ ਨਾਲ ਵੇਖਦਾ ਹੈ, ਉਹ ਅਕਾਲ ਪੁਰਖ ਦਾ ਮਹਿਰਮ ਹੋ ਜਾਂਦਾ ਹੈ। ਹੇ ਨਾਨਕ! ਉਹ ਸਾਰੇ ਜਗਤ ਦਾ ਜਿੱਤਣ ਵਾਲਾ ਹੈ॥ ੧॥

ਜੀਅ ਜੰਤ੍ਰ ਸਭ ਤਾ ਕੈ ਹਾਥ॥ ਦੀਨ ਦਇਆਲ ਅਨਾਥ ਕੋ ਨਾਥੁ॥
ਜਿਸੁ ਰਾਖੈ ਤਿਸੁ ਕੋਇ ਨ ਮਾਰੈ॥ ਸੋ ਮੂਆ ਜਿਸੁ ਮਨਹੁ ਬਿਸਾਰੈ॥
ਤਿਸੁ ਤਜਿ ਅਵਰ ਕਹਾ ਕੋ ਜਾਇ॥ ਸਭ ਸਿਰਿ ਏਕੁ ਨਿਰੰਜਨ ਰਾਇ॥
ਜੀਅ ਕੀ ਜੁਗਤਿ ਜਾ ਕੈ ਸਭ ਹਾਥਿ॥ ਅੰਤਰਿ ਬਾਹਰਿ ਜਾਨਹੁ ਸਾਥਿ॥
ਗੁਨ ਨਿਧਾਨ ਬੇਅੰਤ ਅਪਾਰ॥ ਨਾਨਕ ਦਾਸ ਸਦਾ ਬਲਿਹਾਰ॥ ੨॥

ਪਦ ਅਰਥ : ਹਾਥਿ—ਹੱਥ ਵਿਚ। ਨਾਥੁ—ਮਾਲਕ। ਤਜਿ—ਛੱਡ ਕੇ। ਅਵਰ ਕਹਾ—ਹੋਰ ਕਿੱਥੇ? ਨਿਰੰਜਨ ਰਾਇ—ਉਹ ਰਾਜਾ ਜੋ ਮਾਇਆ ਦੇ ਪ੍ਰਭਾਵ ਤੋਂ ਪਰੇ ਹੈ।

ਅਰਥ : ਸਾਰੇ ਜੀਵ ਜੰਤ ਉਸ ਪ੍ਰਭੂ ਦੇ ਵੱਸ ਵਿਚ ਹਨ, ਉਹ ਦੀਨਾਂ 'ਤੇ ਦਇਆ ਕਰਨ ਵਾਲਾ ਹੈ ਤੇ ਅਨਾਥਾਂ ਦਾ ਮਾਲਕ ਹੈ।

ਜਿਸ ਜੀਵ ਨੂੰ ਪ੍ਰਭੂ ਆਪ ਰੱਖਦਾ ਹੈ, ਉਸ ਨੂੰ ਕੋਈ ਮਾਰ ਨਹੀਂ ਸਕਦਾ। ਮੋਇਆ ਹੋਇਆ ਤਾਂ ਉਹ ਜੀਵ ਹੈ, ਜਿਸ ਨੂੰ ਪ੍ਰਭੂ ਭੁਲਾ ਦਿੰਦਾ ਹੈ।

ਉਸ ਪ੍ਰਭੂ ਨੂੰ ਛੱਡ ਕੇ ਹੋਰ ਕਿੱਥੇ ਕੋਈ ਚਲਾ ਜਾਏ? ਸਭ ਜੀਵਾਂ ਦੇ ਸਿਰ 'ਤੇ ਇਕ ਆਪ ਹੀ ਪ੍ਰਭੂ ਹੈ ਜੋ ਮਾਇਆ ਦੇ ਅਸਰ ਤੋਂ ਦੂਰ ਹੈ।

ਉਸ ਪ੍ਰਭੂ ਨੂੰ ਅੰਦਰ ਬਾਹਰ ਸਭ ਥਾਈਂ ਅੰਗ ਸੰਗ ਜਾਣੋ, ਜਿਸ ਦੇ ਵੱਸ ਵਿਚ ਸਭ ਜੀਵਾਂ ਦੇ ਜੀਵਨ ਦਾ ਭੇਦ ਹੈ।

ਹੇ ਨਾਨਕ! ਪ੍ਰਭੂ ਦੇ ਸੇਵਕ ਉਸ ਤੋਂ ਕੁਰਬਾਨ ਜਾਂਦੇ ਹਨ, ਜੋ ਗੁਣਾਂ ਦਾ ਖਜ਼ਾਨਾ ਹੈ, ਬੇਅੰਤ ਤੇ ਅਪਾਰ ਹੈ॥ ੨॥

ਪੂਰਨਿ ਪੂਰਿ ਰਹੇ ਦਇਆਲ॥ ਸਭ ਊਪਰਿ ਹੋਵਤ ਕਿਰਪਾਲ॥
ਅਪਨੇ ਕਰਤਬ ਜਾਨੈ ਆਪਿ॥ ਅੰਤਰਜਾਮੀ ਰਹਿਓ ਬਿਆਪਿ॥
ਪ੍ਰਤਿਪਾਲੈ ਜੀਅਨ ਬਹੁ ਭਾਤਿ॥ ਜੋ ਜੋ ਰਚਿਓ ਸੁ ਤਿਸਹਿ ਧਿਆਤਿ॥

ਜਿਸੁ ਭਾਵੈ ਤਿਸੁ ਲਏ ਮਿਲਾਇ ॥ ਭਗਤਿ ਕਰਹਿ ਹਰਿ ਕੇ ਗੁਣ ਗਾਇ ॥
ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ ॥ ਕਰਨਹਾਰੁ ਨਾਨਕ ਇਕੁ ਜਾਨਿਆ ॥ ੩ ॥

ਪਦ ਅਰਥ : ਪੂਰਿ ਰਹੇ—ਸਭ ਥਾਈਂ ਵਿਆਪਕ ਹਨ। ਅੰਤਰਜਾਮੀ—ਦਿਲ ਦੀ ਜਾਣਨ ਵਾਲੇ। ਜੀਅਨ—ਜੀਵਾਂ ਨੂੰ। ਬਹੁ ਭਾਤਿ—ਕਈ ਤਰੀਕਿਆਂ ਨਾਲ। ਬਿਸ੍ਵਾਸੁ—ਯਕੀਨ, ਸ਼ਰਧਾ।

ਅਰਥ : ਦਇਆ ਦੇ ਘਰ ਪ੍ਰਭੂ ਜੀ ਸਭ ਥਾਈਂ ਭਰਪੂਰ ਹਨ ਤੇ ਸਭ ਜੀਵਾਂ ਉੱਤੇ ਦਇਆ ਕਰਦੇ ਹਨ।

ਪ੍ਰਭੂ ਆਪਣੇ ਖੇਲ੍ਹ ਆਪ ਜਾਣਦਾ ਹੈ, ਸਭ ਦੇ ਦਿਲ ਦੀ ਜਾਨਣ ਵਾਲਾ ਪ੍ਰਭੂ ਸਭ ਥਾਈਂ ਮੌਜੂਦ ਹੈ।

ਪ੍ਰਭੂ ਜੀਵਾਂ ਨੂੰ ਕਈ ਤਰੀਕਿਆਂ ਨਾਲ ਪਾਲਦਾ ਹੈ, ਜੋ ਜੋ ਜੀਵ ਉਸਨੇ ਪੈਦਾ ਕੀਤਾ ਹੈ, ਉਹ ਉਸ ਪ੍ਰਭੂ ਨੂੰ ਸਿਮਰਦਾ ਹੈ।

ਪ੍ਰਭੂ ਜਿਸ ਉਤੇ ਖੁਸ਼ ਹੁੰਦਾ ਹੈ ਉਸ ਨੂੰ ਆਪਣੇ ਨਾਲ ਜੋੜ ਲੈਂਦਾ ਹੈ। ਅਜਿਹੇ ਬੰਦੇ ਪ੍ਰਭੂ ਦੇ ਗੁਣ ਗਾ ਕੇ ਉਸ ਦੀ ਭਗਤੀ ਕਰਦੇ ਹਨ।

ਹੇ ਨਾਨਕ! ਜਿਸ ਮਨੁੱਖ ਨੇ ਮਨ ਵਿਚ ਸ਼ਰਧਾ ਧਾਰ ਕੇ ਪ੍ਰਭੂ ਨੂੰ ਮੰਨ ਲਿਆ ਹੈ, ਉਸ ਨੇ ਉਸ ਇਕ ਕਰਤਾਰ ਨੂੰ ਹੀ ਪਛਾਣਿਆ ਹੈ॥ ੩॥

ਜਨੁ ਲਾਗਾ ਹਰਿ ਏਕੈ ਨਾਇ ॥ ਤਿਸ ਕੀ ਆਸ ਨ ਬਿਰਥੀ ਜਾਇ ॥
ਸੇਵਕ ਕਉ ਸੇਵਾ ਬਨਿ ਆਈ ॥ ਹੁਕਮੁ ਬੂਝਿ ਪਰਮ ਪਦੁ ਪਾਈ ॥
ਇਸ ਤੇ ਊਪਰਿ ਨਹੀ ਬੀਚਾਰੁ ॥ ਜਾ ਕੈ ਮਨਿ ਬਸਿਆ ਨਿਰੰਕਾਰੁ ॥
ਬੰਧਨ ਤੋਰਿ ਭਏ ਨਿਰਵੈਰ ॥ ਅਨਦਿਨੁ ਪੂਜਹਿ ਗੁਰ ਕੇ ਪੈਰ ॥
ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥ ੪ ॥

ਪਦ ਅਰਥ : ਪਰਮ ਪਦੁ—ਉੱਚਾ ਦਰਜਾ। ਆਪਹਿ—ਆਪ ਹੀ।

ਅਰਥ : ਜੋ ਸੇਵਕ ਇਕ ਪ੍ਰਭੂ ਦੇ ਨਾਮ ਵਿਚ ਟਿਕਿਆ ਹੋਇਆ ਹੈ, ਉਸ ਦੀ ਆਸ ਕਦੇ ਬਿਰਥੀ ਨਹੀਂ ਜਾਂਦੀ।

ਸੇਵਕ ਨੂੰ ਇਹ ਚੰਗਾ ਲਗਦਾ ਹੈ ਕਿ ਸਭ ਦੀ ਸੇਵਾ ਕਰੇ। ਪ੍ਰਭੂ ਦੀ ਰਜ਼ਾ ਸਮਝ ਕੇ ਉਸ ਨੂੰ ਉੱਚਾ ਦਰਜਾ ਮਿਲ ਜਾਂਦਾ ਹੈ।

ਜਿਨ੍ਹਾਂ ਦੇ ਮਨ ਵਿਚ ਅਕਾਲ ਪੁਰਖ ਵੱਸਦਾ ਹੈ, ਉਨ੍ਹਾਂ ਨੂੰ ਇਸ ਨਾਮ ਸਿਮਰਨ ਤੋਂ ਵੱਡਾ ਹੋਰ ਕੋਈ ਵਿਚਾਰ ਖਿਆਲ ਨਹੀਂ ਸੁੱਝਦਾ।

ਮਾਇਆ ਦੇ ਬੰਧਨ ਤੋੜ ਕੇ ਉਹ ਨਿਰਵੈਰ ਹੋ ਜਾਂਦੇ ਹਨ ਤੇ ਹਰ ਵੇਲੇ ਸਤਿਗੁਰੂ ਦੇ ਚਰਨ ਪੂਜਦੇ ਹਨ।

ਉਹ ਮਨੁੱਖ ਇਸ ਜਨਮ ਵਿਚ ਸੁਖੀ ਹਨ ਤੇ ਪਰਲੋਕ ਵਿਚ ਵੀ ਸੌਖੇ ਹੁੰਦੇ ਹਨ,

ਕਿਉਂਕਿ ਹੇ ਨਾਨਕ! ਪ੍ਰਭੂ ਨੇ ਆਪ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲਿਆ ਹੈ॥ ੪॥

ਸਾਧਸੰਗਿ ਮਿਲਿ ਕਰਹੁ ਅਨੰਦ॥ ਗੁਨ ਗਾਵਹੁ ਪ੍ਰਭ ਪਰਮਾਨੰਦ॥
ਰਾਮ ਨਾਮ ਤਤੁ ਕਰਹੁ ਬੀਚਾਰੁ॥ ਦ੍ਰੁਲਭ ਦੇਹ ਕਾ ਕਰਹੁ ਉਧਾਰੁ॥
ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ॥ ਪ੍ਰਾਨ ਤਰਨ ਕਾ ਇਹੈ ਸੁਆਉ॥
ਆਠ ਪਹਰ ਪ੍ਰਭ ਪੇਖਹੁ ਨੇਰਾ॥ ਮਿਟੈ ਅਗਿਆਨੁ ਬਿਨਸੈ ਅੰਧੇਰਾ॥
ਸੁਨਿ ਉਪਦੇਸੁ ਹਿਰਦੈ ਬਸਾਵਹੁ॥ ਮਨ ਇਛੇ ਨਾਨਕ ਫਲ ਪਾਵਹੁ॥ ੫॥

ਪਦ ਅਰਥ : ਗੁਨ—ਪ੍ਰਭੂ ਦੇ ਗੁਣ। ਪਰਮਾਨੰਦ—ਸਭ ਤੋਂ ਉੱਚੀ ਖ਼ੁਸ਼ੀ ਵਾਲਾ। ਉਧਾਰੁ—ਬਚਾਉ। ਤਰਨ—ਬਚਾਉਣਾ। ਸੁਆਉ—ਵਸੀਲਾ।

ਅਰਥ : ਪਰਮ ਖ਼ੁਸ਼ੀਆਂ ਵਾਲੇ ਪ੍ਰਭੂ ਦੀ ਸਿਫਤ-ਸਲਾਹ ਕਰੋ। ਸਤਸੰਗ ਵਿਚ ਮਿਲ ਕੇ ਇਹ ਆਤਮਕ ਅਨੰਦ ਮਾਣੋ।

ਪ੍ਰਭੂ ਦੇ ਨਾਮ ਦੇ ਭੇਤ ਨੂੰ ਵਿਚਾਰੋ ਤੇ ਇਸ ਮਨੁੱਖਾ-ਸਰੀਰ ਦਾ ਬਚਾਉ ਕਰੋ ਜੋ ਕਿ ਬੜੀ ਮੁਸ਼ਕਲ ਨਾਲ ਮਿਲਦਾ ਹੈ।

ਪ੍ਰਭੂ ਦੇ ਗੁਣ ਗਾਉ ਜੋ ਅਮਰ ਕਰਨ ਵਾਲੇ ਬਚਨ ਹਨ। ਜੀਵਨ ਨੂੰ ਵਿਕਾਰਾਂ ਤੋਂ ਬਚਾਉਣ ਦਾ ਇਹੀ ਵਸੀਲਾ ਹੈ।

ਅੱਠੇ ਪਹਿਰ ਪ੍ਰਭੂ ਨੂੰ ਆਪਣੇ ਅੰਗ ਸੰਗ ਵੇਖੋ। ਇਸ ਤਰ੍ਹਾਂ ਅਗਿਆਨਤਾ ਮਿਟ ਜਾਏਗੀ ਤੇ ਹਨੇਰਾ ਨਾਸ ਹੋ ਜਾਏਗਾ।

ਹੇ ਨਾਨਕ! ਸਤਿਗੁਰੂ ਦਾ ਉਪਦੇਸ਼ ਸੁਣ ਕੇ ਹਿਰਦੇ ਵਿਚ ਵਸਾਉ। ਇਸ ਤਰ੍ਹਾਂ ਮਨ ਮੰਗੀਆਂ ਮੁਰਾਦਾਂ ਮਿਲਣਗੀਆਂ॥ ੫॥

ਹਲਤੁ ਪਲਤੁ ਦੁਇ ਲੇਹੁ ਸਵਾਰਿ॥ ਰਾਮ ਨਾਮੁ ਅੰਤਰਿ ਉਰਿ ਧਾਰਿ॥
ਪੂਰੇ ਗੁਰ ਕੀ ਪੂਰੀ ਦੀਖਿਆ॥ ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ॥
ਮਨਿ ਤਨਿ ਨਾਮੁ ਜਪਹੁ ਲਿਵ ਲਾਇ॥ ਦੂਖੁ ਦਰਦੁ ਮਨ ਤੇ ਭਉ ਜਾਇ॥
ਸਚੁ ਵਾਪਾਰੁ ਕਰਹੁ ਵਾਪਾਰੀ॥ ਦਰਗਹ ਨਿਬਹੈ ਖੇਪ ਤੁਮਾਰੀ॥
ਏਕਾ ਟੇਕ ਰਖਹੁ ਮਨ ਮਾਹਿ॥ ਨਾਨਕ ਬਹੁਰਿ ਨ ਆਵਹਿ ਜਾਹਿ॥ ੬॥

ਪਦ ਅਰਥ : ਹਲਤੁ ਪਲਤੁ—ਲੋਕ ਪਰਲੋਕ। ਉਰਿ ਧਾਰਿ—ਹਿਰਦੇ ਵਿਚ ਟਿਕਾਓ। ਦੀਖਿਆ—ਸਿੱਖਿਆ। ਪਰੀਖਿਆ—ਪਰਖ। ਨਿਬਹੈ—ਸਿਰੇ ਚੜ੍ਹ ਜਾਏ। ਖੇਪ—ਸੌਦਾ। ਬਹੁਰਿ—ਫੇਰ।

ਅਰਥ : ਪ੍ਰਭੂ ਦਾ ਨਾਮ ਹਿਰਦੇ ਅੰਦਰ ਟਿਕਾਓ। ਇਸ ਤਰ੍ਹਾਂ ਲੋਕ ਤੇ ਪਰਲੋਕ ਦੋਵੇਂ ਸੁਧਾਰ ਲਵੋ।

ਪੂਰੇ ਸਤਿਗੁਰੂ ਦੀ ਸਿੱਖਿਆ ਵੀ ਪੂਰਨ (ਮੁਕੰਮਲ) ਹੁੰਦੀ ਹੈ। ਜਿਸ ਮਨੁੱਖ ਦੇ ਮਨ ਵਿਚ ਇਹ ਸਿੱਖਿਆ ਵੱਸਦੀ ਹੈ, ਉਸ ਨੂੰ ਸਦਾ ਥਿਰ ਰਹਿਣ ਵਾਲਾ ਪ੍ਰਭੂ ਸਮਝ

ਆ ਜਾਂਦਾ ਹੈ।

ਮਨ ਤੇ ਸਰੀਰ ਦੀ ਰਾਹੀਂ ਲਿਵ ਜੋੜ ਕੇ ਨਾਮ ਜਪੋ, ਦੁੱਖ ਦਰਦ ਅਤੇ ਮਨ ਤੋਂ ਡਰ ਦੂਰ ਹੋ ਜਾਏਗਾ।

ਹੇ ਵਣਜਾਰੇ ਜੀਵ! ਨਾਮ ਦਾ ਸੱਚਾ ਵਪਾਰ ਕਰੋ, ਤੁਹਾਡੇ ਸੌਦੇ ਦਾ ਦਰਗਾਹ ਵਿਚ ਮੁੱਲ ਪਏਗਾ।

ਹੇ ਨਾਨਕ! ਮਨ ਵਿਚ ਇਕ ਅਕਾਲ ਪੁਰਖ ਦਾ ਆਸਰਾ ਰੱਖੋ, ਮੁੜ ਜੰਮਣ ਮਰਨ ਦੇ ਗੇੜ ਵਿਚ ਨਹੀਂ ਪਉਗੇ॥ ੬॥

ਤਿਸ ਤੇ ਦੂਰਿ ਕਹਾ ਕੋ ਜਾਇ॥ ਉਬਰੈ ਰਾਖਨਹਾਰੁ ਧਿਆਇ॥
ਨਿਰਭਉ ਜਪੈ ਸਗਲ ਭਉ ਮਿਟੈ॥ ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ॥
ਜਿਸੁ ਪ੍ਰਭੁ ਰਾਖੈ ਤਿਸੁ ਨਾਹੀ ਦੂਖ॥ ਨਾਮੁ ਜਪਤ ਮਨਿ ਹੋਵਤ ਸੂਖ॥
ਚਿੰਤਾ ਜਾਇ ਮਿਟੈ ਅਹੰਕਾਰੁ॥ ਤਿਸੁ ਜਨ ਕਉ ਕੋਇ ਨ ਪਹੁਚਨਹਾਰੁ॥
ਸਿਰ ਊਪਰਿ ਠਾਢਾ ਗੁਰੁ ਸੂਰਾ॥ ਨਾਨਕ ਤਾ ਕੇ ਕਾਰਜ ਪੂਰਾ॥ ੭॥

ਪਦ ਅਰਥ : ਉਬਰੈ—ਬਚਦਾ ਹੈ। ਠਾਢਾ—ਖਲੋਤਾ। ਸੂਰਾ—ਸੂਰਮਾ।

ਅਰਥ : ਉਸ ਪ੍ਰਭੂ ਤੋਂ ਪਰੇ ਕਿਥੇ ਕੋਈ ਜੀਵ ਜਾ ਸਕਦਾ ਹੈ? ਜੀਵ ਰੱਖਣ-ਹਾਰ ਪ੍ਰਭੂ ਨੂੰ ਸਿਮਰ ਕੇ ਹੀ ਵਿਕਾਰਾਂ ਤੋਂ ਬਚ ਸਕਦਾ ਹੈ।

ਜੋ ਪੁਰਖ ਨਿਰਭਉ ਅਕਾਲ ਪੁਰਖ ਨੂੰ ਜਪਦਾ ਹੈ, ਉਸ ਦਾ ਡਰ ਮਿਟ ਜਾਂਦਾ ਹੈ ਕਿਉਂਕਿ ਪ੍ਰਭੂ ਦੀ ਮਿਹਰ ਨਾਲ ਡਰ ਤੋਂ ਖਲਾਸੀ ਪਾਂਦਾ ਹੈ।

ਜਿਸ ਬੰਦੇ ਨੂੰ ਪ੍ਰਭੂ ਰੱਖਦਾ ਹੈ ਉਸ ਨੂੰ ਕੋਈ ਦੁੱਖ ਨਹੀਂ ਪੋਹਦਾ, ਨਾਮ ਜਪਿਆਂ ਮਨ ਵਿਚ ਸੁਖ ਪੈਦਾ ਹੁੰਦਾ ਹੈ।

ਨਾਮ ਸਿਮਰਿਆਂ ਚਿੰਤਾ ਦੂਰ ਹੋ ਜਾਂਦੀ ਹੈ, ਅਹੰਕਾਰ ਮਿਟ ਜਾਂਦਾ ਹੈ। ਉਸ ਮਨੁੱਖ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ।

ਹੇ ਨਾਨਕ! ਜਿਸ ਬੰਦੇ ਦੇ ਸਿਰ ਉੱਤੇ ਸੂਰਮਾ ਸਤਿਗੁਰੂ ਰਾਖਾ ਖਲੋਤਾ ਹੋਇਆ ਹੈ, ਉਸ ਦੇ ਸਾਰੇ ਕੰਮ ਰਾਸ ਆ ਜਾਂਦੇ ਹਨ॥ ੭॥

ਮਤਿ ਪੂਰੀ ਅੰਮ੍ਰਿਤੁ ਜਾਕੀ ਦ੍ਰਿਸਟਿ॥ ਦਰਸਨੁ ਪੇਖਤ ਉਧਰਤ ਸ੍ਰਿਸਟਿ॥
ਚਰਨ ਕਮਲ ਜਾ ਕੇ ਅਨੂਪ॥ ਸਫਲ ਦਰਸਨੁ ਸੁੰਦਰ ਹਰਿ ਰੂਪ॥
ਧੰਨੁ ਸੇਵਾ ਸੇਵਕੁ ਪਰਵਾਨੁ॥ ਅੰਤਰਜਾਮੀ ਪੁਰਖੁ ਪ੍ਰਧਾਨੁ॥
ਜਿਸੁ ਮਨਿ ਬਸੈ ਸੁ ਹੋਤ ਨਿਹਾਲੁ॥ ਤਾ ਕੈ ਨਿਕਟਿ ਨ ਆਵਤ ਕਾਲੁ॥
ਅਮਰ ਭਏ ਅਮਰਾ ਪਦੁ ਪਾਇਆ॥
ਸਾਧਸੰਗਿ ਨਾਨਕ ਹਰਿ ਧਿਆਇਆ॥ ੮॥ ੨੨॥

ਪਦ ਅਰਥ : ਜਾ ਕੀ ਦ੍ਰਿਸਟਿ—ਜਿਸ ਦੀ ਨਜ਼ਰ ਵਿਚ। ਦਰਸਨੁ ਪੇਖਤ— ਦੀਦਾਰ

ਕਰਕੇ। ਅਨੂਪ—ਬੇ-ਮਿਸਾਲ, ਅਤਿ ਸੋਹਣੇ। ਅਮਰਾ ਪਦੁ—ਸਦਾ ਕਾਇਮ ਰਹਿਣ ਵਾਲਾ ਦਰਜਾ (ਪਦਵੀ)।

ਅਰਥ : ਜਿਸ ਪਰਮਾਤਮਾ ਦੀ ਸਮਝ ਪੂਰਨ ਹੈ, ਜਿਸ ਦੀ ਨਜ਼ਰ ਵਿਚੋਂ ਅੰਮ੍ਰਿਤ ਵਰਸਦਾ ਹੈ, ਉਸ ਦਾ ਦਰਸ਼ਨ ਕੀਤਿਆਂ ਸੰਸਾਰ ਦਾ ਉਧਾਰ ਹੁੰਦਾ ਹੈ।

ਜਿਸ ਪ੍ਰਭੂ ਦੇ ਕਮਲਾਂ ਵਰਗੇ ਅਤਿ ਸੋਹਣੇ ਚਰਨ ਹਨ, ਉਸ ਦਾ ਰੂਪ ਸੁੰਦਰ ਹੈ ਤੇ ਉਸ ਦਾ ਦਰਸ਼ਨ ਮੁਰਾਦਾਂ ਪੂਰੀਆਂ ਕਰਨ ਵਾਲਾ ਹੈ।

ਉਹ ਅਕਾਲ ਪੁਰਖ ਘਟ ਘਟ ਦੀ ਜਾਣਨ ਵਾਲਾ ਤੇ ਸਭ ਤੋਂ ਵੱਡਾ ਹੈ, ਉਸ ਦਾ ਸੇਵਕ ਦਰਗਾਹ ਵਿਚ ਕਬੂਲ ਹੋ ਜਾਂਦਾ ਹੈ। ਇਸੇ ਹੀ ਕਰਕੇ ਉਸ ਦੀ ਸੇਵਾ ਮੁਬਾਰਕ ਹੈ।

ਜਿਸ ਮਨੁੱਖ ਦੇ ਹਿਰਦੇ ਵਿਚ ਐਸਾ ਪ੍ਰਭੂ ਵਸਦਾ ਹੈ ਉਹ ਫੁੱਲ ਵਾਂਗ ਖਿੜ ਆਉਂਦਾ ਹੈ। ਉਸ ਦੇ ਨੇੜੇ ਕਾਲ ਵੀ ਨਹੀਂ ਆਉਂਦਾ।

ਹੇ ਨਾਨਕ! ਜਿਨ੍ਹਾਂ ਮਨੁੱਖਾਂ ਨੇ ਸਤਸੰਗ ਵਿਚ ਪ੍ਰਭੂ ਨੂੰ ਸਿਮਰਿਆ ਹੈ, ਉਹ ਜਨਮ ਮਰਨ ਤੋਂ ਰਹਿਤ ਹੋ ਜਾਂਦੇ ਹਨ ਤੇ ਸਦਾ ਕਾਇਮ ਰਹਿਣ ਵਾਲਾ ਦਰਜਾ ਹਾਸਲ ਕਰ ਲੈਂਦੇ ਹਨ॥ ੮॥ ੨੨॥

ਸ਼ਬਦ ਉਚਾਰਨ : ਤਾਂ ਕੈ, ਮਨਹੁਂ, ਕਹਾਂ, ਜਾਂ ਕੈ, ਭਾਂਤਿ, ਤਿਸਹਿਂ, ਕਰਹਿਂ, ਨਾਇਂ, ਨਹੀਂ, ਪੂਜਹਿਂ, ਮਾਹਿਂ, ਆਵਹਿਂ, ਜਾਹਿਂ, ਕਹਾਂ, ਨਾਹੀਂ ਬਿੰਦੀ ਸਹਿਤ ਉਚਾਰਨ ਕਰਨੇ ਹਨ।

ਨੋਟ : 'ਠਾਢਾ' ਦਾ ਉਚਾਰਨ 'ਠਾਂਢਾ' ਬਿੰਦੀ ਸਹਿਤ ਕਰਨਾ ਅਸ਼ੁੱਧ ਹੈ।

॥ ਸਲੋਕੁ॥

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥ ੧॥

ਪਦ ਅਰਥ : **ਅੰਜਨੁ**—ਸੁਰਮਾ। **ਬਿਨਾਸ**—ਨਾਸ। **ਸੰਤ ਭੇਟਿਆ**—ਗੁਰੂ ਨੂੰ ਮਿਲਿਆ। **ਪਰਗਾਸ**—ਚਾਨਣ।

ਅਰਥ : ਜਿਸ ਮਨੁੱਖ ਨੂੰ ਸਤਿਗੁਰੂ ਨੇ ਗਿਆਨ ਦਾ ਸੁਰਮਾ ਬਖਸ਼ਿਆ ਹੈ, ਉਸ ਦੇ ਅਗਿਆਨ ਰੂਪ ਹਨੇਰੇ ਦਾ ਨਾਸ ਹੋ ਜਾਂਦਾ ਹੈ।

ਹੇ ਨਾਨਕ! ਜੋ ਮਨੁੱਖ ਅਕਾਲ ਪੁਰਖ ਦੀ ਮਿਹਰ ਨਾਲ ਗੁਰੂ ਨੂੰ ਮਿਲਿਆ ਹੈ, ਉਸ ਦੇ ਮਨ ਵਿਚ ਗਿਆਨ ਦਾ ਚਾਨਣ ਹੋ ਜਾਂਦਾ ਹੈ॥ ੧॥

ਅਸਟਪਦੀ॥

ਸੰਤ ਸੰਗਿ ਅੰਤਰਿ ਪ੍ਰਭੁ ਡੀਠਾ॥ ਨਾਮੁ ਪ੍ਰਭੂ ਕਾ ਲਾਗਾ ਮੀਠਾ॥
ਸਗਲ ਸਮਿਗ੍ਰੀ ਏਕਸੁ ਘਟ ਮਾਹਿ॥ ਅਨਿਕ ਰੰਗ ਨਾਨਾ ਦ੍ਰਿਸਟਾਹਿ॥

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ ਇਸ ਕਾ ਬਿਸ੍ਰਾਮੁ॥
ਸੁੰਨ ਸਮਾਧਿ ਅਨਹਤ ਤਹ ਨਾਦ॥ ਕਹਨੁ ਨ ਜਾਈ ਅਚਰਜ ਬਿਸਮਾਦ॥
ਤਿਨਿ ਦੇਖਿਆ ਜਿਸੁ ਆਪਿ ਦਿਖਾਏ॥ ਨਾਨਕ ਤਿਸੁ ਜਨ ਸੋਝੀ ਪਾਏ॥ ੧॥

ਪਦ ਅਰਥ : **ਅੰਤਰਿ**—ਅੰਦਰ। **ਸਮਿਗ੍ਰੀ**—ਪਦਾਰਥ। **ਏਕਸੁ ਘਟ ਮਾਹਿ**—ਇਕੋ ਹਿਰਦੇ (ਪ੍ਰਭੂ) ਵਿਚ ਹੀ। **ਨਾਨਾ**—ਕਈ ਪਰਕਾਰ ਦੇ। **ਦ੍ਰਿਸਟਾਹਿ**—ਵੇਖਣ ਵਿਚ ਆਉਂਦੇ ਹਨ। **ਬਿਸ੍ਰਾਮੁ**—ਟਿਕਾਣਾ। **ਸੁੰਨ ਸਮਾਧਿ**—ਉਹ ਸਮਾਧੀ ਜਿਸ ਵਿਚ ਕੋਈ ਫੁਰਨਾ ਨਾ ਉੱਠੇ। **ਅਨਹਤ**—ਲਗਾਤਾਰ। **ਨਾਦ**—ਆਵਾਜ਼। **ਬਿਸਮਾਦ**—ਅਸਚਰਜ।

ਅਰਥ : ਜਿਸ ਮਨੁੱਖ ਨੇ ਗੁਰੂ ਦੀ ਸੰਗਤ ਵਿਚ ਰਹਿ ਕੇ ਆਪਣੇ ਅੰਦਰ ਪ੍ਰਭੂ ਨੂੰ ਵੇਖਿਆ ਹੈ, ਉਸ ਨੂੰ ਪ੍ਰਭੂ ਦਾ ਨਾਮ ਪਿਆਰਾ ਲੱਗਣ ਲੱਗ ਪੈਂਦਾ ਹੈ।

ਸੰਸਾਰ ਦੇ ਸਾਰੇ ਪਦਾਰਥ ਉਸ ਨੂੰ ਇਕ ਪ੍ਰਭੂ ਵਿਚ ਹੀ ਲੀਨ ਦਿਸਦੇ ਹਨ, ਉਸ ਪ੍ਰਭੂ ਤੋਂ ਹੀ ਅਨੇਕਾਂ ਕਿਸਮਾਂ ਦੇ ਰੰਗ ਤਮਾਸ਼ੇ ਨਿਕਲੇ ਹੋਏ ਦਿਸਦੇ ਹਨ।

ਉਸ ਮਨੁੱਖ ਦੇ ਸਰੀਰ ਵਿਚ ਪ੍ਰਭੂ ਦੇ ਉਸ ਨਾਮ ਦਾ ਟਿਕਾਣਾ ਹੋ ਜਾਂਦਾ ਹੈ, ਜੋ ਸੰਸਾਰ ਦੇ ਨੌਂ (ਭਾਵ ਸਾਰੇ ਹੀ) ਖਜ਼ਾਨਿਆਂ ਦੇ ਬਰਾਬਰ ਹੈ ਤੇ ਅੰਮ੍ਰਿਤ ਕਹਾਉਂਦਾ ਹੈ।

ਉਸ ਮਨੁੱਖ ਦੇ ਅੰਦਰ (ਪ੍ਰਭੂ-ਨਾਮ ਵਿਚ) ਅਫੁਰ ਸੁਰਤ ਜੁੜੀ ਰਹਿੰਦੀ ਹੈ ਅਤੇ ਅਜਿਹਾ ਅਸਚਰਜ ਇਕ-ਰਸ ਰਾਗ ਰੂਪ ਅਨੰਦ ਬਣਿਆ ਰਹਿੰਦਾ ਹੈ, ਜਿਸ ਦਾ ਬਿਆਨ ਨਹੀਂ ਹੋ ਸਕਦਾ।

ਪਰ ਹੇ ਨਾਨਕ! ਇਹ ਅਨੰਦ ਉਸ ਮਨੁੱਖ ਨੇ ਵੇਖਿਆ ਹੈ, ਜਿਸ ਨੂੰ ਪ੍ਰਭੂ ਆਪ ਵਿਖਾਉਂਦਾ ਹੈ ਕਿਉਂਕਿ ਉਸ ਮਨੁੱਖ ਨੂੰ ਉਸ ਅਨੰਦ ਦੀ ਸਮਝ ਬਖਸ਼ਦਾ ਹੈ॥ ੧॥

ਸੋ ਅੰਤਰਿ ਸੋ ਬਾਹਰਿ ਅਨੰਤ॥ ਘਟਿ ਘਟਿ ਬਿਆਪਿ ਰਹਿਆ ਭਗਵੰਤ॥
ਧਰਨਿ ਮਾਹਿ ਆਕਾਸ ਪਇਆਲ॥ ਸਰਬ ਲੋਕ ਪੂਰਨ ਪ੍ਰਤਿਪਾਲ॥
ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥ ਜੈਸੀ ਆਗਿਆ ਤੈਸਾ ਕਰਮੁ॥
ਪਉਣ ਪਾਣੀ ਬੈਸੰਤਰ ਮਾਹਿ॥ ਚਾਰਿ ਕੁੰਟ ਦਹ ਦਿਸੇ ਸਮਾਹਿ॥
ਤਿਸ ਤੇ ਭਿੰਨ ਨਹੀ ਕੋ ਠਾਉ॥ ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥ ੨॥

ਪਦ ਅਰਥ : **ਧਰਨਿ**—ਧਰਤੀ। **ਪਇਆਲ**—ਪਾਤਾਲ। **ਸਰਬ ਲੋਕ**—ਸਾਰੇ ਭਵਨਾਂ ਵਿਚ। **ਬਨਿ**—ਜੰਗਲ ਵਿਚ। **ਤਿਨਿ**—ਤ੍ਰਿਣ ਅਥਵਾ ਘਾਹ ਆਦਿਕ ਵਿਚ। **ਬੈਸੰਤਰ**—ਅੱਗ। **ਕੁੰਟ**—ਕੂਟ। **ਦਿਸੇ**—ਦਿਸ਼ਾਵਾਂ, ਤਰਫ, ਪਾਸੇ। **ਭਿੰਨ**—ਵੱਖਰਾ।

ਅਰਥ : ਉਹ ਬੇਅੰਤ ਭਗਵਾਨ ਅੰਦਰ ਬਾਹਰ ਹਰੇਕ ਸਰੀਰ ਵਿਚ ਮੌਜੂਦ ਹੈ। ਧਰਤੀ, ਅਕਾਸ਼ ਤੇ ਪਾਤਾਲ ਵਿਚ ਹੈ, ਸਾਰੇ ਭਵਨਾਂ ਵਿਚ ਮੌਜੂਦ ਹੈ ਤੇ ਸਭ ਦੀ ਪਾਲਨਾ ਕਰਦਾ ਹੈ।

ਉਹ ਪਾਰਬ੍ਰਹਮ ਜੰਗਲ ਵਿਚ ਹੈ, ਘਾਹ ਆਦਿਕ ਵਿਚ ਹੈ ਤੇ ਪਹਾੜ ਵਿਚ ਹੈ। ਜਿਹੋ ਜਿਹਾ ਉਹ ਹੁਕਮ ਕਰਦਾ ਹੈ, ਉਹੋ ਜਿਹਾ ਜੀਵ ਕੰਮ ਕਰਦਾ ਹੈ।

ਹਵਾ ਵਿਚ, ਪਾਣੀ ਵਿਚ, ਅੱਗ ਵਿਚ, ਚਹੁੰ ਕੁੰਟਾਂ ਵਿਚ, ਦਸੀਂ ਪਾਸੀਂ ਅਥਵਾ ਸਭ ਥਾਂ ਸਮਾਇਆ ਹੋਇਆ ਹੈ।

ਕੋਈ ਵੀ ਥਾਂ ਉਸ ਪ੍ਰਭੂ ਤੋਂ ਵੱਖਰਾ ਨਹੀਂ ਹੈ ਪਰ ਹੇ ਨਾਨਕ! ਇਸ ਨਿਸਚੇ ਦਾ ਅਨੰਦ ਗੁਰੂ ਕਿਰਪਾ ਨਾਲ ਮਿਲਦਾ ਹੈ॥ ੨॥

ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ॥ ਸਸੀਅਰ ਸੂਰ ਨਖ੍ਯ੍ਯਤ੍ਰ ਮਹਿ ਏਕੁ॥
ਬਾਣੀ ਪ੍ਰਭ ਕੀ ਸਭੁ ਕੋ ਬੋਲੈ॥ ਆਪਿ ਅਡੋਲੁ ਨ ਕਬਹੂ ਡੋਲੈ॥
ਸਰਬ ਕਲਾ ਕਰਿ ਖੇਲੈ ਖੇਲ॥ ਮੋਲਿ ਨ ਪਾਈਐ ਗੁਣਹ ਅਮੋਲ॥
ਸਰਬ ਜੋਤਿ ਮਹਿ ਜਾ ਕੀ ਜੋਤਿ॥ ਧਾਰਿ ਰਹਿਓ ਸੁਆਮੀ ਓਤਿ ਪੋਤਿ॥
ਗੁਰ ਪਰਸਾਦਿ ਭਰਮ ਕਾ ਨਾਸੁ॥ ਨਾਨਕ ਤਿਨ ਮਹਿ ਏਹੁ ਬਿਸਾਸੁ॥ ੩॥

ਪਦ ਅਰਥ : **ਸਸੀਅਰ**—ਚੰਦ। **ਸੂਰ**—ਸੂਰਜ। **ਨਖ੍ਯ੍ਯਤ੍ਰ**—ਤਾਰੇ। **ਕਲਾ**— ਤਾਕਤਾਂ। **ਗੁਣਹ ਅਮੋਲ**—ਅਮੋਲਕ ਗੁਣਾਂ ਵਾਲਾ ਹੈ। **ਧਾਰਿ ਰਹਿਓ**— ਆਸਰਾ ਦੇ ਰਿਹਾ ਹੈ। **ਓਤਿ ਪੋਤਿ**—ਤਾਣੇ ਪੇਟੇ ਵਾਂਗ। **ਬਿਸਾਸੁ**—ਵਿਸ਼ਵਾਸ, ਯਕੀਨ।

ਅਰਥ : ਵੇਦਾਂ ਵਿਚ, ਪੁਰਾਣਾਂ ਵਿਚ, ਸਿਮ੍ਰਤੀਆਂ ਵਿਚ ਉਸੇ ਪ੍ਰਭੂ ਨੂੰ ਦੇਖੋ। ਚੰਦ੍ਰਮਾ, ਸੂਰਜ, ਤਾਰਿਆਂ ਵਿਚ ਵੀ ਇਕ ਉਹੀ ਹੈ।

ਹਰੇਕ ਜੀਵ ਅਕਾਲ ਪੁਰਖ ਦੀ ਬੋਲੀ ਬੋਲਦਾ ਹੈ; ਭਾਵ, ਸਭ ਜੀਵਾਂ ਵਿਚ ਅਕਾਲ ਪੁਰਖ ਦੀ ਜੋਤਿ ਹੀ ਕੰਮ ਕਰ ਰਹੀ ਹੈ। ਪਰ ਸਭ ਵਿਚ ਹੁੰਦਿਆਂ ਵੀ ਉਹ ਆਪ ਅਡੋਲ ਹੈ, ਕਦੇ ਡੋਲਦਾ ਨਹੀਂ।

ਪ੍ਰਭੂ ਸਾਰੀਆਂ ਤਾਕਤਾਂ ਰਚ ਕੇ ਸੰਸਾਰ ਦੀਆਂ ਖੇਡਾਂ ਖੇਡ ਰਿਹਾ ਹੈ ਪਰ ਉਹ ਕਿਸੇ ਮੁੱਲ ਤੋਂ ਨਹੀਂ ਮਿਲਦਾ ਕਿਉਂਕਿ ਉਹ ਅਮੋਲਕ ਗੁਣਾਂ ਵਾਲਾ ਹੈ।

ਜਿਸ ਪ੍ਰਭੂ ਦੀ ਜੋਤਿ ਸਾਰੀਆਂ ਜੋਤਾਂ ਵਿਚ ਜਗ ਰਹੀ ਹੈ, ਉਹ ਮਾਲਕ ਤਾਣੇ ਪੇਟੇ ਵਾਂਗ ਸਭ ਨੂੰ ਆਸਰਾ ਦੇ ਰਿਹਾ ਹੈ।

ਪਰ ਹੇ ਨਾਨਕ! ਅਕਾਲ ਪੁਰਖ ਦੀ ਇਸ ਸਰਬ-ਵਿਆਪਕ ਹਸਤੀ ਦਾ ਇਹ ਯਕੀਨ ਉਨ੍ਹਾਂ ਮਨੁੱਖਾਂ ਦੇ ਅੰਦਰ ਬਣਦਾ ਹੈ, ਜਿਨ੍ਹਾਂ ਦਾ ਭਰਮ ਗੁਰੂ ਦੀ ਕਿਰਪਾ ਨਾਲ ਮਿਟ ਜਾਂਦਾ ਹੈ॥ ੩॥

ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ॥ ਸੰਤ ਜਨਾ ਕੈ ਹਿਰਦੈ ਸਭਿ ਧਰਮ॥
ਸੰਤ ਜਨਾ ਸੁਨਹਿ ਸੁਭ ਬਚਨ॥ ਸਰਬ ਬਿਆਪੀ ਰਾਮ ਸੰਗਿ ਰਚਨ॥
ਜਿਨਿ ਜਾਤਾ ਤਿਸ ਕੀ ਇਹ ਰਹਤ॥ ਸਤਿ ਬਚਨ ਸਾਧੂ ਸਭਿ ਕਹਤ॥
ਜੋ ਜੋ ਹੋਇ ਸੋਈ ਸੁਖੁ ਮਾਨੈ॥ ਕਰਨ ਕਰਾਵਨਹਾਰੁ ਪ੍ਰਭੁ ਜਾਨੈ॥

ਅੰਤਰਿ ਬਸੇ ਬਾਹਰਿ ਭੀ ਓਹੀ॥ ਨਾਨਕ ਦਰਸਨੁ ਦੇਖਿ ਸਭ ਮੋਹੀ॥੪॥

ਪਦ ਅਰਥ : ਪੇਖਨੁ—ਵੇਖਣਾ। ਸੁਭ—ਚੰਗੇ। ਰਹਿਤ—ਰਹਿਣੀ। ਮੋਹੀ—ਮਸਤ ਹੋ ਜਾਂਦੀ ਹੈ।

ਅਰਥ : ਸੰਤ ਜਨ ਹਰ ਥਾਂ ਅਕਾਲ ਪੁਰਖ ਨੂੰ ਹੀ ਦੇਖਦੇ ਹਨ। ਉਨ੍ਹਾਂ ਦੇ ਹਿਰਦੇ ਵਿਚ ਸਾਰੇ ਖਿਆਲ ਧਰਮ ਦੇ ਹੀ ਉਪਜਦੇ ਹਨ।

ਸੰਤ ਜਨ ਭਲੇ ਬਚਨ ਹੀ ਸੁਣਦੇ ਹਨ ਤੇ ਸਭ ਥਾਈਂ ਵਿਆਪਕ ਅਕਾਲ ਪੁਰਖ ਨਾਲ ਜੁੜੇ ਰਹਿੰਦੇ ਹਨ।

ਜਿਸ ਜਿਸ ਸੰਤ ਜਨ ਨੇ ਪ੍ਰਭੂ ਨੂੰ ਜਾਣ ਲਿਆ ਹੈ, ਉਸ ਦੀ ਰਹਿਣੀ ਹੀ ਇਹੋ ਹੋ ਜਾਂਦੀ ਹੈ ਕਿ ਉਹ ਸਦਾ ਸੱਚੇ ਬਚਨ ਬੋਲਦਾ ਹੈ;

ਤੇ ਜੋ ਕੁਝ ਪ੍ਰਭੂ ਵਲੋਂ ਹੁੰਦਾ ਹੈ, ਉਸੇ ਨੂੰ ਸੁਖ ਕਰਕੇ ਮੰਨਦਾ ਹੈ, ਸਭ ਕੰਮ ਕਰਨ ਵਾਲਾ ਤੇ ਜੀਆਂ ਪਾਸੋਂ ਕਰਾਉਣ ਵਾਲਾ, ਪ੍ਰਭੂ ਨੂੰ ਹੀ ਜਾਣਦਾ ਹੈ।

ਸਾਧੂ ਜਨਾਂ ਲਈ ਅੰਦਰ ਬਾਹਰ ਸਭ ਥਾਂ ਉਹੀ ਪ੍ਰਭੂ ਵੱਸਦਾ ਹੈ। ਹੇ ਨਾਨਕ! ਪ੍ਰਭੂ ਦਾ ਸਰਬ-ਵਿਆਪੀ ਦਰਸ਼ਨ ਕਰਕੇ ਸਾਰੀ ਸ੍ਰਿਸ਼ਟੀ ਮਸਤ ਹੋ ਜਾਂਦੀ ਹੈ॥ ੪॥

ਆਪਿ ਸਤਿ ਕੀਆ ਸਭੁ ਸਤਿ॥ ਤਿਸੁ ਪ੍ਰਭ ਤੇ ਸਗਲੀ ਉਤਪਤਿ॥
ਤਿਸੁ ਭਾਵੈ ਤਾ ਕਰੇ ਬਿਸਥਾਰੁ॥ ਤਿਸੁ ਭਾਵੈ ਤਾ ਏਕੰਕਾਰੁ॥
ਅਨਿਕ ਕਲਾ ਲਖੀ ਨਹ ਜਾਇ॥ ਜਿਸੁ ਭਾਵੈ ਤਿਸੁ ਲਏ ਮਿਲਾਇ॥
ਕਵਨ ਨਿਕਟਿ ਕਵਨ ਕਹੀਐ ਦੂਰਿ॥ ਆਪੇ ਆਪਿ ਆਪ ਭਰਪੂਰਿ॥
ਅੰਤਰਗਤਿ ਜਿਸੁ ਆਪਿ ਜਨਾਏ॥ ਨਾਨਕ ਤਿਸੁ ਜਨ ਆਪਿ ਬੁਝਾਏ॥੫॥

ਪਦ ਅਰਥ : ਸਤਿ—ਹੋਂਦ ਵਾਲਾ। ਉਤਪਤਿ—ਪੈਦਾਇਸ਼, ਸ੍ਰਿਸ਼ਟੀ। ਕਲਾ—ਤਾਕਤ। ਨਿਕਟਿ—ਨੇੜੇ। ਭਰਪੂਰਿ—ਵਿਆਪਕ। ਅੰਤਰਗਤਿ—ਅੰਦਰਲੀ ਉੱਚੀ ਅਵਸਥਾ। ਜਨਾਏ—ਸੁਝਾਉਂਦਾ ਹੈ।

ਅਰਥ : ਪ੍ਰਭੂ ਆਪ ਹੋਂਦ ਵਾਲਾ ਹੈ, ਜੋ ਕੁਝ ਉਸ ਨੇ ਪੈਦਾ ਕੀਤਾ ਹੈ ਉਹ ਸਭ ਹੋਂਦ ਵਾਲਾ ਹੈ, (ਭਾਵ, ਕੋਈ ਭਰਮ ਭੁਲੇਖਾ ਨਹੀਂ)। ਸਾਰੀ ਸ੍ਰਿਸ਼ਟੀ ਉਸ ਪ੍ਰਭੂ ਤੋਂ ਪੈਦਾ ਹੋਈ ਹੈ।

ਜੇ ਉਸ ਨੂੰ ਭਾਵੇ ਤਾਂ ਜਗਤ ਦਾ ਪਸਾਰਾ ਕਰ ਦਿੰਦਾ ਹੈ। ਜੇ ਭਾਵੇ ਤਾਂ ਫਿਰ ਇਕ ਆਪ ਹੀ ਹੋ ਜਾਂਦਾ ਹੈ।

ਉਸ ਦੀਆਂ ਅਨੇਕਾਂ ਤਾਕਤਾਂ ਹਨ, ਕਿਸੇ ਦਾ ਬਿਆਨ ਨਹੀ ਹੋ ਸਕਦਾ, ਜਿਸ ਉੱਤੇ ਖੁਸ਼ ਹੁੰਦਾ ਹੈ ਉਸ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ।

ਉਹ ਪ੍ਰਭੂ ਕਿਨ੍ਹਾਂ ਦੇ ਨੇੜੇ ਹੈ ਅਤੇ ਕਿਨ੍ਹਾਂ ਤੋਂ ਦੂਰ ਕਿਹਾ ਜਾ ਸਕਦਾ ਹੈ? ਉਹ ਪ੍ਰਭੂ ਤਾਂ ਆਪ ਹੀ ਸਭ ਥਾਈਂ ਮੌਜੂਦ ਹੈ।

ਜਿਸ ਮਨੁੱਖ ਨੂੰ ਪ੍ਰਭੂ ਆਪ ਅੰਦਰਲੀ ਉੱਚੀ ਅਵਸਥਾ ਸੁਝਾਉਂਦਾ ਹੈ, ਹੇ ਨਾਨਕ! ਉਸ ਮਨੁੱਖ ਨੂੰ ਆਪਣੀ ਇਸ ਸਰਬ-ਵਿਆਪਕਤਾ ਦੀ ਸੋਝੀ ਬਖਸ਼ਦਾ ਹੈ॥ ੫॥

ਸਰਬ ਭੂਤ ਆਪਿ ਵਰਤਾਰਾ॥ ਸਰਬ ਨੈਨ ਆਪਿ ਪੇਖਨਹਾਰਾ॥
ਸਗਲ ਸਮਗ੍ਰੀ ਜਾ ਕਾ ਤਨਾ॥ ਆਪਨ ਜਸੁ ਆਪ ਹੀ ਸੁਨਾ॥
ਆਵਨ ਜਾਨੁ ਇਕੁ ਖੇਲੁ ਬਨਾਇਆ॥ ਆਗਿਆਕਾਰੀ ਕੀਨੀ ਮਾਇਆ॥
ਸਭ ਕੈ ਮਧਿ ਅਲਿਪਤੋ ਰਹੈ॥ ਜੋ ਕਿਛੁ ਕਹਣਾ ਸੁ ਆਪੇ ਕਹੈ॥
ਆਗਿਆ ਆਵੈ ਆਗਿਆ ਜਾਇ॥ ਨਾਨਕ ਜਾ ਭਾਵੈ ਤਾ ਲਏ ਸਮਾਇ॥ ੬॥

ਪਦ ਅਰਥ : ਭੂਤ—ਜੀਵ। ਵਰਤਾਰਾ—ਵਰਤ ਰਿਹਾ ਅਥਵਾ ਮੌਜੂਦ ਹੈ। ਨੈਨ—ਅੱਖਾਂ। ਤਨਾ—ਤਨ, ਸਰੀਰ। ਅਗਿਆਕਾਰੀ—ਹੁਕਮ ਵਿਚ ਤੁਰਨ ਵਾਲੀ। ਮਧਿ—ਵਿਚ, ਅੰਦਰ। ਅਲਿਪਤੋ—ਨਿਰਲੇਪ।

ਅਰਥ : ਸਾਰੇ ਜੀਵਾਂ ਵਿਚ ਪ੍ਰਭੂ ਆਪ ਹੀ ਵਰਤ ਰਿਹਾ ਹੈ। ਉਨ੍ਹਾਂ ਜੀਵਾਂ ਦੀਆਂ ਸਾਰੀਆਂ ਅੱਖਾਂ ਵਿਚੋਂ ਪ੍ਰਭੂ ਆਪ ਹੀ ਵੇਖ ਰਿਹਾ ਹੈ। ਸੰਸਾਰ ਦੇ ਸਾਰੇ ਪਦਾਰਥ ਜਿਸ ਪ੍ਰਭੂ ਦਾ ਸਰੀਰ ਹਨ, ਸਭ ਵਿਚ ਵਿਆਪਕ ਹੋ ਕੇ ਉਹ ਆਪਣੀ ਸੋਭਾ ਆਪ ਹੀ ਸੁਣ ਰਿਹਾ ਹੈ।

ਜੀਵਾਂ ਦਾ ਜੰਮਣਾ ਮਰਨਾ ਪ੍ਰਭੂ ਨੇ ਖੇਡ ਬਣਾਈ ਹੈ ਤੇ ਆਪਣੇ ਹੁਕਮ ਵਿਚ ਤੁਰਨ ਵਾਲੀ ਮਾਇਆ ਬਣਾ ਦਿੱਤੀ ਹੈ।

ਪ੍ਰਭੂ ਸਭ ਵਿਚ ਸਮਾਇਆ ਹੋਇਆ ਹੈ ਪਰ ਸਭ ਤੋਂ ਨਿਰਲੇਪ ਹੈ। ਸੰਸਾਰ ਵਿਚ ਜੋ ਕੁਝ ਵੀ ਬੋਲਿਆ ਜਾ ਰਿਹਾ ਹੈ, ਅਸਲ ਵਿਚ ਉਹ ਆਪ ਹੀ ਜੀਵਾਂ ਵਿਚ ਹੋ ਕੇ ਬੋਲਦਾ ਹੈ।

ਹੇ ਨਾਨਕ! ਜੀਵ ਅਕਾਲ ਪੁਰਖ ਦੇ ਹੁਕਮ ਵਿਚ ਜੰਮਦਾ ਹੈ ਤੇ ਹੁਕਮ ਵਿਚ ਮਰਦਾ ਹੈ, ਜਦੋਂ ਉਸ ਦੀ ਰਜ਼ਾ ਹੁੰਦੀ ਹੈ ਤਾਂ ਉਹ ਜੀਵ ਨੂੰ ਆਪਣੇ ਵਿਚ ਸਮਾ ਲੈਂਦਾ ਹੈ॥ ੬॥

ਇਸ ਤੇ ਹੋਇ ਸੁ ਨਾਹੀ ਬੁਰਾ॥ ਓਰੈ ਕਹਹੁ ਕਿਨੈ ਕਛੁ ਕਰਾ॥
ਆਪਿ ਭਲਾ ਕਰਤੂਤਿ ਅਤਿ ਨੀਕੀ॥ ਆਪੇ ਜਾਨੈ ਅਪਨੇ ਜੀ ਕੀ॥
ਆਪਿ ਸਾਚੁ ਧਾਰੀ ਸਭ ਸਾਚੁ॥ ਓਤਿ ਪੋਤਿ ਆਪਨ ਸੰਗਿ ਰਾਚੁ॥
ਤਾ ਕੀ ਗਤਿ ਮਿਤਿ ਕਹੀ ਨ ਜਾਇ॥ ਦੂਸਰ ਹੋਇ ਤ ਸੋਝੀ ਪਾਇ॥
ਤਿਸ ਕਾ ਕੀਆ ਸਭੁ ਪਰਵਾਨੁ॥ ਗੁਰ ਪ੍ਰਸਾਦਿ ਨਾਨਕ ਇਹੁ ਜਾਨੁ॥ ੭॥

ਪਦ ਅਰਥ : ਇਸ ਤੇ—ਇਸ ਪ੍ਰਭੂ ਤੋਂ। ਓਰੈ—ਰੱਬ ਤੋਂ ਉਰੇ ਅਥਵਾ ਬਿਨਾਂ।

ਕਰਤੂਤਿ—ਕੰਮ। ਨੀਕੀ—ਚੰਗੀ। ਮਿਤਿ—ਮਿਣਤੀ।

ਅਰਥ : ਜੋ ਕੁਝ ਪ੍ਰਭੂ ਵਲੋਂ ਹੁੰਦਾ ਹੈ, ਜੀਆਂ ਵਾਸਤੇ ਮਾੜਾ ਨਹੀਂ ਹੁੰਦਾ ਤੇ ਪ੍ਰਭੂ ਤੋਂ ਬਿਨਾਂ ਕੀ ਕਿਸੇ ਨੇ ਕੁਝ ਕਰ ਵਿਖਾਇਆ ਹੈ?

ਪ੍ਰਭੂ ਆਪ ਚੰਗਾ ਹੈ, ਉਸ ਦਾ ਕੰਮ ਵੀ ਚੰਗਾ ਹੈ, ਆਪਣੇ ਦਿਲ ਦੀ ਗੱਲ ਉਹ ਆਪ ਹੀ ਜਾਣਦਾ ਹੈ।

ਪ੍ਰਭੂ ਆਪ ਹਸਤੀ (ਹੋਂਦ) ਵਾਲਾ ਹੈ, ਸਾਰੀ ਰਚਨਾ ਜੋ ਉਸ ਦੇ ਆਸਰੇ ਹੈ, ਉਹ ਵੀ ਹੋਂਦ ਵਾਲੀ ਹੈ (ਭਰਮ ਨਹੀਂ) ਅਤੇ ਤਾਣੇ ਪੇਟੇ ਵਾਂਗ ਉਸ ਨੇ ਆਪਣੇ ਨਾਲ ਮਿਲਾਈ ਹੋਈ ਹੈ।

ਉਹ ਪ੍ਰਭੂ ਕਿਹੋ ਜਿਹਾ ਹੈ ਤੇ ਕਿਡਾ ਵੱਡਾ ਹੈ, ਇਹ ਗੱਲ ਬਿਆਨ ਨਹੀਂ ਹੋ ਸਕਦੀ; ਕੋਈ ਦੂਜਾ ਵੱਖਰਾ ਹੋਵੇ ਤਾਂ ਸਮਝ ਸਕੇ।

ਪ੍ਰਭੂ ਦਾ ਕੀਤਾ ਹੋਇਆ ਸਭ ਜੀਵਾਂ ਨੂੰ ਸਿਰ-ਮੱਥੇ ਮੰਨਣਾ ਪੈਂਦਾ ਹੈ ਪਰ ਹੇ ਨਾਨਕ! ਇਹ ਸਮਝ ਗੁਰੂ ਦੀ ਕਿਰਪਾ ਨਾਲ ਆਉਂਦੀ ਹੈ॥ ੭॥

ਜੋ ਜਾਨੈ ਤਿਸੁ ਸਦਾ ਸੁਖੁ ਹੋਇ॥ ਆਪਿ ਮਿਲਾਇ ਲਏ ਪ੍ਰਭੁ ਸੋਇ॥
ਓਹੁ ਧਨਵੰਤੁ ਕੁਲਵੰਤੁ ਪਤਿਵੰਤੁ॥ ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ॥
ਧੰਨੁ ਧੰਨੁ ਧੰਨੁ ਜਨੁ ਆਇਆ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥
ਜਨ ਆਵਨ ਕਾ ਇਹੈ ਸੁਆਉ॥ ਜਨ ਕੈ ਸੰਗਿ ਚਿਤਿ ਆਵੈ ਨਾਉ॥
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥ ੮॥ ੨੩॥

ਪਦ ਅਰਥ : ਕੁਲਵੰਤੁ—ਚੰਗੀ ਕੁਲ ਵਾਲਾ। ਪਤਿਵੰਤੁ—ਇੱਜ਼ਤ ਵਾਲਾ। ਜੀਵਨ ਮੁਕਤਿ—ਜਿਸ ਨੇ ਜਿਊਂਦਿਆਂ ਹੀ ਮਾਇਆ ਦੇ ਬੰਧਨਾਂ ਤੋਂ ਮੁਕਤੀ ਪਾ ਲਈ ਹੈ। ਧੰਨ—ਮੁਬਾਰਕ। ਸੁਆਉ—ਮਨੋਰਥ।

ਅਰਥ : ਜੋ ਮਨੁੱਖ ਪ੍ਰਭੂ ਨਾਲ ਸਾਂਝ ਪਾ ਲੈਂਦਾ ਹੈ ਉਸ ਨੂੰ ਸਦਾ ਸੁਖ ਮਿਲਦਾ ਹੈ, ਪ੍ਰਭੂ ਉਸ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ।

ਜਿਸ ਮਨੁੱਖ ਦੇ ਹਿਰਦੇ ਵਿਚ ਭਗਵਾਨ ਵਸਦਾ ਹੈ, ਉਹ ਜਿਊਂਦਾ ਹੀ ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ, ਉਹ ਮਾਨੋ ਧਨ ਵਾਲਾ, ਉੱਚੀ ਕੁਲ ਵਾਲਾ ਤੇ ਇੱਜ਼ਤ ਵਾਲਾ ਬਣ ਜਾਂਦਾ ਹੈ।

ਜਿਸ ਮਨੁੱਖ ਦੀ ਮਿਹਰ ਨਾਲ ਸਾਰਾ ਸੰਸਾਰ ਹੀ ਤਰਦਾ ਹੈ (ਭਾਵ, ਜੀਵਨ ਸਫ਼ਲ ਕਰਦਾ ਹੈ), ਉਸ ਦਾ ਸੰਸਾਰ ਵਿਚ ਆਉਣਾ ਮੁਬਾਰਕ ਹੈ।

ਅਜਿਹੇ ਮਨੁੱਖ ਦੇ ਆਉਣ ਦਾ ਇਹੀ ਮਨੋਰਥ ਹੈ ਕਿ ਉਸ ਦੀ ਸੰਗਤ ਵਿਚ ਰਹਿ ਕੇ ਹੋਰ ਮਨੁੱਖਾਂ ਨੂੰ ਪ੍ਰਭੂ ਦਾ ਨਾਮ ਚੇਤੇ ਆਉਂਦਾ ਹੈ।

ਉਹ ਮਨੁੱਖ ਆਪ ਮਾਇਆ ਤੋਂ ਆਜ਼ਾਦ ਹੈ ਤੇ ਸੰਸਾਰ ਨੂੰ ਵੀ ਮੁਕਤ ਕਰਦਾ ਹੈ। ਹੇ ਨਾਨਕ! ਐਸੇ ਉੱਤਮ ਮਨੁੱਖ ਨੂੰ ਸਾਡੀ ਸਦਾ ਨਮਸਕਾਰ ਹੈ॥ ੮॥ ੨੩॥

॥ ਸਲੋਕੁ ॥

ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥
ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥ ੧ ॥

ਪਦ ਅਰਥ : ਪੂਰਾ—ਮੁਕੰਮਲ, ਸਦਾ ਕਾਇਮ ਰਹਿਣ ਵਾਲਾ। ਪੂਰਾ ਜਾ ਕਾ ਨਾਉ—ਜਿਸ ਦਾ ਨਾਮ ਸਦਾ ਕਾਇਮ ਰਹਿਣ ਵਾਲਾ ਹੈ, ਅਟੱਲ ਹੈ। ਆਰਾਧਿਆ—ਸਿਮਰਿਆ ਹੈ। ਪੂਰਾ ਪਾਇਆ—ਉਸ ਨੂੰ ਪੂਰਨ ਪ੍ਰਭੂ ਮਿਲ ਗਿਆ ਹੈ।

ਅਰਥ : ਜਿਸ ਮਨੁੱਖ ਨੇ ਅਟੱਲ ਨਾਮ ਵਾਲੇ ਪੂਰਨ ਪ੍ਰਭੂ ਨੂੰ ਸਿਮਰਿਆ ਹੈ, ਉਸ ਨੂੰ ਪੂਰਨ ਪ੍ਰਭੂ ਮਿਲ ਪਿਆ ਹੈ। ਹੇ ਨਾਨਕ! ਤੂੰ ਵੀ ਪੂਰਨ ਪ੍ਰਭੂ ਦੇ ਗੁਣ ਗਾ॥ ੧॥

ਅਸਟਪਦੀ ॥

ਪੂਰੇ ਗੁਰ ਕਾ ਸੁਨਿ ਉਪਦੇਸੁ ॥ ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥
ਸਾਸਿ ਸਾਸਿ ਸਿਮਰਹੁ ਗੋਬਿੰਦ ॥ ਮਨ ਅੰਤਰ ਕੀ ਉਤਰੈ ਚਿੰਦ ॥
ਆਸ ਅਨਿਤ ਤਿਆਗਹੁ ਤਰੰਗ ॥ ਸੰਤ ਜਨਾ ਕੀ ਧੂਰਿ ਮਨ ਮੰਗ ॥
ਆਪੁ ਛੋਡਿ ਬੇਨਤੀ ਕਰਹੁ ॥ ਸਾਧ ਸੰਗਿ ਅਗਨਿ ਸਾਗਰੁ ਤਰਹੁ ॥
ਹਰਿ ਧਨ ਕੇ ਭਰਿ ਲੇਹੁ ਭੰਡਾਰ ॥ ਨਾਨਕ ਗੁਰ ਪੂਰੇ ਨਮਸਕਾਰ ॥ ੧ ॥

ਪਦ ਅਰਥ : ਨਿਕਟਿ—ਨੇੜੇ। ਪੇਖੁ—ਵੇਖ। ਚਿੰਦ—ਚਿੰਤਾ। ਅਨਿਤ—ਨਿੱਤ ਨਾ ਰਹਿਣ ਵਾਲੀਆਂ। ਤਰੰਗ—ਲਹਿਰਾਂ। ਅਗਨਿ ਸਾਗਰੁ—ਵਿਕਾਰਾਂ ਦੀ ਅੱਗ ਦਾ ਸਮੁੰਦਰ। ਭੰਡਾਰ—ਖਜ਼ਾਨੇ।

ਅਰਥ : ਹੇ ਮਨ! ਪੂਰੇ ਸਤਿਗੁਰ ਦੀ ਸਿੱਖਿਆ ਸੁਣ ਕੇ ਅਕਾਲ ਪੁਰਖ ਨੂੰ (ਹਰ ਥਾਂ) ਨੇੜੇ ਜਾਣ ਕੇ ਵੇਖ।

ਹੇ ਭਾਈ! ਦਮ-ਬ-ਦਮ (ਹਰ ਸਮੇਂ) ਪ੍ਰਭੂ ਨੂੰ ਯਾਦ ਕਰ ਤਾਂ ਜੋ ਤੇਰੇ ਮਨ ਦੇ ਅੰਦਰ ਦੀ ਚਿੰਤਾ ਮਿਟ ਜਾਏ।

ਹੇ ਮਨ! ਨਿੱਤ ਨਾ ਰਹਿਣ ਵਾਲੀਆਂ ਚੀਜ਼ਾਂ ਦੀਆਂ ਆਸਾਂ ਦੀਆਂ ਲਹਿਰਾਂ ਛੱਡ ਦੇ ਅਤੇ ਸੰਤ ਜਨਾਂ ਦੇ ਚਰਨਾਂ ਦੀ ਧੂੜ ਮੰਗ।

ਹੇ ਭਾਈ! ਆਪਾ-ਭਾਵ ਛੱਡ ਕੇ ਪ੍ਰਭੂ ਦੇ ਅੱਗੇ ਅਰਦਾਸ ਕਰ ਤੇ ਇਸ ਤਰ੍ਹਾਂ ਸਾਧ ਸੰਗਤ ਵਿਚ ਰਹਿ ਕੇ ਵਿਕਾਰਾਂ ਦੀ ਅੱਗ ਦੇ ਸਮੁੰਦਰ ਤੋਂ ਪਾਰ ਲੰਘ।

ਹੇ ਨਾਨਕ! ਪ੍ਰਭੂ-ਨਾਮ ਰੂਪੀ ਧਨ ਦੇ ਖਜ਼ਾਨੇ ਭਰ ਲੈ ਅਤੇ ਪੂਰੇ ਸਤਿਗੁਰੂ ਨੂੰ ਨਮਸਕਾਰ ਕਰ॥ ੧॥

ਖੇਮ ਕੁਸਲ ਸਹਜ ਆਨੰਦ॥ ਸਾਧਸੰਗਿ ਭਜੁ ਪਰਮਾਨੰਦ॥
ਨਰਕ ਨਿਵਾਰਿ ਉਧਾਰਹੁ ਜੀਉ॥ ਗੁਨ ਗੋਬਿੰਦ ਅੰਮ੍ਰਿਤ ਰਸੁ ਪੀਉ॥
ਚਿਤਿ ਚਿਤਵਹੁ ਨਾਰਾਇਣ ਏਕ॥ ਏਕ ਰੂਪ ਜਾ ਕੇ ਰੰਗ ਅਨੇਕ॥
ਗੋਪਾਲ ਦਾਮੋਦਰ ਦੀਨ ਦਇਆਲ॥ ਦੁਖ ਭੰਜਨ ਪੂਰਨ ਕਿਰਪਾਲ॥
ਸਿਮਰਿ ਸਿਮਰਿ ਨਾਮੁ ਬਾਰੰਬਾਰ॥ ਨਾਨਕ ਜੀਅ ਕਾ ਇਹੈ ਅਧਾਰ॥ ੨॥

ਪਦ ਅਰਥ : ਖੇਮ—ਅਟੱਲ ਸੁਖ। ਕੁਸਲ—ਸੌਖਾ ਜੀਵਨ। ਨਿਵਾਰਿ—ਹਟਾ ਕੇ। ਉਧਾਰਹੁ—ਬਚਾ ਲੈ। ਜੀਉ—ਜਿੰਦ। ਚਿਤਵਹੁ—ਸੋਚੋ। ਦੁਖ ਭੰਜਨ—ਦੁੱਖਾਂ ਦਾ ਨਾਸ ਕਰਨ ਵਾਲਾ। ਜੀਅ ਕਾ—ਜਿੰਦ ਦਾ। ਅਧਾਰ—ਆਸਰਾ।

ਅਰਥ : ਹੇ ਭਾਈ! ਸਾਧ ਸੰਗਤ ਵਿਚ ਪਰਮ-ਸੁਖ ਪ੍ਰਭੂ ਨੂੰ ਸਿਮਰ। ਇਸ ਤਰ੍ਹਾਂ ਅਟੱਲ ਸੁਖ, ਸੌਖਾ ਜੀਵਨ ਤੇ ਆਤਮਕ ਅਡੋਲਤਾ ਦਾ ਅਨੰਦ ਪ੍ਰਾਪਤ ਹੋਣਗੇ।

ਗੋਬਿੰਦ ਦੇ ਗੁਣ ਗਾ, ਨਾਮ-ਅੰਮ੍ਰਿਤ ਦਾ ਰਸ ਪੀ, ਇਸ ਤਰ੍ਹਾਂ ਨਰਕਾਂ ਨੂੰ ਦੂਰ ਕਰ ਕੇ ਜਿੰਦ ਨੂੰ ਬਚਾ ਲੈ।

ਜਿਸ ਇਕ ਅਕਾਲ ਪੁਰਖ ਦੇ ਅਨੇਕਾਂ ਰੰਗ ਹਨ, ਉਸ ਇਕ ਪ੍ਰਭੂ ਦਾ ਧਿਆਨ ਚਿਤ ਵਿਚ ਧਰੋ।

ਦੀਨਾਂ ਉੱਤੇ ਦਇਆ ਕਰਨ ਵਾਲਾ, ਗੋਪਾਲ, ਦਮੋਦਰ, ਦੁੱਖਾਂ ਦਾ ਨਾਸ ਕਰਨ ਵਾਲਾ, ਸਭ ਵਿਚ ਵਿਆਪਕ ਤੇ ਜੋ ਮਿਹਰ ਦਾ ਘਰ ਹੈ;

ਹੇ ਨਾਨਕ! ਉਸ ਦਾ ਨਾਮ ਬਾਰ ਬਾਰ ਯਾਦ ਕਰ, ਜਿੰਦ ਦਾ ਆਸਰਾ ਇਹ ਨਾਮ ਹੀ ਹੈ॥ ੨॥

ਉਤਮ ਸਲੋਕ ਸਾਧ ਕੇ ਬਚਨ॥ ਅਮੁਲੀਕ ਲਾਲ ਏਹਿ ਰਤਨ॥
ਸੁਨਤ ਕਮਾਵਤ ਹੋਤ ਉਧਾਰ॥ ਆਪਿ ਤਰੈ ਲੋਕਹ ਨਿਸਤਾਰ॥
ਸਫਲ ਜੀਵਨੁ ਸਫਲੁ ਤਾ ਕਾ ਸੰਗੁ॥ ਜਾ ਕੈ ਮਨਿ ਲਾਗਾ ਹਰਿ ਰੰਗੁ॥
ਜੈ ਜੈ ਸਬਦੁ ਅਨਾਹਦੁ ਵਾਜੈ॥ ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ॥
ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ॥ ਨਾਨਕ ਉਧਰੇ ਤਿਨ ਕੈ ਸਾਥੇ॥ ੩॥

ਪਦ ਅਰਥ : ਸਲੋਕ—ਸਿਫਤ-ਸਲਾਹ ਦੀ ਬਾਣੀ। ਅਮੁਲੀਕ—ਅਮੋਲਕ। ਨਿਸਤਾਰ—ਨਿਸਤਾਰਾ। ਸਫਲ—ਪੂਰੀਆਂ ਮੁਰਾਦਾਂ ਵਾਲਾ। ਜੈ ਜੈ ਸਬਦੁ—ਫ਼ਤਹਿ ਦੀ ਅਵਾਜ਼, ਚੜ੍ਹਦੀ ਕਲਾ ਦੀ ਰੌ। ਅਨਾਹਦੁ—ਇਕ-ਰਸ, ਸਦਾ। ਗਾਜੈ—ਗੱਜਦਾ ਹੈ, ਨੂਰ ਪ੍ਰਗਟ ਕਰਦਾ ਹੈ। ਮਹਾਂਤ—ਉੱਚੀ ਕਰਣੀ ਵਾਲਾ ਮਨੁੱਖ।

ਅਰਥ : ਗੁਰੂ ਦੇ ਬਚਨ ਸਭ ਤੋਂ ਚੰਗੀ ਸਿਫਤ-ਸਲਾਹ ਦੀ ਬਾਣੀ ਹਨ। ਇਹ ਅਮੋਲਕ ਲਾਲ ਹਨ, ਅਮੋਲਕ ਰਤਨ ਹਨ।

ਇਨ੍ਹਾਂ ਬਚਨਾਂ ਨੂੰ ਸੁਣਿਆਂ ਤੇ ਕਮਾਇਆਂ ਬੇੜਾ ਪਾਰ ਹੁੰਦਾ ਹੈ। ਜੋ ਕਮਾਉਂਦਾ

ਹੈ, ਉਹ ਆਪ ਤਰਦਾ ਹੈ ਤੇ ਲੋਕਾਂ ਦਾ ਵੀ ਨਿਸਤਾਰਾ ਕਰਦਾ ਹੈ।

ਜਿਸ ਮਨੁੱਖ ਦੇ ਮਨ ਵਿਚ ਪ੍ਰਭੂ ਦਾ ਪਿਆਰ ਬਣ ਜਾਂਦਾ ਹੈ, ਉਸ ਦਾ ਜੀਵਨ ਪੂਰੀਆਂ ਮੁਰਾਦਾਂ ਵਾਲਾ (ਸਫ਼ਲ) ਹੁੰਦਾ ਹੈ, ਉਸ ਦੀ ਸੰਗਤ ਹੋਰਨਾਂ ਦੀਆਂ ਮੁਰਾਦਾਂ ਪੂਰੀਆਂ ਕਰਦੀ ਹੈ।

ਉਸ ਦੇ ਅੰਦਰ ਚੜ੍ਹਦੀਆਂ ਕਲਾਂ ਦੀ ਰੌ ਸਦਾ ਚਲਦੀ ਹੈ, ਜਿਸ ਨੂੰ ਸੁਣ ਕੇ ਉਹ ਖੁਸ਼ ਹੁੰਦਾ ਹੈ ਕਿਉਂਕਿ ਪ੍ਰਭੂ ਉਸ ਦੇ ਅੰਦਰ ਆਪਣਾ ਨੂਰ ਰੌਸ਼ਨ ਕਰਦਾ ਹੈ।

ਗੋਪਾਲ ਪ੍ਰਭੂ ਜੀ ਉੱਚੀ ਕਰਣੀ ਵਾਲੇ ਬੰਦੇ ਦੇ ਮੱਥੇ ਉੱਤੇ (ਅਰਥਾਤ ਹਿਰਦੇ ਵਿਚ) ਪ੍ਰਗਟ ਹੁੰਦੇ ਹਨ। ਹੇ ਨਾਨਕ! ਅਜਿਹੇ ਬੰਦੇ ਦੇ ਨਾਲ ਹੋਰ ਕਈ ਮਨੁੱਖਾਂ ਦਾ ਬੇੜਾ ਪਾਰ ਹੋ ਜਾਂਦਾ ਹੈ॥ ੩॥

ਸਰਨਿ ਜੋਗੁ ਸੁਨਿ ਸਰਨੀ ਆਏ॥ ਕਰਿ ਕਿਰਪਾ ਪ੍ਰਭ ਆਪ ਮਿਲਾਏ॥
ਮਿਟਿ ਗਏ ਬੈਰ ਭਏ ਸਭ ਰੇਨ॥ ਅੰਮ੍ਰਿਤ ਨਾਮੁ ਸਾਧਸੰਗਿ ਲੈਨ॥
ਸੁਪ੍ਰਸੰਨ ਭਏ ਗੁਰਦੇਵ॥ ਪੂਰਨ ਹੋਈ ਸੇਵਕ ਕੀ ਸੇਵ॥
ਆਲ ਜੰਜਾਲ ਬਿਕਾਰ ਤੇ ਰਹਤੇ॥ ਰਾਮ ਨਾਮ ਸੁਨਿ ਰਸਨਾ ਕਹਤੇ॥
ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ॥ ਨਾਨਕ ਨਿਬਹੀ ਖੇਪ ਹਮਾਰੀ॥ ੪॥

ਪਦ ਅਰਥ : ਆਲ ਜੰਜਾਲ—ਘਰ ਦੇ ਧੰਦੇ। ਰਹਤੇ—ਬਚ ਗਏ ਹਾਂ। ਨਿਬਹੀ—ਕਬੂਲ ਹੋ ਗਈ ਹੈ। ਖੇਪ—ਲੱਦਿਆ ਹੋਇਆ ਸੌਦਾ।

ਅਰਥ : ਹੇ ਪ੍ਰਭੂ! ਇਹ ਸੁਣ ਕੇ ਕਿ ਤੂੰ ਦਰ-ਢੱਠਿਆਂ ਦੀ ਬਾਂਹ ਫੜਨ ਜੋਗਾ ਹੈਂ, ਅਸੀਂ ਤੇਰੇ ਦਰ 'ਤੇ ਆਏ ਹਾਂ। ਤੂੰ ਮਿਹਰ ਕਰਕੇ ਸਾਨੂੰ ਆਪਣੇ ਨਾਲ ਮੇਲ ਲਿਆ ਹੈ।

ਹੁਣ ਸਾਡੇ ਵੈਰ ਮਿਟ ਗਏ ਹਨ, ਅਸੀਂ ਸਭ ਦੇ ਚਰਨਾਂ ਦੀ ਧੂੜ ਹੋ ਗਏ ਹਾਂ। ਹੁਣ ਸਾਧ-ਸੰਗਤ ਵਿਚ ਅਮਰ ਕਰਨ ਵਾਲਾ ਨਾਮ ਜਪ ਰਹੇ ਹਾਂ।

ਗੁਰਦੇਵ ਜੀ ਸਾਡੇ ਉੱਤੇ ਤਰੁੱਠ ਪਏ ਹਨ, ਇਸ ਲਈ ਸੇਵਕਾਂ ਦੀ (ਸਾਡੀ) ਸੇਵਾ ਸਿਰੇ ਚੜ੍ਹ ਗਈ ਹੈ।

ਅਸੀਂ ਹੁਣ ਘਰ ਦੇ ਧੰਦਿਆਂ ਤੇ ਵਿਕਾਰਾਂ ਤੋਂ ਬਚ ਗਏ ਹਾਂ, ਪ੍ਰਭੂ ਦਾ ਨਾਮ ਸੁਣ ਕੇ ਜੀਭ ਨਾਲ ਵੀ ਉਚਾਰਦੇ ਹਾਂ।

ਹੇ ਨਾਨਕ! ਪ੍ਰਭੂ ਨੇ ਮਿਹਰ ਕਰਕੇ ਸਾਡੇ ਉੱਤੇ ਦਇਆ ਕੀਤੀ ਹੈ ਤੇ ਸਾਡਾ ਕੀਤਾ ਹੋਇਆ ਵਣਜ ਦਰਗਾਹ ਵਿਚ ਕਬੂਲ ਹੋ ਗਿਆ ਹੈ॥ ੪॥

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥ ਸਾਵਧਾਨ ਏਕਾਗਰ ਚੀਤ॥
ਸੁਖਮਨੀ ਸਹਜ ਗੋਬਿੰਦ ਗੁਨ ਨਾਮ॥ ਜਿਸੁ ਮਨਿ ਬਸੈ ਸੁ ਹੋਤ ਨਿਧਾਨ॥
ਸਰਬ ਇਛਾ ਤਾ ਕੀ ਪੂਰਨ ਹੋਇ॥ ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ॥

ਸਭ ਤੇ ਊਚ ਪਾਏ ਅਸਥਾਨੁ ॥ ਬਹੁਰਿ ਨ ਹੋਵੈ ਆਵਨ ਜਾਨੁ ॥
ਹਰਿ ਧਨੁ ਖਾਟਿ ਚਲੈ ਜਨੁ ਸੋਇ ॥ ਨਾਨਕ ਜਿਸਹਿ ਪਰਾਪਤਿ ਹੋਇ ॥ ੫ ॥

ਪਦ ਅਰਥ : **ਸਾਵਧਾਨ**—ਧਿਆਨ ਨਾਲ। **ਏਕਾਗਰ**—ਇਕ ਨਿਸਾਨੇ 'ਤੇ ਟਿਕਿਆ ਹੋਇਆ। **ਸਹਜ**—ਅਡੋਲ ਅਵਸਥਾ। **ਨਿਧਾਨ**—ਖਜ਼ਾਨਾ। **ਪ੍ਰਧਾਨ**—ਸਭ ਤੋਂ ਵੱਡਾ। **ਪ੍ਰਗਟੁ**—ਪ੍ਰਸਿੱਧ। **ਲੋਇ**—ਲੋਕ (ਜਗਤ) ਵਿਚ। **ਆਵਨ ਜਾਨੁ**—ਜੰਮਣਾ ਮਰਨਾ।

ਅਰਥ : ਹੇ ਸੰਤ ਮਿੱਤਰ! ਧਿਆਨ ਨਾਲ ਚਿੱਤ ਨੂੰ ਇਕ ਨਿਸ਼ਾਨੇ 'ਤੇ ਟਿਕਾ ਕੇ ਅਕਾਲ ਪੁਰਖ ਦੀ ਸਿਫਤ-ਸਲਾਹ ਕਰੋ।

ਪ੍ਰਭੂ ਦੀ ਸਿਫਤ-ਸਲਾਹ ਤੇ ਪ੍ਰਭੂ ਦਾ ਨਾਮ ਅਡੋਲ ਅਵਸਥਾ ਦਾ ਕਾਰਨ ਹੈ ਤੇ ਸੁਖਾਂ ਦੀ ਮਣੀ (ਰਤਨ) ਹੈ। ਜਿਸ ਦੇ ਮਨ ਵਿਚ ਨਾਮ ਵਸਦਾ ਹੈ, ਉਹ ਗੁਣਾਂ ਦਾ ਖਜ਼ਾਨਾ ਬਣ ਜਾਂਦਾ ਹੈ।

ਉਸ ਮਨੁੱਖ ਦੀ ਇੱਛਿਆ ਸਾਰੀ ਪੂਰੀ ਹੋ ਜਾਂਦੀ ਹੈ, ਉਹ ਬੰਦਾ ਸਭ ਤੋਂ ਵੱਡਾ ਹੋ ਜਾਂਦਾ ਹੈ ਤੇ ਸਾਰੇ ਸੰਸਾਰ ਵਿਚ ਉੱਘਾ ਹੋ ਜਾਂਦਾ ਹੈ।

ਉਸ ਨੂੰ ਉੱਚੇ ਤੋਂ ਉੱਚਾ ਟਿਕਾਣਾ ਮਿਲ ਜਾਂਦਾ ਹੈ, ਮੁੜ ਉਸ ਨੂੰ ਜਨਮ ਮਰਨ ਦਾ ਗੇੜ ਨਹੀਂ ਪੈਂਦਾ ।

ਹੇ ਨਾਨਕ! ਜਿਸ ਮਨੁੱਖ ਨੂੰ ਧੁਰੋਂ ਇਹ ਦਾਤਿ ਮਿਲਦੀ ਹੈ, ਉਹ ਮਨੁੱਖ ਪ੍ਰਭੂ ਦਾ ਨਾਮ-ਰੂਪ ਧਨ ਖੱਟ ਕੇ ਸੰਸਾਰ ਤੋਂ ਜਾਂਦਾ ਹੈ॥ ੫॥

ਖੇਮ ਸਾਂਤਿ ਰਿਧਿ ਨਵ ਨਿਧਿ ॥ ਬੁਧਿ ਗਿਆਨੁ ਸਰਬ ਤਹ ਸਿਧਿ ॥
ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥ ਗਿਆਨੁ ਸ੍ਰੇਸਟ ਊਤਮ ਇਸਨਾਨੁ ॥
ਚਾਰਿ ਪਦਾਰਥ ਕਮਲ ਪ੍ਰਗਾਸ ॥ ਸਭ ਕੈ ਮਧਿ ਸਗਲ ਤੇ ਉਦਾਸ ॥
ਸੁੰਦਰੁ ਚਤੁਰੁ ਤਤ ਕਾ ਬੇਤਾ ॥ ਸਮਦਰਸੀ ਏਕ ਦ੍ਰਿਸਟੇਤਾ ॥
ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥ ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥ ੬ ॥

ਪਦ ਅਰਥ : **ਖੇਮ**—ਅਟੱਲ ਸੁਖ। **ਰਿਧਿ**—ਯੋਗ ਦੀਆਂ ਤਾਕਤਾਂ। **ਨਵ ਨਿਧਿ**—ਨੌਂ ਖਜ਼ਾਨੇ, ਜਗਤ ਦੇ ਸਾਰੇ ਪਦਾਰਥ। **ਸਿਧਿ**—ਕਰਾਮਾਤਾਂ। **ਕਮਲ ਪ੍ਰਗਾਸ**—ਹਿਰਦੇ ਰੂਪ ਕਉਲ ਫੁੱਲ ਦਾ ਖੇੜਾ। **ਤਤ ਕਾ ਬੇਤਾ**—ਪ੍ਰਭੂ ਦਾ ਮਹਿਰਮ। **ਸਮਦਰਸੀ**—ਸਭ ਨੂੰ ਇਕੋ ਜਿਹਾ ਵੇਖਣ ਵਾਲਾ। **ਮੁਖਿ**—ਮੂੰਹ ਤੋਂ। **ਭਨੇ**—ਉਚਾਰਿਆ।

ਅਰਥ : ਅਟੱਲ ਸੁਖ, ਮਨ ਦਾ ਟਿਕਾਉ, ਰਿੱਧੀਆਂ, ਨੌਂ ਖਜ਼ਾਨੇ, ਅਕਲ, ਗਿਆਨ ਤੇ ਸਾਰੀਆਂ ਕਰਾਮਾਤਾਂ ਉਸ ਮਨੁੱਖ ਵਿਚ ਆ ਜਾਂਦੀਆਂ ਹਨ;

ਵਿੱਦਿਆ, ਤਪ, ਜੋਗ, ਪ੍ਰਭੂ ਦਾ ਧਿਆਨ, ਸ੍ਰੇਸ਼ਟ ਗਿਆਨ, ਚੰਗੇ ਤੋਂ ਚੰਗਾ ਇਸ਼ਨਾਨ;

ਚਾਰੇ ਪਦਾਰਥ (ਧਰਮ, ਅਰਥ, ਕਾਮ, ਮੋਖ), ਹਿਰਦੇ ਰੂਪੀ ਕਮਲ ਦਾ ਖੇੜਾ, ਸਾਰਿਆਂ ਦੇ ਵਿਚ ਰਹਿੰਦਿਆਂ ਸਭ ਤੋਂ ਉਪਰਾਮ ਰਹਿਣਾ;

ਸੋਹਣਾ, ਸਿਆਣਾ, ਜਗਤ ਦੇ ਮੂਲ ਪ੍ਰਭੂ ਦਾ ਮਹਿਰਮ, ਸਭ ਨੂੰ ਇਕੋ ਜਿਹਾ ਜਾਣਨਾ ਤੇ ਸਭ ਨੂੰ ਇਕ ਨਜ਼ਰ ਨਾਲ ਦੇਖਣਾ;

ਇਹ ਸਾਰੇ ਫਲ, ਹੇ ਨਾਨਕ! ਉਸ ਮਨੁੱਖ ਦੇ ਅੰਦਰ ਆ ਵੱਸਦੇ ਹਨ, ਜੋ ਗੁਰੂ ਦੇ ਬਚਨ ਤੇ ਪ੍ਰਭੂ ਦਾ ਨਾਮ ਮੂੰਹੋਂ ਉਚਾਰਦਾ ਹੈ ਤੇ ਮਨ ਲਾ ਕੇ ਸੁਣਦਾ ਹੈ॥ ੬॥

ਇਹੁ ਨਿਧਾਨੁ ਜਪੈ ਮਨਿ ਕੋਇ॥ ਸਭ ਜੁਗ ਮਹਿ ਤਾ ਕੀ ਗਤਿ ਹੋਇ॥
ਗੁਣ ਗੋਬਿੰਦ ਨਾਮ ਧੁਨਿ ਬਾਣੀ॥ ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ॥
ਸਗਲ ਮਤਾਂਤ ਕੇਵਲ ਹਰਿ ਨਾਮ॥ ਗੋਬਿੰਦ ਭਗਤ ਕੈ ਮਨਿ ਬਿਸ੍ਰਾਮ॥
ਕੋਟਿ ਅਪ੍ਰਾਧ ਸਾਧ ਸੰਗਿ ਮਿਟੈ॥ ਸੰਤ ਕ੍ਰਿਪਾ ਤੇ ਜਮ ਤੇ ਛੁਟੈ॥
ਜਾ ਕੈ ਮਸਤਕਿ ਕਰਮ ਪ੍ਰਭਿ ਪਾਏ॥ ਸਾਧ ਸਰਣਿ ਨਾਨਕ ਤੇ ਆਏ॥ ੭॥

ਪਦ ਅਰਥ : **ਜੁਗ**—(ਜ਼ਿੰਦਗੀ ਦਾ) ਸਮਾਂ। **ਗਤਿ**—ਉੱਚੀ ਅਵਸਥਾ। **ਨਾਮ ਧੁਨਿ**—ਪ੍ਰਭੂ ਦੇ ਨਾਮ ਦੀ ਧੁਨੀ। **ਬਾਣੀ**—ਬਚਨ। **ਬਖਾਣੀ**—ਕਹੀ ਹੈ। **ਮਤਾਂਤ**—ਮਤਾਂ ਦਾ ਅੰਤ (ਸਿੱਟਾ)। **ਕਰਮ**—ਬਖਸ਼ਸ਼।

ਅਰਥ : ਜਿਹੜਾ ਵੀ ਮਨੁੱਖ ਇਸ ਨਾਮ ਨੂੰ ਜਪਦਾ ਹੈ, ਹਰ ਸਮੇਂ, ਭਾਵ, ਸਾਰੀ ਉਮਰ ਉਸ ਦੀ ਉੱਚੀ ਆਤਮਕ ਅਵਸਥਾ ਬਣੀ ਰਹਿੰਦੀ ਹੈ।

ਉਸ ਮਨੁੱਖ ਦੇ ਸਾਧਾਰਨ ਬਚਨ ਵੀ ਗੋਬਿੰਦ ਦੇ ਗੁਣ ਤੇ ਨਾਮ ਦੀ ਧੁਨੀ ਹੀ ਹੁੰਦੇ ਹਨ। ਸਿਮ੍ਰਿਤੀਆਂ, ਸ਼ਾਸਤ੍ਰਾਂ ਤੇ ਵੇਦਾਂ ਨੇ ਵੀ ਇਹ ਗੱਲ ਆਖੀ ਹੈ।

ਸਾਰੇ ਮਤਾਂ ਦਾ ਨਿਚੋੜ ਪ੍ਰਭੂ ਦਾ ਨਾਮ ਹੀ ਹੈ। ਇਸ ਨਾਮ ਦਾ ਨਿਵਾਸ ਪ੍ਰਭੂ ਦੇ ਭਗਤ ਦੇ ਮਨ ਵਿਚ ਹੁੰਦਾ ਹੈ।

ਜੋ ਮਨੁੱਖ ਨਾਮ ਜਪਦਾ ਹੈ ਉਸ ਦੇ ਕਰੋੜਾਂ ਪਾਪ ਸਤਿਸੰਗ ਵਿਚ ਰਹਿ ਕੇ ਮਿਟ ਜਾਂਦੇ ਹਨ, ਗੁਰੂ ਦੀ ਕਿਰਪਾ ਨਾਲ ਉਹ ਮਨੁੱਖ ਜਮਾਂ ਤੋਂ ਬਚ ਜਾਂਦਾ ਹੈ।

ਪਰ ਹੇ ਨਾਨਕ! ਜਿਨ੍ਹਾਂ ਦੇ ਮੱਥੇ ਉੱਤੇ ਪ੍ਰਭੂ ਨੇ ਨਾਮ ਦੀ ਬਖਸ਼ਸ਼ ਦੇ ਲੇਖ ਲਿਖ ਧਰੇ ਹਨ, ਉਹ ਮਨੁੱਖ ਗੁਰੂ ਦੀ ਸ਼ਰਨ ਆਉਂਦੇ ਹਨ॥ ੭॥

ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥
ਜਨਮ ਮਰਨ ਤਾ ਕਾ ਦੂਖੁ ਨਿਵਾਰੈ॥ ਦੁਲਭ ਦੇਹ ਤਤਕਾਲ ਉਧਾਰੈ॥
ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ॥ ਏਕੁ ਨਾਮੁ ਮਨ ਮਾਹਿ ਸਮਾਨੀ॥
ਦੂਖ ਰੋਗ ਬਿਨਸੇ ਭੈ ਭਰਮ॥ ਸਾਧ ਨਾਮ ਨਿਰਮਲ ਤਾ ਕੇ ਕਰਮ॥
ਸਭ ਤੇ ਊਚ ਤਾ ਕੀ ਸੋਭਾ ਬਨੀ॥ ਨਾਨਕ ਇਹ ਗੁਣਿ ਨਾਮੁ ਸੁਖਮਨੀ॥ ੮॥ ੨੪॥

ਪਦ ਅਰਥ : **ਤਤਕਾਲ**—ਉਸ ਵੇਲੇ। **ਸੁਖਮਨੀ**—ਸੁਖਾਂ ਦੀ ਮਣੀ।

ਅਰਥ : ਜਿਸ ਮਨੁੱਖ ਦੇ ਮਨ ਵਿਚ ਨਾਮ ਵਸਦਾ ਹੈ, ਜੋ ਪ੍ਰੀਤ ਲਾ ਕੇ ਨਾਮ ਸੁਣਦਾ ਹੈ, ਉਸ ਨੂੰ ਪ੍ਰਭੂ ਚੇਤੇ ਆਉਂਦਾ ਹੈ।

ਉਸ ਮਨੁੱਖ ਦਾ ਜੰਮਣ ਮਰਨ ਦਾ ਕਸ਼ਟ ਕੱਟਿਆ ਜਾਂਦਾ ਹੈ, ਉਹ ਇਸ ਦੁਰਲਭ ਮਨੁੱਖਾ ਸਰੀਰ ਨੂੰ ਉਸ ਵੇਲੇ ਵਿਕਾਰਾਂ ਵਲੋਂ ਬਚਾ ਲੈਂਦਾ ਹੈ।

ਉਸ ਦੀ ਬੇ-ਦਾਗ਼ ਸ਼ੋਭਾ ਤੇ ਉਸ ਦੇ ਬਚਨ ਨਾਮ-ਅੰਮ੍ਰਿਤ ਨਾਲ ਭਰਪੂਰ ਹੁੰਦੇ ਹਨ ਕਿਉਂਕਿ ਉਸ ਦੇ ਮਨ ਵਿਚ ਪ੍ਰਭੂ ਦਾ ਨਾਮ ਵਸਿਆ ਰਹਿੰਦਾ ਹੈ।

ਉਸ ਦੇ ਦੁੱਖ, ਰੋਗ, ਡਰ ਤੇ ਵਹਿਮ ਨਾਸ ਹੋ ਜਾਂਦੇ ਹਨ, ਉਸ ਦਾ ਨਾਮ 'ਸਾਧ' ਪੈ ਜਾਂਦਾ ਹੈ ਤੇ ਉਸ ਦੇ ਕੰਮ ਵਿਕਾਰਾਂ ਦੀ ਮੈਲ ਤੋਂ ਸਾਫ਼ ਹੋ ਜਾਂਦੇ ਹਨ।

ਸਭ ਤੋਂ ਉੱਚੀ ਸੋਭਾ ਉਸ ਨੂੰ ਮਿਲਦੀ ਹੈ। ਹੇ ਨਾਨਕ! ਇਸ ਗੁਣ ਦੇ ਕਾਰਨ ਪ੍ਰਭੂ ਦਾ ਨਾਮ ਸੁਖਾਂ ਦੀ ਮਣੀ ਹੈ॥ ੮॥ ੨੪॥

* * *